
# ਮਸਕੀਨ ਜੀ ਦੇ ਲੈਕਚਰ



ਭਾਗ ਪਹਿਲਾ

ੴ ਸਤਿਗੁਰਪ੍ਰਸਾਦਿ ॥

# ਮਸਕੀਨ ਜੀ ਦੇ ਲੈਕਚਰ

## ਭਾਗ ਪਹਿਲਾ

ਗਿਆਨੀ ਸਰੂਪ ਸਿੰਘ ਕੜਿਆਣਾ ★ ਪੰਥਕ ਢਾਡੀ ਜੱਥਾ 98150-03075 ★ ਪਿੰਡ ਕੜਿਆਣਾ ਤਹਿ. ਫਿਲੌਰ (ਜਲੰਧਰ)

ਸੰਪਾਦਕ :
**ਡਾਕਟਰ ਅਨੋਖ ਸਿੰਘ**
ਟਿੱਬੀ (ਸ੍ਰੀ ਗੰਗਾਨਗਰ)

ਸਿੰਘ ਬ੍ਰਦਰਜ਼
ਅੰਮ੍ਰਿਤਸਰ

MASKEEN JI DE LECTURE – I

*by*

GIANI SANT SINGH "MASKEEN"

ISBN 81-7205-079-8

ਪਹਿਲੀ ਵਾਰ ਅਕਤੂਬਰ 1976
ਸਤਵੀਂ ਵਾਰ ਸਤੰਬਰ 1997
ਅਠਵੀਂ ਵਾਰ ਜੂਨ 2001
ਨੌਵੀਂ ਵਾਰ ਅਪ੍ਰੈਲ 2003

**ਮੁੱਲ : 40-00 ਰੁਪਏ**

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ. ਫਿਲੌਰ (ਜਲੰਧਰ)

—ਧੰਨਵਾਦ (ਲੇਖਕ) ੫

—ਮੁਖਬੰਧ (ਸਿੰਘ ਸਾਹਿਬ ਗਿ: ਕਿਰਪਾਲ ਸਿੰਘ ਜੀ) ੭

—ਪੁਸਤਕ ਬਾਰੇ (ਸਿੰਘ ਸਾਹਿਬ ਗਿ: ਕਿਰਪਾਲ ਸਿੰਘ ਜੀ) ੧੧

- ਮਨਮੁਖ ਦਾ ਸੁਭਾ ੧੩
- ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ੩੩
- ਨਿਸ਼ਾਨਿ ਸਿੱਖੀ ਈਂ ਪੰਜ ਹਰਫ਼ ਕਾਫ਼ (੧) ੪੨
- ਸਤਿ-ਸੰਗਤ ੬੦
- ਨਿਸ਼ਾਨਿ ਸਿੱਖੀ ਈਂ ਪੰਜ ਹਰਫ਼ ਕਾਫ਼ (੨) ੭੫
- ਪਵਿੱਤਰ ਲਹੂ ੮੫
- ਪੂਰਨ ਮਨੁੱਖ ੮੯

# ਧੰਨਵਾਦ

ਕਈ ਸੱਜਣਾਂ ਦੇ ਪ੍ਰਤਿ ਮੇਰੇ ਮਨ ਵਿਚ ਬੜਾ ਹੀ ਸਤਿਕਾਰ ਹੈ। ਸਾਰੇ ਸੱਜਣਾਂ ਦਾ ਨਾਮ ਲਿਖਣ ਤੋਂ ਤਾਂ ਮੈਂ ਅਸਮਰਥ ਹਾਂ, ਪਰ ਫਿਰ ਵੀ ਮੈਂ ਉਹਨਾਂ ਸੱਜਣਾਂ ਦਾ ਧੰਨਵਾਦ ਕੀਤੇ ਬਿਨਾਂ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਖ਼ਾਸ ਕਰਕੇ ਮਸਕੀਨ ਜੀ ਦੇ ਲੈਕਚਰਾਂ ਨੂੰ ਛਪਾਉਣ ਵਿਚ ਮੈਨੂੰ ਪੂਰਨ ਸਹਿਯੋਗ ਦਿੱਤਾ।

ਮੈਂ ਆਪਣੇ ਆਪ ਨੂੰ ਵਡਭਾਗਾ ਸਮਝਦਾ ਹਾਂ ਕਿ ਗਿ. ਸੰਤ ਸਿੰਘ ਜੀ ਮਸਕੀਨ ਹੋਰਾਂ ਨੇ ਆਪਣੀ ਜ਼ਿੰਦਗੀ ਦੀ ਖੋਜ ਨੂੰ ਪ੍ਰਕਾਸ਼ਤ ਕਰਾਉਣ ਦੀ ਸੇਵਾ ਦਾਸ ਦੇ ਸਪੁਰਦ ਕੀਤੀ। ਉਹਨਾਂ ਦੇ ਪ੍ਰਤਿ ਜੋ ਸ਼ਰਧਾ ਮੇਰੇ ਮਨ ਵਿਚ ਹੈ, ਅਤੇ ਜੋ ਮੈਂ ਪਿਆਰ ਦੀਆਂ ਘੜੀਆਂ ਉਹਨਾਂ ਨਾਲ ਸਿੰਗਾਪੁਰ ਵਿਖੇ ਬਿਤਾਈਆਂ, ਉਹ ਭੁੱਲ ਨਹੀਂ ਸਕਦਾ। ਮੈਂ ਉਹਨਾਂ ਦਾ ਸਾਰੀ ਉਮਰ ਰਿਣੀ ਰਹਾਂਗਾ।

ਪ੍ਰਿੰਸੀਪਲ ਧਰਮ ਸਿੰਘ ਹੋਰਾਂ ਦਾ ਮੈਂ ਅਤਿ ਧੰਨਵਾਦੀ ਹਾਂ, ਜਿਨ੍ਹਾਂ ਨੇ ਲੈਕਚਰ ਛਪਾਉਣ ਵਿਚ ਸਮੇਂ ਸਮੇਂ ਸਿਰ ਮੈਨੂੰ ਸ਼ੁਭ ਰਾਵਾਂ ਦਿਤੀਆਂ ਅਤੇ ਆਪਣੀ ਜ਼ਿੰਦਗੀ ਦੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਲੈਕਚਰਾਂ ਦਾ ਅੰਗਰੇਜ਼ੀ ਵਿਚ ਤਰਜਮਾ ਕੀਤਾ।

ਸ. ਜਸਵੰਤ ਸਿੰਘ ਜੀ ਗਿੱਲ ਹੋਰਾਂ ਨੇ ਜਿਥੇ ਮਸਕੀਨ ਜੀ ਦੇ ਲੈਕਚਰਾਂ ਦੀ ਭੂਮਿਕਾ ਲਿਖਣ ਵਿਚ ਆਪਣੀ ਖ਼ੁਸ਼ੀ ਪ੍ਰਗਟਾਈ ਹੈ, ਉਥੇ ਉਨ੍ਹਾਂ ਨੇ ਜੋ ਸਨੇਹ ਦੀ ਭੂਮਿਕਾ ਮੇਰੇ ਨਾਲ ਸਿੰਗਾਪੁਰ ਵਿਖੇ ਨਿਭਾਈ ਹੈ, ਉਸ ਦਾ ਵੀ ਮੈਂ ਧੰਨਵਾਦ ਕਰਦਾ ਹਾਂ।

ਮੈਂ ਸ. ਜੋਗਿੰਦਰ ਸਿੰਘ ਅਤੇ ਭੈਣ ਸੁਰਜੀਤ ਕੌਰ ਦਾ ਵੀ ਧੰਨਵਾਦ ਕੀਤੇ ਬਿਨਾਂ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਮੇਰੇ ਜੀਵਨ ਦੇ ਦੂਸਰੇ ਖੇਤਰ ਦੇ ਨਾਲ ਨਾਲ ਮਸਕੀਨ ਜੀ ਦੇ ਲੈਕਚਰ ਟੇਪ ਕਰਨ ਤੇ ਟਾਈਪ ਕਰਨ ਵਿਚ ਪੂਰਨ ਸਹਿਯੋਗ ਦਿੱਤਾ।

ਇਨ੍ਹਾਂ ਲੈਕਚਰਾਂ ਦੀ ਪਹਿਲੀ ਐਡੀਸ਼ਨ ਸਿੰਗਾਪੁਰ ਤੋਂ ਛਪਣ ਲਈ ਪਿੰਗਲਵਾੜਾ ਅੰਮ੍ਰਿਤਸਰ ਵਿਚ ਭੇਜੀ ਗਈ। ਇੱਛਾ ਤਾਂ ਇਹ ਸੀ ਕਿ ਇਸ

ਦੀ ਛਪਾਈ ਆਦਿ ਦਾ ਲਾਭ ਇਕ ਸਮਾਜਕ ਸੰਸਥਾ ਨੂੰ ਪੁਜੇ, ਪਰ ਪਿੰਗਲਵਾੜੇ ਦੇ ਇਕ ਅਧਿਕਾਰੀ ਨੇ ਇਸ ਦੀ ਛਪਵਾਈ ਕਿਸੇ ਹੋਰ ਪ੍ਰੈੱਸ ਤੋਂ ਕਰਵਾ ਕੇ ਪਹਿਲੀ ਐਡੀਸ਼ਨ ਆਪ ਹੀ ਵੇਚ ਕੇ ਉਸ ਦਾ ਲਾਭ ਵੀ ਚੰਗਾ ਪ੍ਰਾਪਤ ਕੀਤਾ। ਪੁੱਛ ਕਰਨ 'ਤੇ ਇੰਗਲਿਸ਼ ਐਡੀਸ਼ਨ ਦੀਆਂ ਕਿਤਾਬਾਂ ਬਿਨਾਂ ਜਿਲਦ ਦੇ ਮੇਰੇ ਹਵਾਲੇ ਕਰ ਦਿੱਤੀਆਂ।

ਮੈਂ ਤਾਂ ਬੜੇ ਨਿਰਾਸ ਜਿਹੇ ਦਿਲ ਨਾਲ ਵਾਪਸ ਜਾ ਰਿਹਾ ਸਾਂ ਕਿ ਸ. ਜਸਬੀਰ ਸਿੰਘ 'ਬੀਰ' ਦੇ ਦਰਸ਼ਨ ਹੋਏ। ਇਨ੍ਹਾਂ ਦੇ ਬਣਾਏ ਹੌਸਲੇ ਤੇ ਦੂਜੀ ਐਡੀਸ਼ਨ ਜਲਦੀ ਹੀ ਪ੍ਰਕਾਸ਼ਤ ਕਰ ਦੇਣ ਦੇ ਭਰੋਸੇ ਨਾਲ ਇਹ ਕਿਤਾਬ ਇਸ ਰੂਪ ਵਿਚ ਪਾਠਕਾਂ ਕੋਲ ਪੁਜ ਰਹੀ ਹੈ। ਇਸ ਦੀ ਪਰੂਫ਼-ਰੀਡਿੰਗ ਤੇ ਹੋਰ ਪ੍ਰਬੰਧਾਂ ਲਈ ਇਨ੍ਹਾਂ ਦੀ ਕੀਤੀ ਭੱਜ-ਨੱਠ ਸ਼ਲਾਘਾਯੋਗ ਹੈ।

ਮੈਂ ਛੇਤੀ ਹੀ ਮਸਕੀਨ ਜੀ ਦੇ ਦੂਸਰੇ ਲੈਕਚਰ ਪਾਠਕਾਂ ਦੇ ਹੱਥ ਵਿਚ ਪਹੁੰਚਾਣ ਦਾ ਯਤਨ ਕਰਾਂਗਾ।

*ਦਾਸ–*

**ਡਾ. ਅਨੋਖ ਸਿੰਘ**

ਪਿੰਡ ਤੇ ਡਾਕਘਰ ਟਿੱਬੀ,

ਜ਼ਿਲ੍ਹਾ ਸ੍ਰੀ ਗੰਗਾਨਗਰ (ਰਾਜਸਥਾਨ)

# ਮੁਖਬੰਧ

ਸਿੱਖੀ ਇਕ ਪ੍ਰਚਾਰਕ ਧਰਮ ਹੈ। ਇਸ ਧਰਮ ਦਾ ਪ੍ਰਚਾਰਕ ਹੋਣਾ ਇਕ ਬਹੁਤ ਵੱਡੀ ਮਾਣ ਵਾਲੀ ਗੱਲ ਹੈ। ਸਿਖ ਸਮਾਜ ਵਿਚ ਪ੍ਰਚਾਰਕ ਦਾ ਸਤਿਕਾਰ ਵੀ ਬਹੁਤ ਹੈ। ਉਸ ਦੀਆਂ ਸੰਸਾਰਕ ਲੋੜਾਂ ਵੀ ਸੰਗਤਾਂ ਆਪੇ ਹੀ ਪੂਰੀਆਂ ਕਰ ਦੇਂਦੀਆਂ ਹਨ। ਬਸ਼ਰਤਿ ਕਿ ਸ਼ਬਦ ਦੇ ਸਹੀ ਅਰਥਾਂ ਵਿਚ ਗੁਰਮਤਿ ਦਾ ਪ੍ਰਚਾਰਕ ਹੋਵੇ। ਦੂਜਿਆਂ ਨੂੰ ਗੁਰਮਤਿ ਦੇ ਉਪਦੇਸ਼ ਕਰਨ ਵਾਲਾ ਹੋਵੇ, ਪਰ ਆਪ ਕਰਣੀ-ਹੀਣ ਹੋਵੇ, ਉਸ ਬਾਰੇ ਗੁਰਬਾਣੀ ਦਾ ਫ਼ੁਰਮਾਨ ਹੈ:

**ਅਵਰ ਉਪਦੇਸੈ ਆਪਿ ਨ ਕਰੈ ॥**
**ਆਵਤ ਜਾਵਤ ਜਨਮੈ ਮਰੈ ॥** (੨੬੯)

ਭਗਤ ਕਬੀਰ ਜੀ ਕਰਣੀ-ਹੀਣ ਪ੍ਰਚਾਰਕ ਬਾਰੇ ਫ਼ੁਰਮਾਉਂਦੇ ਹਨ:

**ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥**
**ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥੯੮॥** (੧੩੬੯)

ਜਿਸ ਪੁਰਸ਼ ਵਿਚ ਕਹਿਣੀ ਤੇ ਕਰਣੀ ਦਾ ਸੁਮੇਲ ਹੈ ਉਥੇ ਹੀ ਪੂਰੀ ਮਤਿ ਹੈ, ਨਹੀਂ ਤਾਂ ਕਰਣੀ-ਹੀਣ ਪੁਰਸ਼ ਹਮੇਸ਼ਾ ਘਾਟੇ ਵਿਚ ਹੀ ਰਹਿੰਦਾ ਹੈ:

**ਜਹ ਕਰਣੀ ਤਹ ਪੂਰੀ ਮਤਿ ॥**
**ਕਰਣੀ ਬਾਝਹੁ ਘਟੇ ਘਟਿ ॥੩॥੩੦॥** (੨੫)

'ਸੂਰਬੀਰ ਬਚਨ ਕੇ ਬਲੀ' ਉਹ ਪੁਰਖ ਹਨ ਜਿਨ੍ਹਾਂ ਦੀ ਕਹਿਣੀ ਤੇ ਕਰਣੀ ਇਕ-ਮਿਕ ਹੋਈ ਹੁੰਦੀ ਹੈ। ਉਨ੍ਹਾਂ ਦੇ ਅੰਦਰ ਨਿਰੰਕਾਰ ਵਸਦਾ ਹੈ, ਜਿਸ ਕਰਕੇ ਉਹਨਾਂ ਦੀ ਸਿਖਿਆ ਸੰਸਾਰ ਨੂੰ ਤਾਰ ਦੇਂਦੀ ਹੈ:

**ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥**
**ਤਿਸ ਕੀ ਸੀਖ ਤਰੈ ਸੰਸਾਰੁ ॥** (੨੬੯)

ਜੋ ਵਿਦਵਾਨ ਹੋਣ ਦੇ ਨਾਲ ਨਾਲ ਪ੍ਰਮੇਸ਼ਰ ਦੇ ਨਾਮ-ਰਸ ਵਿਚ ਜੁੜਿਆ

ਹੋਇਆ ਹੈ, ਉਸ ਵਿਦਵਾਨ ਦੇ ਉਪਦੇਸ਼ ਨੂੰ ਸੁਣ ਕੇ ਮੁਰਦਾ ਦਿਲ-ਬੰਦੇ ਜ਼ਿੰਦਾ ਹੋ ਉਠਦੇ ਹਨ :

**ਰਾਮ ਨਾਮ ਸਾਰੁ ਰਸੁ ਪੀਵੈ ॥**
**ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥** (੨੭੪)

ਸਿਖ ਇਤਿਹਾਸ ਵਿਚ ਕਰਣੀ-ਪ੍ਰਧਾਨ ਬੇਅੰਤ ਮਹਾਂਪੁਰਖ ਗੁਰਸਿਖ ਹੋ ਗੁਜ਼ਰੇ ਹਨ, ਜਿਨ੍ਹਾਂ ਨੇ ਆਪੋ ਆਪਣੇ ਸਮੇਂ ਜ਼ਿੰਦਗੀ ਦਾ ਬੇਸ਼ਤਰ ਹਿੱਸਾ ਗੁਰਮਤਿ-ਪ੍ਰਚਾਰ ਵਿਚ ਲਾਇਆ। ਵਰਤਮਾਨ ਸਮੇਂ ਵਿਚ ਭੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ ਇਕ ਅਜਿਹੀ ਸ਼ਖ਼ਸੀਅਤ ਸਨ, ਜਿਹਨਾਂ ਦੇ ਮਨ, ਬਾਣੀ, ਸ਼ਰੀਰ ਵਿਚ ਗੁਰਮਤਿ ਦਾ ਪ੍ਰਵੇਸ਼ ਸੀ, ਉਹਨਾਂ ਦੇ ਪ੍ਰਚਾਰ ਦਾ ਸਦਕਾ ਅਨੇਕਾਂ ਅਨਮਤੀ ਤੇ ਭੁੱਲੜ ਸਿੱਖ ਮੁੜ ਗੁਰਮਤਿ ਦੀ ਰੌਸ਼ਨੀ ਵਿਚ ਆਏ।

ਅਜੋਕੇ ਸਮੇਂ ਮਹਾਨ ਵਿਦਵਾਨ, ਦਾਰਸ਼ਨਿਕ ਤੇ ਗੁਰਮਤਿ ਦੇ ਧਾਰਨੀ ਗੁਰਮੁਖਿ, ਗਿਆਨੀ ਸੰਤ ਸਿੰਘ ਜੀ 'ਮਸਕੀਨ' ਹਨ, ਜਿਨ੍ਹਾਂ ਨੇ ਗੁਰਮਤਿ ਪ੍ਰਚਾਰ ਨੂੰ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਬਣਾਇਆ ਹੋਇਆ ਹੈ। ਉਹਨਾਂ ਦੀ ਜ਼ਿੰਦਗੀ ਤੇ ਇਸ ਪੁਸਤਕ ਬਾਰੇ ਅਗਲੇ ਪੰਨਿਆਂ 'ਤੇ ਪਾਠਕ ਸੰਖੇਪ ਵਾਕਫ਼ੀਅਤ ਪੜ੍ਹਨਗੇ।

## ਗਿਆਨੀ ਸੰਤ ਸਿੰਘ ਜੀ 'ਮਸਕੀਨ'

ਸਤਿਕਾਰ ਯੋਗ ਪਿਤਾ ਸ. ਕਰਤਾਰ ਸਿੰਘ ਜੀ ਦੇ ਘਰ, ਪੂਜਯ ਮਾਤਾ ਰਾਮ ਕੌਰ ਜੀ ਦੀ ਕੁੱਖੋਂ ਗਿਆਨੀ ਸੰਤ ਸਿੰਘ ਜੀ 'ਮਸਕੀਨ' ਦਾ ਜਨਮ ਕਸਬਾ ਲੱਕ ਮਰਵਤ, ਜ਼ਿਲ੍ਹਾ ਬੰਨੂ, ਸੂਬਾ ਸਰਹੱਦ (ਪਾਕਿਸਤਾਨ) ਵਿਖੇ ਅਕਤੂਬਰ ੧੯੩੪ ਈ: ਨੂੰ ਹੋਇਆ। ਖਾਲਸਾ ਸਕੂਲ ਵਿਚ ਪ੍ਰਾਇਮਰੀ ਪਾਸ ਕੀਤੀ ਤੇ ਫਿਰ ਗੌਰਮਿੰਟ ਹਾਈ ਸਕੂਲ 'ਚ ਪੜ੍ਹਨ ਲਗੇ। ੧੯੪੭ ਈ. ਵਿਚ ਪਾਕਿਸਤਾਨ ਬਣ ਜਾਣ ਦੇ ਕਾਰਨ ਮੈਟ੍ਰਿਕ ਦਾ ਇਮਤਿਹਾਨ ਨਾ ਦੇ ਸਕੇ ਅਤੇ ਭਾਰਤ ਆ ਕੇ ਅਲਵਰ (ਰਾਜਸਥਾਨ) ਵਿਚ ਆ ਰਹੇ। ਰੇਲਵੇ ਵਿਚ ਡਰਾਈਵਰ ਦੀ ਟਰੇਨਿੰਗ ਵਿਚ ਦੋ ਮਹੀਨੇ ਕੰਮ ਕਰਨ ਤੋਂ ਬਾਅਦ ਮਨ ਨਾ ਲਗਣ ਦੇ ਕਾਰਨ ਕੰਮ ਵਿਚੇ ਹੀ ਛੱਡ ਗਏ। ਪਿਤਾ ਜੀ ੧੯੫੨ ਈ. ਵਿਚ ਅਲਵਰ ਵਿਖੇ ਅਕਾਲ ਚਲਾਣਾ ਕਰ ਗਏ। ਪ੍ਰਮਾਰਥਕ ਰੁਚੀਆਂ ਦੀ ਪ੍ਰਬਲਤਾ ਦੇ ਕਾਰਨ ਬਿਹੰਗਮ ਬਣ ਗਏ।

ਬੈਜਨਾਥ ਧਾਮ ਤੇ ਕਟਕ ਆਦਿ ਥਾਵਾਂ 'ਤੇ ਬਿਹੰਗਮ ਸਾਧੂਆਂ ਨਾਲ ਵਿਚਰਦੇ ਰਹੇ ਤੇ ਬ੍ਰਹਮ-ਵਿਦਿਆ ਦਾ ਅਧਿਐਨ ਕਰਦੇ ਰਹੇ। ਗਿਆਨੀ ਬਲਵੰਤ ਸਿੰਘ ਜੀ ਨਿਰਮਲੇ ਸੰਤਾਂ ਪਾਸੋਂ ਗੁਰਮਤਿ ਦੀ ਵਿਦਿਆ ਪੜ੍ਹੀ, ਜੋ ਗੁਰਮਤਿ ਦੇ ਵਿਦਵਾਨ ਹੋਣ ਦੇ ਨਾਲ ਨਾਲ ਪੂਰਨ ਤਿਆਗੀ, ਸੰਜਮੀ, ਨਾਮ ਸਿਮਰਨ ਦੇ ਰਸੀਏ ਤੇ ਨਿਮਰਤਾ ਦੇ ਪੁੰਜ ਸਨ। ਇਸ ਦੌਰਾਨ ਮਸਕੀਨ ਜੀ ਚੰਗੀ ਕਥਾ ਕਰਨ ਲਗ ਪਏ।

ਮਹਾਂ ਨਦੀ ਦੇ ਕੰਢੇ ਕਸਬਾ ਬੁਰਲਾ (ਸੰਬਲਪੁਰ) ਉੜੀਸਾ ਵਿਚ ਰਹਿਣ ਲਗ ਪਏ। ਭਜਨ ਸਿਮਰਨ ਦੇ ਨਾਲ ਨਾਲ ਸੰਗਤਾਂ ਨੂੰ ਗੁਰਬਾਣੀ ਦੀ ਕਥਾ ਸੁਣਾ ਕੇ ਨਿਹਾਲ ਕਰਦੇ ਰਹੇ। ਸੰਗਤਾਂ ਨੂੰ ਪ੍ਰੇਰ ਕੇ ਗੁਰਦੁਆਰਾ ਸਾਹਿਬ ਬਣਵਾਇਆ। ਇਥੇ ਰਹਿਣ ਸਮੇਂ ਭਜਨ ਤੇ ਸਤਿਸੰਗ ਦੇ ਅਨੰਦ ਨੂੰ ਮਾਣਨ ਲਈ ਸਾਧੂ ਬਿਹੰਗਮ ਵੀ ਆ ਠਹਿਰਦੇ। ਜੋ ਮਾਇਆ ਆਉਂਦੀ, ਗੁਰਦੁਆਰੇ ਦੇ ਖ਼ਰਚ ਪੂਰੇ ਕਰ ਕੇ ਬਾਕੀ ਸਾਧੂ ਬਿਹੰਗਮਾਂ ਨੂੰ ਵੰਡ ਛਡਦੇ। ੧੯੫੭ ਦੇ ਅਖ਼ੀਰ ਵਿਚ ਵਾਪਸ ਅਲਵਰ ਮਾਤਾ ਜੀ ਪਾਸ ਆ ਗਏ। ੧੯੫੮ ਵਿਚ ਆਪ ਜੀ ਦੀ ਸ਼ਾਦੀ ਹੋ ਗਈ।

ਅਲਵਰ ਵਿਖੇ ਮਕਾਨ ਆਪਣਾ ਹੈ, ਜਿਥੇ ਆਪ ਦਾ ਪੱਕਾ ਨਿਵਾਸ ਹੈ, ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਅੰਮ੍ਰਿਤਸਰ, ਪਟਨਾ ਸਾਹਿਬ, ਦਿੱਲੀ, ਬੰਬਈ, ਕਲਕੱਤਾ, ਇੰਦੌਰ, ਕਾਨ੍ਹਪੁਰ ਅਤੇ ਅਲੀਗੜ੍ਹ ਆਦਿ ਵਿਚ ਸਿੱਖ ਸਟੇਜਾਂ ਤੋਂ ਗੁਰਪੁਰਬਾਂ ਤੇ ਹੋਰ ਆਮ ਸਮਾਗਮਾਂ ਸਮੇਂ ਪੁਜ ਕੇ ਗੁਰਮਤਿ ਦੇ ਵਿਚਾਰ ਪ੍ਰਗਟ ਕਰਦੇ ਰਹਿੰਦੇ ਹਨ। ਪਿਛਲੇ ਸਾਲਾਂ ਵਿਚ ਕਈ ਵਾਰ ਅਫ਼ਗਾਨਿਸਤਾਨ, ਈਰਾਨ, ਕੁਵੈਤ ਤੇ ਸਿੰਗਾਪੁਰ, ਮਲੇਸ਼ੀਆ ਆਦਿ ਮੁਲਕਾਂ ਵਿਚ ਵੀ ਉਥੋਂ ਦੇ ਸਿੱਖਾਂ ਦੀ ਮੰਗ ਨੂੰ ਮੁਖ ਰਖ ਕੇ ਗੁਰਮਤਿ ਪ੍ਰਚਾਰ ਦੁਆਰਾ, ਗੁੰਮਰਾਹ ਹੋਏ ਸਿੱਖਾਂ ਨੂੰ ਪਾਖੰਡੀਆਂ ਦੇ ਜਾਲ ਵਿਚੋਂ ਕਢ ਕੇ ਸਿੱਖੀ ਮਾਰਗ 'ਤੇ ਤੋਰ ਆਏ ਹਨ। ਕਈ ਜਗ੍ਹਾ ਅਨਮਤੀਆਂ ਦੇ ਬੁਲਾਵੇ ਤੇ ਉਹਨਾਂ ਦੀਆਂ ਸਟੇਜਾਂ ਤੋਂ ਵੀ ਗੁਰਮਤਿ ਫ਼ਿਲਾਸਫ਼ੀ ਦੀ ਉੱਚਤਾ ਦਰਸਾਂਦੇ ਹਨ।

ਆਪ ਵਿਚ ਉਦਾਰਤਾ ਦਾ ਇਕ ਵਿਸ਼ੇਸ਼ ਗੁਣ ਹੈ, ਜਿਸ ਅਧੀਨ ਅਲਵਰ ਵਿਚ ਇਕ ਸਕੂਲ ਚਲਦਾ ਹੈ। ਕਈ ਯਤੀਮਾਂ, ਵਿਧਵਾਵਾਂ ਤੇ ਲੋੜਵੰਦਾਂ ਦੀ ਮਾਇਕ ਸਹਾਇਤਾ ਕਰ ਕੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜੇ ਹੋਣ ਦੇ ਯੋਗ ਬਣਾਉਂਦੇ ਹਨ। ਮਸਕੀਨ ਜੀ ਇਸ ਵੇਲੇ ਇਕ ਵਿਅਕਤੀ ਨਹੀਂ, ਸਗੋਂ ਇਕ ਸੰਸਥਾ ਹਨ। ਕਈ ਪ੍ਰਚਾਰਕ ਆਪ ਦੇ ਲੈਕਚਰ ਸੁਣ ਸੁਣ ਕੇ ਤੇ ਨੋਟ ਲੈ ਕੇ

ਸਫਲ ਪ੍ਰਚਾਰਕ ਬਣ ਰਹੇ ਹਨ।

ਆਪ ਦੀ ਕਥਾ ਤੇ ਵਿਆਖਿਆ ਦਾ ਢੰਗ ਅਨੂਪਮ, ਨਵੀਨ, ਦਾਰਸ਼ਨਿਕ ਤੇ ਵਿਗਿਆਨਕ ਹੈ। ਵਿਆਖਿਆ ਕਰਨ ਸਮੇਂ ਆਪ ਦੀ ਇਕਾਗਰਤਾ ਸ੍ਰੋਤਿਆਂ ਦੀਆਂ ਸੁਰਤਾਂ ਨੂੰ ਆਪਣੇ ਵੱਲ ਖਿੱਚੀ ਰੱਖਦੀ ਹੈ। ਆਵਾਜ਼ ਵਿਚ ਤਾਕਤ, ਸੁਰੀਲਾਪਨ ਤੇ ਮਿਠਾਸ ਹੈ। ਆਪ ਦੀ ਤਰਜ਼ਿ-ਬਿਆਨੀ ਵਿਦਵਾਨਾਂ ਅਤੇ ਅਨਪੜ੍ਹਾਂ ਦੋਹਾਂ ਉਪਰ ਇਕੋ ਜਿਹਾ ਪ੍ਰਭਾਵ ਪਾਉਂਦੀ ਹੈ। ਕੋਈ ਵੀ ਸ੍ਰੋਤਾ ਆਪ ਦੀ ਜਾਦੂ-ਬਿਆਨੀ ਦੇ ਪ੍ਰਭਾਵ ਤੋਂ ਬਚ ਨਹੀਂ ਸਕਦਾ। ਵਕਤੇ ਦੇ ਗ੍ਰੰਥਾਂ ਵਿਚ ਲਿਖੇ ਚੌਦਾਂ ਗੁਣ ਆਪ ਦੀ ਕਥਨੀ ਵਿਚੋਂ ਡਲ੍ਹਕਾਂ ਮਾਰਦੇ ਹਨ। ਸਭ ਤੋਂ ਵੱਡੀ ਤੇ ਵਿਸ਼ੇਸ਼ ਖ਼ੂਬੀ ਜੋ ਆਪ ਵਿਚ ਵੇਖੀ ਗਈ ਹੈ, ਉਹ ਇਹ ਹੈ ਕਿ ਦੇਹਧਾਰੀ ਗੁਰੂਆਂ, ਪਾਖੰਡੀ ਸਾਧਾਂ ਸੰਤਾਂ, ਗੁਰਦੁਆਰਿਆਂ ਦੇ ਪ੍ਰਧਾਨਾਂ ਤੇ ਸਕੱਤਰਾਂ ਤੇ ਰਾਜਨੀਤਕਾਂ ਦੀਆਂ ਗ਼ਲਤੀਆਂ, ਕਮਜ਼ੋਰੀਆਂ, ਠੱਗੀਆਂ ਤੇ ਉਨ੍ਹਾਂ ਦੇ ਪਾਖੰਡ-ਜਾਲ ਨੂੰ ਉਨ੍ਹਾਂ ਦੇ ਸਾਹਮਣੇ ਬੈਠਿਆਂ ਤਾਰ ਤਾਰ ਕਰ ਦੇਂਦੇ ਹਨ। ਐਸਾ ਕਰਨਾ ਆਪ ਜੈਸੇ ਦਲੇਰ ਮਰਦ ਦਾ ਹੀ ਕੰਮ ਹੈ। ਕਿਸੇ ਵਿਅਕਤੀ ਵਿਸ਼ੇਸ਼ ਦੀ ਖ਼ੁਸ਼ਾਮਦ ਕਰਨੀ ਜਾਂ ਕਿਸੇ ਦੀ ਝੇਪ ਮੰਨਣੀ ਆਪ ਦੀ ਫ਼ਿਤਰਤ ਵਿਚ ਹੀ ਨਹੀਂ। ਇਹ ਉਪ੍ਰੋਕਤ ਗੁਣ ਕਿਸੇ ਧਰਮ ਪ੍ਰਚਾਰਕ ਜਾਂ ਵਿਆਖਿਆਕਾਰ ਵਿਦਵਾਨ ਵਿਚ ਘੱਟ ਹੀ ਵੇਖਣ ਵਿਚ ਆਏ ਹਨ। ਆਪ ਗੁਰਮਤਿ ਪ੍ਰਚਾਰ ਦਾ ਕਿਸੇ ਪਾਸੋਂ ਕੋਈ ਇਵਜ਼ਾਨਾ ਨਹੀਂ ਮੰਗਦੇ, ਇਹ ਇਕ ਵੱਖਰੀ ਗੱਲ ਹੈ ਕਿ ਸੰਗਤਾਂ ਉਨ੍ਹਾਂ ਦੀਆਂ ਲੋੜਾਂ ਤੋਂ ਵੱਧ ਉਨ੍ਹਾਂ ਦੀ ਸਹਾਇਤਾ ਕਰ ਦੇਂਦੀਆਂ ਹਨ।

**ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ**
ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ

# ਪੁਸਤਕ ਬਾਰੇ

*ਮਸਕੀਨ ਜੀ ਦੇ ਲੈਕਚਰ* ਨਾਮ ਦੀ ਇਹ ਪੁਸਤਕ ਪੰਥ ਦੇ ਪ੍ਰਸਿੱਧ ਵਿਦਵਾਨ ਤੇ ਵਿਆਖਿਆਕਾਰ ਗਿਆਨੀ ਸੰਤ ਸਿੰਘ ਜੀ 'ਮਸਕੀਨ' ਦੇ ਮਲੇਸ਼ੀਆ ਵਿਚ ਦਿਤੇ ਲੈਕਚਰਾਂ ਨੂੰ ਡਾ. ਅਨੋਖ ਸਿੰਘ ਜੀ ਨੇ ਟੇਪ ਰੀਕਾਰਡ ਕਰ ਕੇ ਲਿਖੀ ਅਤੇ ਛਪਵਾਉਣ ਦਾ ਉੱਦਮ ਤੇ ਮਿਹਨਤ ਕੀਤੀ ਹੈ। ਇਹ ਕੰਮ ਬੜਾ ਕਠਨ ਸੀ ਤੇ ਕਾਫ਼ੀ ਸਮੇਂ ਤੇ ਮਿਹਨਤ ਦੀ ਵੀ ਮੰਗ ਕਰਦਾ ਸੀ। ਲਗਨ ਤੇ ਸ਼ੌਕ ਤੋਂ ਬਿਨਾਂ ਇਹ ਕੰਮ ਕੀਤਾ ਵੀ ਨਹੀਂ ਜਾ ਸਕਦਾ ਸੀ। ਡਾ. ਅਨੋਖ ਸਿੰਘ ਜੀ ਕਾਫ਼ੀ ਸਮਾਂ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂਵਾਲਿਆਂ ਦੇ ਜਥੇ ਵਿਚ ਰਹਿ ਕੇ ਗੁਰਮਤਿ-ਵਿਦਿਆ ਹਾਸਲ ਕਰਦੇ ਰਹੇ ਹਨ। ਸੰਤਾਂ ਦੇ ਪ੍ਰਵਾਰ ਨਾਲ ਰਿਸ਼ਤੇਦਾਰੀ ਦਾ ਵੀ ਸੰਬੰਧ ਹੈ। ਇਨ੍ਹਾਂ ਦੇ ਪਿਤਾ ਡਾ. ਮੁਕੰਦ ਸਿੰਘ ਜੀ ਵੀ ਸੰਤਾਂ ਦੇ ਜਥੇ 'ਚ ਰਹਿ ਕੇ ਗੁਰਮਤਿ-ਵਿਦਿਆ ਪ੍ਰਾਪਤ ਕਰਦੇ ਰਹੇ ਹਨ। ਚੰਗੇ ਗੁਰਮੁਖ ਤੇ ਨਾਮ ਸਿਮਰਨ ਦੇ ਰਸੀਏ ਪੁਰਖ ਹਨ।

ਡਾ. ਅਨੋਖ ਸਿੰਘ ਜੀ ਨੂੰ ਸਿੱਖੀ ਤੇ ਗੁਰਮਤਿ-ਵਿਦਿਆ ਵਿਰਸੇ ਵਿਚ ਮਿਲੀ ਹੋਈ ਹੈ। ਇਹੋ ਕਾਰਨ ਹੈ ਕਿ ਉਨ੍ਹਾਂ ਨੇ ਮਸਕੀਨ ਜੀ ਦੇ ਲੈਕਚਰਾਂ ਨੂੰ ਟੇਪ ਕਰ ਕੇ ਆਪਣੇ ਹੱਥੀਂ ਲਿਖ ਕੇ ਛਪਵਾਉਣ ਦਾ ਸ਼ਲਾਘਾ ਯੋਗ ਉੱਦਮ ਕੀਤਾ ਹੈ। ਸੰਗਤਾਂ ਦੀ ਇਹ ਚਿਰੋਕਣੀ ਮੰਗ ਸੀ, ਪਰ ਇਹ ਕੰਮ ਹਰ ਇਕ ਬੰਦੇ ਦੇ ਕਰਨ ਦਾ ਨਹੀਂ ਸੀ। ਡਾਕਟਰ ਸਾਹਿਬ ਨੇ ਗਿ. ਸੰਤ ਸਿੰਘ ਜੀ 'ਮਸਕੀਨ' ਹੁਰਾਂ ਪਾਸੋਂ ਇਨ੍ਹਾਂ ਲੈਕਚਰਾਂ ਦੇ ਛਪਵਾਉਣ ਦੀ ਆਗਿਆ ਵੀ ਲੈ ਲਈ ਹੈ। ਉਨ੍ਹਾਂ ਪਾਸ ਉਂਜ ਤਾਂ ਛੇ ਕੁ ਸੌ ਪੰਨਿਆਂ ਦਾ ਮੈਟਰ ਸੀ, ਪਰ ਫ਼ਿਲਹਾਲ ਸਵਾ ਕੁ ਸੌ ਪੰਨਿਆਂ ਦੀ ਇਹ ਪੁਸਤਕ ਛਾਪ ਕੇ ਸੰਗਤਾਂ ਦੇ ਹੱਥਾਂ ਵਿਚ ਪੁਚਾਈ ਹੈ। ਇਸ ਪੁਸਤਕ ਵਿਚ ਸੱਤ ਲੈਕਚਰ ਹਨ : ਮਨਮੁਖ ਦਾ ਸੁਭਾ, ਤੈ ਜਨਮਤ ਗੁਰਮਤਿ ਬ੍ਰਹਮ ਪਛਾਣਿਓ, ਨਿਸ਼ਾਨਿ ਸਿਖੀ ਈਂ ਪੰਜ ਹਰਫ਼ ਕਾਫ਼ (ਦੋ ਲੈਕਚਰ), ਸਤਿ ਸੰਗਤਿ, ਪਵਿੱਤਰ ਲਹੂ ਤੇ ਪੂਰਨ ਮਨੁੱਖ। ਮਸਕੀਨ ਜੀ ਦੇ ਲੈਕਚਰਾਂ ਵਿਚ ਗੁਰਮਤਿ ਦੀ ਸਹੀ ਤਸਵੀਰ ਖਿੱਚੀ ਹੋਈ ਹੈ। ਗੁਰਬਾਣੀ ਦੀ ਸਰਲ ਤੇ

ਭਾਵ-ਪੂਰਤ ਵਿਆਖਿਆ ਕੀਤੀ ਗਈ ਹੈ—ਸਿੱਖੀ ਦੇ ਦਾਰਸ਼ਨਿਕ ਪੱਖਾਂ 'ਤੇ ਭਰਪੂਰ ਚਾਨਣਾ ਪਾਇਆ ਹੋਇਆ ਹੈ। ਸਿੱਖ ਇਤਿਹਾਸ ਨੂੰ ਨਵੀਂ ਰੌਸ਼ਨੀ ਵਿਚ ਨਵੀਨ ਢੰਗ ਨਾਲ ਬਿਆਨਿਆ ਹੈ। ਪੰਜਾਂ ਕਕਾਰਾਂ ਦੀ ਫ਼ਿਲਾਸਫ਼ੀ ਨੂੰ ਵਿਗਿਆਨਿਕ ਢੰਗਾਂ ਨਾਲ ਵਰਣਨ ਕੀਤਾ ਹੈ।

ਇਸ ਪੁਸਤਕ ਵਿਚ ਲਿਖੇ ਗਏ ਵਿਆਖਿਆਨਾਂ ਵਿਚ ਮਸਕੀਨ ਜੀ ਨੇ ਗੁਰਬਾਣੀ ਵਿਚ ਵਰਣਿਤ ਕਿਸੇ ਇਕ ਤੱਥ ਨੂੰ ਸਾਹਮਣੇ ਰੱਖ ਕੇ ਉਸਦੀ ਵਿਆਖਿਆ ਲਈ ਗੁਰਬਾਣੀ, ਗੁਰ-ਇਤਿਹਾਸ, ਭਾਈ ਗੁਰਦਾਸ ਜੀ ਦੀ ਬਾਣੀ, ਦਸਮ ਗ੍ਰੰਥ, ਭਾਈ ਨੰਦ ਲਾਲ ਜੀ ਦੀ ਰਚਨਾ ਤੋਂ ਇਲਾਵਾ ਸੂਫ਼ੀ ਫ਼ਕੀਰਾਂ ਦੇ ਕਲਾਮ, ਦੁਨੀਆਂ ਦੇ ਹੋਰ ਫ਼ਿਲਾਸਫ਼ਰਾਂ ਦੇ ਵਿਚਾਰ ਤੇ ਆਪਣਾ ਅਨੁਭਵ ਮਿਲਾ ਕੇ ਅਜਿਹੇ ਗੁਲਦਸਤੇ ਬਣਾਏ ਹਨ ਜਿਨ੍ਹਾਂ ਦੀ ਖ਼ੁਸ਼ਬੋ ਨਾਲ ਹਰ ਪਾਠਕ ਮੁਅੱਤਰ ਹੋ ਜਾਂਦਾ ਹੈ। ਇਸ ਪੁਸਤਕ ਤੋਂ ਜਿਥੇ ਮਸਕੀਨ ਜੀ ਦੀ ਕਥਾ ਦੇ ਸਰੋਤੇ ਮੁੜ ਉਹੋ ਜਿਹਾ ਰਸ ਮਾਣ ਸਕਣਗੇ, ਉਥੇ ਜਿਨ੍ਹਾਂ ਨੂੰ ਉਨ੍ਹਾਂ ਦੀ ਕਥਾ ਸੁਣਨੀ ਨਸੀਬ ਨਹੀਂ ਹੋਈ ਉਹ ਵੀ ਕਥਾ ਸੁਣਨ ਜਿੰਨਾ ਅਨੰਦ ਪ੍ਰਾਪਤ ਕਰ ਸਕਣਗੇ ਅਤੇ ਨਵੇਂ ਉਠ ਰਹੇ ਧਰਮ ਪ੍ਰਚਾਰਕ ਇਸ ਪੁਸਤਕ ਤੋਂ ਸੇਧ ਤੇ ਮੈਟਰ ਲੈ ਕੇ ਸਫਲ ਪ੍ਰਚਾਰਕ ਤੇ ਕਥਾਕਾਰ ਬਣ ਸਕਣਗੇ।

ਮੈਂ ਅੰਤ ਵਿਚ ਡਾ. ਅਨੋਖ ਸਿੰਘ ਜੀ ਦੀ ਇਸ ਪੁਸਤਕ ਦੇ ਲਿਖਣ ਅਤੇ ਛਾਪਣ 'ਤੇ ਪ੍ਰਸੰਸਾ ਕਰਦਾ ਹਾਂ, ਜਿਨ੍ਹਾਂ ਨੇ ਸੰਗਤਾਂ ਦੀ ਚਿਰੋਕਣੀ ਮੰਗ ਪੂਰੀ ਕੀਤੀ ਹੈ। ਮੈਂ ਆਮ ਸੰਗਤਾਂ, ਗੁਰਬਾਣੀ ਦੇ ਰਸੀਆਂ, ਪ੍ਰਚਾਰਕਾਂ, ਕਥਾ ਵਾਚਕਾਂ, ਅਧਿਆਪਕਾਂ, ਪ੍ਰੋਫ਼ੈਸਰਾਂ ਆਦਿ ਦੀ ਸੇਵਾ ਵਿਚ ਪੁਰਜ਼ੋਰ ਅਪੀਲ ਕਰਾਂਗਾ ਕਿ ਇਹ ਪੁਸਤਕ ਹਰ ਘਰ, ਗੁਰਦੁਆਰੇ, ਲਾਇਬ੍ਰੇਰੀ ਤੇ ਸਕੂਲ ਕਾਲਜ ਵਿਚ ਪੁਜਣੀ ਚਾਹੀਦੀ ਹੈ, ਜਿਸ ਨਾਲ ਸਿੱਖ ਸਮਾਜ ਨੂੰ ਗੁਰਬਾਣੀ ਦੀ ਰੌਸ਼ਨੀ ਮਿਲੇ ਅਤੇ ਲੇਖਕ ਦੀ ਵੀ ਹੌਸਲਾ-ਅਫ਼ਜ਼ਾਈ ਹੋਵੇ।

*ਗੁਰਮਤਿ ਦੇ ਪ੍ਰੇਮੀਆਂ ਦਾ ਦਾਸ :*

**ਕਿਰਪਾਲ ਸਿੰਘ**

*ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ*

1.11.76
*ਗਲੀ ਸ਼ਹੀਦ ਬੁੰਗਾ,*
*ਨੇੜੇ ਕੌਲਸਰ, ਸ੍ਰੀ ਅੰਮ੍ਰਿਤਸਰ*

# ਮਨਮੁਖ ਦਾ ਸੁਭਾ

ਸਾਹਿਬਾਂ ਦੀ ਬਾਣੀ ਨੇ ਐਸਾ ਦਸਿਆ ਹੈ ਕਿ ਕੁਝ ਰੋਗ ਐਸੇ ਹੁੰਦੇ ਹਨ, ਜਿਹੜੇ ਲਾ-ਇਲਾਜ ਹੁੰਦੇ ਨੇ, ਜਿਨ੍ਹਾਂ ਦਾ ਇਲਾਜ ਕਰਨਾ ਬੜੀ ਔਖੀ ਗੱਲ ਹੈ। ਜੇ ਕੀਤਾ ਵੀ ਜਾਏ ਤਾਂ ਬਹੁਤ ਸਮਾਂ ਲਗਦਾ ਹੈ। ਸਰੀਰ ਦੀਆਂ ਜੈਸੇ ਕੁਛ ਬੀਮਾਰੀਆਂ ਲਾ-ਇਲਾਜ ਨੇ, ਮਨ ਦੀਆਂ ਵੀ ਕੁਛ ਬੀਮਾਰੀਆਂ ਐਸੀਆਂ ਨੇ, ਜਿਨ੍ਹਾਂ ਦਾ ਇਲਾਜ ਕਰਨਾ ਬੜੀ ਹੀ ਔਖੀ ਗੱਲ ਹੈ। ਸਰੀਰ ਨੂੰ ਤਾਪ ਚੜ੍ਹਿਆ ਹੋਵੇ ਭੋਜਨ ਨਹੀਂ ਚੰਗਾ ਲਗਦਾ, ਕਹਿੰਦੇ ਨੇ ਮਨ ਨੂੰ ਵਿਕਾਰਾਂ ਦਾ ਤਾਪ ਚੜ੍ਹਿਆ ਹੋਵੇ ਤਾਂ ਭਜਨ ਨਹੀਂ ਚੰਗਾ ਲਗਦਾ। ਕਿਹੜਾ ਮਨੁੱਖ ਮਨ ਕਰਕੇ ਰੋਗੀ ਏ ? ਸਾਹਿਬਾਂ ਦੀ ਬਾਣੀ ਇਹ ਕਹਿੰਦੀ ਏ, ਨਾਮ ਨਾ ਮਿੱਠਾ ਲੱਗੇ, ਗੁਰਬਾਣੀ ਵਿਚੋਂ ਰਸ ਨਾ ਮਿਲੇ, ਧਰਮ ਦੀ ਕੋਈ ਤੜਫ ਨਾ ਹੋਵੇ, ਗੁਰੂ ਦੇ ਮਿਲਣ ਦਾ ਅੰਦਰ ਕੋਈ ਜਜ਼ਬਾ ਨਾ ਹੋਵੇ, ਤੇ ਐਸੇ ਮਨੁੱਖ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਸ ਦਾ ਮਨ ਕੁਛ ਰੋਗੀ ਹੈ। ਔਰ ਇਸ ਰੋਗ ਦਾ ਜੇ ਸ਼ੁਰੂ ਵਿਚ ਇਲਾਜ ਨਾ ਹੋਵੇ, ਬਚਪਨ ਤੋਂ ਜਾਂ ਥੋੜ੍ਹਾ ਜਿਹਾ ਸੁਰਤ ਸੰਭਾਲਦਿਆਂ ਹੀ ਸਿੱਖੀ ਟਕਸਾਲ ਦੇ ਵਿਚ ਜ਼ਿੰਦਗੀ ਨਾ ਘੜੀ ਜਾਏ ਤਾਂ ਅਗਾਂਹ ਚਲ ਕੇ ਇਹ ਰੋਗ ਭਿਅੰਕਰ ਸ਼ਕਲ ਅਖ਼ਤਿਆਰ ਕਰ ਜਾਂਦਾ ਹੈ ਤੇ ਲਾ-ਇਲਾਜ ਹੋ ਜਾਂਦਾ ਹੈ। ਉਂਜ ਵੀ ਮਨੁੱਖ ਦੇ ਕੋਲ ਜਿਹੜਾ ਸਭ ਤੋਂ ਵੱਡਾ ਰੋਗ ਹੈ, ਸਾਹਿਬਾਂ ਦੀ ਬਾਣੀ ਦੇ ਕਥਨ ਮੁਤਾਬਕ ਉਹ ਹੈ—'ਹਉਮੈ', ਭਾਵ 'ਮੈਂ ਹਾਂ', ਇਹ ਬਹੁਤ ਵੱਡਾ ਰੋਗ ਹੈ। ਔਰ ਇਸ ਨੂੰ ਸਾਹਿਬਾਂ ਨੇ 'ਦੀਰਘ ਰੋਗ' ਕਿਹਾ ਹੈ :

**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥** *(੪੬੬)*

ਬਹੁਤ ਵੱਡਾ ਹੈ ਔਰ ਇਹ ਇਸ ਜਨਮ ਦਾ ਨਹੀਂ, ਬਹੁਤ ਜਨਮਾਂ ਦਾ ਨਾਲ ਚਲਿਆ ਆ ਰਿਹਾ ਹੈ। ਇਥੇ ਇਸ ਬੀਮਾਰੀ ਦਾ ਇਲਾਜ ਕਰਨਾ ਹੈ। ਕੀਰਤਨ ਦੇ ਆਸਰੇ, ਕਥਾ ਦੇ ਆਸਰੇ ਤੇ 'ਮੈ ਹਾਂ' ਇਸ ਨੂੰ ਮਿਟਾਣਾ ਹੈ ਤੇ 'ਤੂੰ ਹੈਂ' ਇਸ ਨੂੰ ਪ੍ਰਗਟ ਕਰਨਾ ਹੈ। ਸਿਰਫ਼ ਤੂੰ ਹੀ ਹੈਂ, ਮੈਂ ਨਹੀਂ ਹਾਂ, ਬੱਸ ਇੰਨੀ ਜਿਹੀ ਗੱਲ ਹੈ। ਇਸ ਵਾਸਤੇ ਹੀ ਇਹ ਧਾਰਮਿਕ ਮੰਦਰ ਬਣੇ ਨੇ। ਬੜੇ ਬੜੇ

ਗ੍ਰੰਥਾਂ ਦੀ ਰਚਨਾ ਰਿਸ਼ੀ-ਮੁਨੀਆਂ ਨੇ ਕੀਤੀ ਹੈ।

ਲੇਕਿਨ ਕਿਸੇ ਕਿਸੇ ਥਾਂ 'ਤੇ ਰਿਸ਼ੀ-ਮੁਨੀਆਂ ਤੇ ਪੀਰ-ਪੈਗ਼ੰਬਰਾਂ ਨੇ ਐਸਾ ਕਹਿ ਦਿੱਤਾ ਹੈ ਕਿ ਇਸ ਮਨੁੱਖ ਦਾ ਇਲਾਜ ਸਾਡੇ ਕੋਲ ਕੋਈ ਨਹੀਂ। ਬਾਬਾ ਫ਼ਰੀਦ ਜੀ ਦਾ ਵਾਕ ਹੈ:

**ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥**
**ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥੧੫॥** *(੧੩੭੮)*

ਬਾਬਾ ਫ਼ਰੀਦ ਜੀ ਕਹਿੰਦੇ ਨੇ ਮੈਂ ਮਤਿ ਦੇ ਦੇ ਕੇ ਥੱਕ ਗਿਆ ਹਾਂ, ਪਰ ਮੇਰੇ ਪਾਸੋਂ ਮਤਿ ਕਿਸੇ ਨੇ ਲਈ ਨਹੀਂ। ਔਰ ਹੂਬਹੂ ਇਹ ਖ਼ਿਆਲ ਰੱਖਦੇ ਨੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ। ਆਪ ਕਹਿੰਦੇ ਨੇ ਵਾਕਿਆ ਹੀ ਕੁਝ ਅੰਦਰੂਨੀ ਬੀਮਾਰੀਆਂ ਐਸੀਆਂ ਨੇ, ਜਿਹੜੀਆਂ ਲਾ-ਇਲਾਜ ਨੇ। ਐਸੇ ਮਨੁੱਖ 'ਤੇ ਧਰਮ ਦਾ ਪ੍ਰਭਾਵ ਪਵੇ, ਐਸੇ ਮਨੁੱਖ ਨੂੰ ਕੋਈ ਨਾਮ ਦਾ ਰਸ ਆਵੇ, ਬੜੀ ਹੀ ਔਖੀ ਗੱਲ ਹੈ। ਬਹੁਤ ਹੀ ਔਖੀ।

ਗੁਰਦਵਾਰਾ ਏਕਤਾ ਦਾ ਕੇਂਦਰ ਹੁੰਦਾ ਹੈ। ਕਈ ਵਾਰ ਇਸ ਥਾਂ 'ਤੇ ਹੀ ਅਨੇਕਤਾ ਪੈਦਾ ਹੋ ਜਾਂਦੀ ਹੈ। ਗੁਰਦਵਾਰਾ ਸ਼ਾਂਤੀ ਦਾ ਕੇਂਦਰ ਹੁੰਦਾ ਹੈ, ਕਈ ਥਾਂ ਐਸਾ ਦੇਖਣ 'ਚ ਆਇਆ ਹੈ ਕਿ ਏਥੇ ਹੀ ਕ੍ਰੋਧ ਤੇ ਵਿਰੋਧ ਪੈਦਾ ਹੋ ਜਾਂਦਾ ਹੈ। ਔਰ ਏਸੇ ਹੀ ਤਰੀਕੇ ਨਾਲ ਗੁਰਦਵਾਰਾ ਧਰਮ ਦਾ ਕੇਂਦਰ ਹੈ, ਕਈ ਦਫ਼ਾ ਐਸਾ ਹੁੰਦਾ ਹੈ ਕਿ ਮਨੁੱਖ ਅਧਰਮ ਦੀ ਪ੍ਰੇਰਨਾ ਵੀ ਲੈ ਜਾਂਦਾ ਹੈ। ਕਹਿੰਦੇ ਨੇ ਸੋਨੇ ਦਾ ਵੀ ਛੁਰਾ ਜੇ ਬਣਾ ਲਈਏ ਤਾਂ ਪੇਟ ਪਾੜਿਆ ਜਾ ਸਕਦਾ ਹੈ। ਲੋਹੇ ਦੇ ਛੁਰੇ ਨਾਲ ਤਾਂ ਪੇਟ ਪਾੜਿਆ ਜਾ ਸਕਦਾ ਹੈ, ਪਰ ਸੋਨੇ ਦੇ ਛੁਰੇ ਨਾਲ ਵੀ ਕਿਸੇ ਦਾ ਪੇਟ ਪਾੜਿਆ ਜਾ ਸਕਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਘੁੰਮ ਫਿਰ ਕੇ ਐਸਾ ਅਧਿਐਨ ਕੀਤਾ ਹੈ ਕਿ ਸੰਸਾਰ ਦੇ ਵਿਚ ਬਹੁਤ ਸਾਰੇ ਮਨੁੱਖ ਐਸੇ ਨੇ, ਜੋ ਧਰਮ ਦਾ ਪ੍ਰਭਾਵ ਕਬੂਲਣ ਤੋਂ ਅਸਮਰਥ ਨੇ। ਅੰਦਰ ਕੋਈ ਐਸੀ ਗੱਲ ਹੀ ਨਹੀਂ ਜੋ ਅਸਰ ਕਬੂਲ ਕਰ ਸਕਣ। ਜੈਸੇ ਇਕ ਦੀਵੇ ਵਿਚ ਤੇਲ ਨਾ ਹੋਵੇ, ਬੱਤੀ ਨਾ ਹੋਵੇ ਤੇ ਹੁਣ ਮਾਚਿਸ ਫੂਕੀ ਜਾਈਏ, ਜਗਾਉਣ ਦੀ ਕੋਸ਼ਿਸ਼ ਕਰੀਏ, ਕਿਸ ਤਰ੍ਹਾਂ ਜਗੇਗਾ ਦੀਵਾ? ਗੁਰੂ ਦਾ ਸ਼ਬਦ ਇਕ ਜੋਤਿ ਹੈ, ਇਕ ਨੂਰ ਹੈ ਤੇ ਅਸੀਂ ਆਪਣੇ ਹਿਰਦੇ ਰੂਪੀ ਦੀਵੇ ਨੂੰ ਰੌਸ਼ਨ ਕਰਨਾ ਹੈ। ਹੁਣ ਸਾਡੇ ਅੰਦਰ ਸ਼ਰਧਾ ਦਾ ਤੇਲ ਨਾ ਹੋਵੇ, ਤੇ ਭੈ ਦੀ ਵਟੀ ਨਾ ਹੋਵੇ ਤਾਂ ਖਿਮਾ ਕਰਨੀ, ਕੀਰਤਨ ਹੁੰਦਾ ਰਹੇਗਾ, ਸਾਡਾ ਦੀਵਾ ਬੁਝਿਆ ਰਹੇਗਾ, ਰੌਸ਼ਨੀ ਨਹੀਂ ਹੋਵੇਗੀ। ਗੁਰਦਵਾਰੇ ਵਿਚ ਸਤਿਸੰਗ ਵਿਚ ਆਵਣਾ ਹੈ ਰੌਸ਼ਨੀ ਲੈਣ ਵਾਸਤੇ

ਤੇ ਦੀਵਾ ਖ਼ਾਲੀ ਨਹੀਂ ਚਾਹੀਦਾ। ਇਹਦੇ 'ਚ ਕੋਈ ਤੇਲ ਚਾਹੀਦਾ ਹੈ, ਕੋਈ ਵਟੀ ਚਾਹੀਦੀ ਹੈ ਤੇ ਜਦ ਵੀ ਕੋਈ ਕਿਸੇ ਥਾਂ 'ਤੇ ਰਿਸ਼ੀ, ਮੁਨੀ, ਪੀਰ-ਪੈਗ਼ੰਬਰ ਦੇਖ ਲੈਂਦੇ ਸਨ ਕਿਸੇ ਮਨੁੱਖ ਨੂੰ ਕਿ ਤੈਨੂੰ ਰੌਸ਼ਨੀ ਦੇਣੀ ਬਹੁਤ ਔਖੀ ਗੱਲ ਹੈ, ਬਹੁਤ ਹੀ ਔਖੀ, ਕਿਉਂਕਿ ਤੇਰੇ ਮਨ ਰੂਪੀ ਦੀਵੇ 'ਚ ਸ਼ਰਧਾ ਰੂਪੀ ਤੇਲ ਹੀ ਕੋਈ ਨਹੀਂ, ਅਤੇ ਭੈ ਦੀ ਬੱਤੀ ਹੀ ਕੋਈ ਨਹੀਂ, ਤੇਰੇ ਅੰਦਰ ਧਰਮ ਦਾ ਰਸ ਪਾਉਣਾ ਬੜੀ ਹੀ ਔਖੀ ਗੱਲ ਹੈ।

ਆਓ ਪਹਿਲੇ ਪਾਤਸ਼ਾਹ ਜੀ ਦਾ ਇਕ ਸ਼ਬਦ ਮੈਂ ਤੁਹਾਡੇ ਸਾਹਮਣੇ ਰੱਖਾਂ, ਜਿਸ ਵਿਚ ਸਾਹਿਬ ਕਹਿੰਦੇ ਨੇ, ਜੈਸੇ ਬੁਖ਼ਾਰ ਚੜ੍ਹੇ ਮਨੁੱਖ ਨੂੰ ਭੋਜਨ ਨਹੀਂ ਚੰਗਾ ਲਗਦਾ, ਤ੍ਰਿਸ਼ਨਾ-ਗ੍ਰਸੇ ਮਨ ਨੂੰ ਭਜਨ ਵੀ ਨਹੀਂ ਚੰਗਾ ਲਗਦਾ। ਲੋਭ-ਗ੍ਰਸੇ ਮਨ ਨੂੰ ਧਰਮ ਨਹੀਂ ਚੰਗਾ ਲਗਦਾ ਅਤੇ ਦੁਬਿਧਾ ਵਿਚ ਪਏ ਮਨ ਨੂੰ ਗੁਰਬਾਣੀ ਨਹੀਂ ਚੰਗੀ ਲਗੇਗੀ, ਤੇ ਸਾਹਿਬ ਨੇ ਇਕ ਸਰੋਵਰ ਵੇਖਿਆ ਹੈ, ਉਸ ਦੇ ਵਿਚ ਆਪ ਜੀ ਕੰਵਲ ਦੇ ਫੂਲ ਵੇਖਦੇ ਪਏ ਨੇ। ਸਤਿਗੁਰੂ ਜੀ ਬੈਠ ਗਏ ਨੇ ਤੇ ਕੀ ਦੇਖਦੇ ਹਨ ਕਿ ਇਸ ਸਰੋਵਰ ਵਿਚ ਇਕ ਮੇਂਡਕ (ਡੱਡੂ) ਭੀ ਹੈ। ਘੁੰਮ ਰਿਹਾ ਹੈ, ਉਹ ਲੱਭ ਰਿਹਾ ਹੈ ਸਰੋਵਰ ਵਿਚੋਂ ਕੁਛ ਗੰਦਗੀ, ਕੀੜੇ-ਮਕੌੜੇ। ਥੋੜੀ ਦੇਰ ਵਿਚ ਸੂਰਜ ਚੜ੍ਹਿਆ ਹੈ, ਕੰਵਲ ਦੇ ਫੁਲ ਖਿੜੇ ਨੇ ਤੇ ਭੌਰਿਆਂ ਦੀਆਂ ਡਾਰਾਂ ਦੀਆਂ ਡਾਰਾਂ ਆ ਗਈਆਂ। ਉਹ ਕੰਵਲ ਦੇ ਫੁੱਲ 'ਤੇ ਬੈਠ ਗਏ। ਬੱਸ ਇਤਨਾ ਵੇਖਦੇ ਸ਼ਾਰ ਇਕ ਰੱਬੀ ਕਲਾਮ ਸਾਹਿਬ ਸ੍ਰੀ ਗੁਰੂ ਨਾਨਕ ਜੀ ਦੇ ਅੰਦਰੋਂ ਫੁਟੀ ਏ। ਸਾਹਿਬ ਕਹਿੰਦੇ ਨੇ :

**ਦਾਦਰ ਤੂ ਕਬਹਿ ਨ ਜਾਨਸਿ ਰੇ ॥**
**ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥** *(੯੯੦)*

ਐ ਮੇਂਡਕ ! ਤੂੰ ਰਹਿੰਦਾ ਨਿਰਮਲ ਸਰੋਵਰ ਵਿਚ ਹੈਂ। ਉਸ ਸਰੋਵਰ ਵਿਚ, ਜਿਥੇ ਕੰਵਲ ਦਾ ਫੁਲ ਹੈ ਤੇ ਤੂੰ ਉਸ ਨਿਰਮਲ ਜਲ 'ਚ ਰਹਿ ਕੇ ਵੀ ਕੰਵਲ ਫੁਲ ਦੇ ਨੇੜੇ ਨਹੀਂ ਜਾਂਦਾ, ਤੇ ਤੂੰ ਉਥੋਂ ਗੰਦਗੀ ਲੱਭਦਾ ਪਿਆ ਹੈਂ, ਕੀੜੇ-ਮਕੌੜੇ ਲੱਭ ਰਿਹਾ ਹੈਂ। ਤੂੰ ਉਥੋਂ ਕਾਈ ਲੱਭ ਕੇ ਖਾ ਰਿਹਾ ਹੈਂ, ਤੇਰਾ ਇਸ ਅੰਮ੍ਰਿਤ ਨਾਲ ਕੋਈ ਸੰਬੰਧ ਹੀ ਨਹੀਂ। ਫੁਲ ਦੇ ਕੋਲ ਰਹਿੰਦਾ ਹੋਇਆ ਵੀ ਤੂੰ ਫੁਲ ਦੀ ਸਾਰ ਨਾ ਜਾਣੀ। ਤੇ ਫੁਲਾਂ ਦੀ ਮਿਠਾਸ ਨੂੰ ਭੰਵਰੇ ਪਏ ਕੱਢਦੇ ਨੇ। ਹੱਦ ਹੋ ਗਈ, ਤੂੰ ਨਿਰਮਲ ਸਰੋਵਰ ਵਿਚੋਂ ਭੀ ਗੰਦਗੀ ਲੱਭ ਰਿਹਾ ਹੈਂ।

ਹੁਣ ਇਥੇ ਪੁਛਿਆ ਜਾ ਸਕਦਾ ਹੈ, ਬਾਬਾ ਜੀ ਇਥੇ ਕੀ ਆਖਦੇ ਪਏ ਨੇ। ਧਾਰਮਿਕ ਮੰਦਰ ਇਕ ਨਿਰਮਲ ਸਰੋਵਰ ਹੁੰਦਾ ਹੈ। ਗੁਰੂ ਦਾ ਸ਼ਬਦ ਇਕ

ਖਿੜਿਆ ਹੋਇਆ ਕੰਵਲ ਦਾ ਫੁਲ ਹੈ। ਪਰ ਜੈਸੇ ਸਰੋਵਰ ਵਿਚ ਕਾਈ ਹੁੰਦੀ ਏ, ਅਕਸਰ ਧਾਰਮਿਕ ਮੰਦਰਾਂ 'ਚ ਵੀ ਮਾਇਆ ਦੀ ਕਾਈ ਹੁੰਦੀ ਏ, ਜ਼ਰੂਰ ਹੁੰਦੀ ਹੈ। ਤੇ ਅਕਸਰ ਜਿਹੜੇ ਮੇਂਡਕ ਸਮਾਨ ਬਿਰਤੀ ਦੇ ਹੁੰਦੇ ਹਨ, ਬਾਬਾ ਨਾਨਕ ਜੀ ਕਹਿੰਦੇ ਨੇ ਉਹ ਗੁਰਦਵਾਰੇ 'ਚ ਆ ਕੇ ਸ਼ਬਦ ਦਾ ਰਸ ਨਹੀਂ ਲੈਂਦੇ। ਜਿਹੜਾ ਖਿੜਿਆ ਹੋਇਆ ਕੰਵਲ ਹੈ ਉਸ ਦਾ ਰਸ ਨਹੀਂ ਲੈਂਦੇ। ਬਲਕਿ ਉਸ ਧਾਰਮਿਕ ਮੰਦਰ ਰੂਪੀ ਸਰੋਵਰ ਵਿਚ ਜਿਹੜੀ ਕਾਈ ਪਈ ਹੈ ਨਾ, ਉਹਦੇ ਵਿਚੋਂ ਕੀੜੇ-ਮਕੌੜੇ ਲੱਭਦੇ ਪਏ ਨੇ। ਇਹ ਸ਼ਬਦ ਤੁਹਾਡੇ ਸਾਹਮਣੇ ਮੈਂ ਇਸ ਵਾਸਤੇ ਰੱਖ ਰਿਹਾ ਹਾਂ ਕਿ ਪਹਿਲੇ ਸਾਨੂੰ ਗੁਰਦਵਾਰੇ ਆਵਣ ਦਾ ਢੰਗ ਪਤਾ ਹੋਣਾ ਚਾਹੀਦਾ ਹੈ। ਕਿਸ ਵਾਸਤੇ ਆਏ ਹਾਂ ? ਕਿਉਂ ਆਏ ਹਾਂ ? ਪਤਾ ਹੋਣਾ ਚਾਹੀਦਾ ਹੈ। ਇਹ ਕਿਉਂ ਬਣਾਏ ਨੇ ? ਕਿਸ ਵਾਸਤੇ ਬਣਾਏ ਨੇ ? ਇਹ ਠੀਕ ਹੈ ਜਿਤਨੀਆਂ ਜ਼ਿਆਦਾ ਟਕਸਾਲਾਂ ਹੋਵਣ, ਚੰਗੀਆਂ ਹਨ। ਜਿਤਨੇ ਜ਼ਿਆਦਾ ਸਰੋਵਰ ਹੋਵਣ, ਬਹੁਤ ਅੱਛੇ ਨੇ। ਲੇਕਿਨ ਬਣਨਾ ਅਸੀਂ ਭੌਰੇ ਹੈ ਮੇਂਡਕ ਨਹੀਂ। ਬੱਸ ਇੰਨੀ ਕੁ ਅਰਜ਼ ਹੈ।

ਤੇ ਸਾਹਿਬ ਕਹਿੰਦੇ ਨੇ, ਐ ਮੇਂਡਕ ! ਤੂੰ ਰਹਿੰਦਾ ਸਰੋਵਰ ਦੇ ਵਿਚ ਹੈਂ, ਲੇਕਿਨ ਕੰਵਲ ਦੀ ਸਾਰ ਹੀ ਨਹੀਂ ਜਾਣਦਾ। ਤੈਨੂੰ ਪਤਾ ਹੀ ਨਹੀਂ ਕਿ ਕੰਵਲ ਦੇ ਵਿਚ ਕੀ ਰਸ ਹੈ, ਇਸ ਵਿਚ ਮਿਠਾਸ ਕਿੰਨੀ ਹੈ। ਫਿਰ ਮੇਂਡਕ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਨੇ, "ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ।" ਐ ਮੇਂਡਕ ! ਤੇਰੀ ਤਰ੍ਹਾਂ ਇਹ ਭੰਵਰਾ ਪਾਣੀ ਵਿਚ ਨਹੀਂ ਰਹਿੰਦਾ। ਦੂਰੋਂ ਚਲ ਕੇ ਆਇਆ ਹੈ, ਪਰ ਕਾਈ ਨਾਲ ਕੋਈ ਮਤਲਬ ਹੀ ਨਹੀਂ। ਕੀੜਿਆਂ-ਮਕੌੜਿਆਂ ਨਾਲ ਕੋਈ ਮਤਲਬ ਹੀ ਨਹੀਂ। ਇਹ ਸਿੱਧਾ ਕੰਵਲ ਦੇ ਫੁੱਲ 'ਤੇ ਆ ਕੇ ਬੈਠਾ ਹੈ, ਰਸ ਪਿਆ ਕੱਢਦਾ ਹੈ। ਅਨੰਦ ਲੈ ਰਿਹਾ ਹੈ। ਹੁਣ ਕਾਈ ਕਿਸ ਨੂੰ ਕਿਹਾ ਹੈ ? ਹਉਮੈ ਦੀ ਕਾਈ ਵੀ ਗੁਰਦਵਾਰਿਆਂ 'ਚ ਹੁੰਦੀ ਹੈ। ਕਈ ਵਾਰ ਇਥੇ ਆਉਣ ਨਾਲ ਹਉਮੈ ਵਧ ਜਾਂਦੀ ਹੈ। ਕਈ ਦਫ਼ਾ ਐਸਾ ਵੀ ਹੁੰਦਾ ਹੈ ਕਿ ਇਕ ਪ੍ਰਧਾਨ ਨੂੰ ਤੁਸੀਂ ਪ੍ਰਧਾਨਗੀ ਤੋਂ ਹਟਾ ਦਿਓ ਤਾਂ ਉਹ ਗੁਰਦਵਾਰੇ ਆਉਣਾ ਹੀ ਛਡ ਦਿੰਦਾ ਹੈ। ਇਕ ਸਕੱਤਰ ਨੂੰ ਤੁਸੀਂ ਸਕੱਤਰੀ ਤੋਂ ਹਟਾ ਦਿਓ ਤਾਂ ਉਹ ਗੁਰਦਵਾਰੇ ਵੜਨਾ ਹੀ ਬੰਦ ਕਰ ਦਿੰਦਾ ਹੈ। ਇਹਦਾ ਮਤਲਬ ਹੋਇਆ ਗੁਰਦਵਾਰੇ 'ਚ ਪ੍ਰਧਾਨਗੀ ਜਾਂ ਸਕੱਤਰੀ ਵਾਸਤੇ ਆ ਰਿਹਾ ਸੀ, ਨਾ ਕਿ ਸ਼ਬਦ ਵਾਸਤੇ ਆ ਰਿਹਾ ਸੀ। ਗੁਰਬਾਣੀ ਵਾਸਤੇ ਤੇ ਨਹੀਂ ਆ ਰਿਹਾ ਸੀ ਤੇ ਕਈਆਂ ਨੂੰ ਹਟਾ ਦੇਈਏ ਨਾ, ਤੇ ਜਦ ਤਕ ਉਹਨਾਂ ਨੂੰ ਉਹੀ ਕੁਰਸੀ ਨਾ ਲਭੇ ਤਾਂ ਵਿਚਾਰਿਆਂ ਨੂੰ ਚੈਨ ਵੀ ਨਹੀਂ ਆਉਂਦੀ, ਸ਼ਾਂਤੀ ਵੀ ਨਹੀਂ

ਆਉਂਦੀ। ਔਰ ਕਈ ਦਫਾ ਤਾਂ ਕੁਰਸੀ ਲਈ ਨਵਾਂ ਗੁਰਦਵਾਰਾ ਬਣਾਉਣ ਤਕ ਵੀ ਜਾਂਦੇ ਹਨ। ਇਕ ਜ਼ਮਾਨਾ ਸੀ ਕਿ ਨਵਾਬੀਆਂ ਨੂੰ ਵੀ ਸਿਖ ਪੈਰਾਂ ਤਲੇ ਰੋਲ ਦੇਂਦੇ ਸਨ, ਨਹੀਂ ਚਾਹੀਦੀ। ਬੜਾ ਤਿਆਗ ਸੀ। ਸਤਿਗੁਰ ਦੇਵ ਜੀ ਮਹਾਰਾਜ ਨੇ ਸਿੱਖ ਦੀ ਮੂਰਤੀ ਇਸ ਢੰਗ ਦੀ ਘੜੀ ਸੀ, ਲੇਕਿਨ ਸਹਿਜੇ ਸਹਿਜੇ ਸਿਲਸਿਲਾ ਇਤਨਾ ਵਿਗੜਿਆ ਹੈ। ਧਾਰਮਿਕ ਮੰਦਰਾਂ ਦੀ ਸਾਡੇ ਕੋਲ ਘਾਟ ਨਹੀਂ, ਧਾਰਮਿਕ ਉਪਦੇਸ਼ ਦੀ ਵੀ ਘਾਟ ਨਹੀਂ, ਬੜਾ ਕਥਾ ਕੀਰਤਨ ਹੋ ਰਿਹਾ ਹੈ। ਲੇਕਿਨ ਭਾਂਡਿਆਂ ਦੀ ਘਾਟ ਹੈ, ਜਿਸ ਵਿਚ ਇਹ ਵਸਤੂ ਪੈ ਸਕੇ। ਜਿਸ ਵਿਚ ਇਹ ਰਸ ਪੈ ਸਕੇ। ਜਿਸ ਵਿਚ ਇਹ ਮਹਾਨ ਅੰਮ੍ਰਿਤ ਪੈ ਸਕੇ।

ਸੋ ਸਾਹਿਬ ਉਪਦੇਸ਼ ਕਰਦੇ ਨੇ, ਐ ਮੇਂਡਕ ! ਤੇਰੀ ਤਰ੍ਹਾਂ ਇਹ ਭੰਵਰਾ ਪਾਣੀ ਦੇ ਵਿਚ ਨਹੀਂ ਰਹਿੰਦਾ। "ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ।" ਇਹ ਭੰਵਰਾ ਬਾਹਰੋਂ ਬਹੁਤ ਦੂਰੋਂ ਚੱਲ ਕੇ ਆਇਆ ਹੈ। ਚੂੰਘ ਰਿਹਾ ਹੈ ਫੁੱਲ ਨੂੰ। ਵਿਚੋਂ ਰਸ ਕੱਢ ਰਿਹਾ ਹੈ। ਪਰ ਤੂੰ ਪਾਣੀ ਵਿਚ ਰਹਿੰਦਾ ਹੋਇਆ ਵੀ, ਕੰਵਲ ਦੇ ਨੇੜੇ ਰਹਿੰਦਾ ਹੋਇਆ ਵੀ, ਗੱਲ ਨਹੀਂ ਜਾਣੀ। ਗੁਸਤਾਖ਼ੀ ਮੁਆਫ਼ ! ਮੈਂ ਵੀ ਇਸੇ ਸ਼੍ਰੇਣੀ ਵਿਚੋਂ ਹਾਂ, ਅਕਸਰ ਗੁਰਦਵਾਰਿਆਂ ਵਿਚ ਗੁਣੀ ਗਿਆਨੀ ਜ਼ਿਆਦਾ ਰਹਿੰਦੇ ਹਨ। ਗ੍ਰੰਥੀ ਸਿੰਘ ਹੋਏ, ਮੈਂ ਹੋਇਆ। ਰਾਗੀ ਪ੍ਰਚਾਰਕ ਹੋਏ। ਕੁਛ ਤਨਜ਼ ਬਾਬੇ ਨਾਨਕ ਨੇ ਇਹਨਾਂ 'ਤੇ ਵੀ ਕਰ ਦਿੱਤੀ ਹੈ। ਪ੍ਰਿੰਸੀਪਲ ਗੰਗਾ ਸਿੰਘ ਤੇ ਇਹ ਕਿਹਾ ਕਰਦੇ ਸਨ ਕਿ ਸ਼ਾਇਦ ਨਾਸਤਕਤਾ ਇਸ ਤਬਕੇ ਕਰਕੇ ਪੈਦਾ ਹੋਈ ਹੈ। ਕਿਉਂਕਿ ਗੁਰੂ ਦੇ ਨੇੜੇ ਰਹਿੰਦੇ ਹੋਏ ਵੀ ਇਹ ਗੁਰੂ ਤੋਂ ਬਹੁਤ ਦੂਰ ਹੁੰਦੇ ਹਨ। ਧਰਮ ਮੰਦਰ ਵਿਚ ਰਹਿੰਦਿਆਂ ਹੋਇਆਂ ਉਹਨਾਂ ਦੀ ਮੂਰਤੀ ਅਧਰਮ ਦੀ ਹੁੰਦੀ ਹੈ, ਧਰਮ ਦੀ ਮੂਰਤੀ ਨਹੀਂ। ਔਰ ਸਾਹਿਬਾਂ ਨੇ 'ਸਰਬ ਲੋਹ ਗ੍ਰੰਥ' ਵਿਚ ਪੁਜਾਰੀ 'ਤੇ ਬਹੁਤ ਕੁਝ ਲਿਖਿਆ ਹੈ। ਸਿੱਖ ਬਣੇ ਜ਼ਰੂਰ, ਲੇਕਿਨ ਇਕ ਆਦਰਸ਼ਕ ਜ਼ਿੰਦਗੀ ਪੇਸ਼ ਕਰੇ। ਖ਼ੈਰ, ਕੁਛ ਅਸੀਂ ਮਾਹੌਲ ਵੀ ਐਸਾ ਬਣਾਇਆ ਹੈ ਕਿ ਸਾਨੂੰ ਗੁਰਦਵਾਰਿਆਂ ਦਾ ਗ੍ਰੰਥੀ ਨਹੀਂ ਚਾਹੀਦਾ ਹੁੰਦਾ, ਸਾਨੂੰ ਚਪੜਾਸੀ ਚਾਹੀਦਾ ਹੁੰਦਾ ਹੈ। ਜਿਸ ਤੋਂ ਇਹ ਮਾਹੌਲ ਖ਼ਰਾਬ ਹੋਇਆ ਹੈ। ਮੈਂ ਤੇ ਅਕਸਰ ਇਹ ਕਿਹਾ ਕਰਦਾ ਹਾਂ ਕਿ ਜਿਹਦਾ ਹੁਕਮ ਘਰ ਵੀ ਨਾ ਚੱਲੇ, ਬਾਹਰ ਵੀ ਨਾ ਚੱਲੇ, ਘਰ ਵਾਲੀ ਵੀ ਨਾ ਮੰਨੇ, ਬੱਚੇ ਵੀ ਨਾ ਮੰਨਣ, ਉਹ ਕਹਿੰਦਾ ਹੈ ਕੋਈ ਨਹੀਂ ਗ੍ਰੰਥੀ ਸਿੰਘ ਜ਼ਿੰਦਾ ਰਹੇ, ਸਾਰੀ ਕਸਰ ਕੱਢਾਂਗੇ ਗੁਰਦਵਾਰੇ ਜਾ ਕੇ। ਇਸ ਤਰੀਕੇ ਨਾਲ ਮੈਂ ਵੇਖਦਾ ਹਾਂ। ਇਹ ਭੜਾਸ ਅਕਸਰ ਇਸ ਤਰੀਕੇ ਨਾਲ ਕੱਢੀ ਜਾਂਦੀ ਹੈ। ਇਸ ਭੜਾਸ ਦਾ ਸਦਕਾ ਹੈ ਕਿ ਚੰਗੇ ਪੁਰਸ਼ ਇਸ ਪਾਸੇ

ਵਲ, ਗ੍ਰੰਥੀ ਪ੍ਰਚਾਰਕ ਦੇ ਪਾਸੇ ਵਲ ਆਉਣੋਂ ਹਟ ਗਏ ਹਨ। ਫਿਰ ਵੀ ਜਿਹੜੇ ਹਨ ਉਹਨਾਂ 'ਤੇ ਜ਼ਿੰਮੇਵਾਰੀ ਬਹੁਤ ਹੈ।

ਸਾਹਿਬ ਕਹਿੰਦੇ ਨੇ, ਇਹ ਰਹਿੰਦਾ ਗੁਰਦਵਾਰੇ ਦੇ ਵਿਚ ਪਿਆ ਹੈ, ਲੇਕਿਨ ਉਹ ਜਿਹੜਾ ਸ਼ਬਦ ਦਾ ਕੰਵਲ ਖਿੜਿਆ ਹੈ, ਉਹਦੇ ਨਾਲ ਕੋਈ ਮਤਲਬ ਨਹੀਂ, ਸ਼ਬਦ ਦੇ ਰਸ ਨਾਲ ਕੋਈ ਮਤਲਬ ਨਹੀਂ। ਗ੍ਰੰਥੀ ਸਿੰਘਾਂ ਦੀ ਪ੍ਰਥਾ ਚਲੀ ਹੈ ਬਾਬਾ ਬੁੱਢਾ ਜੀ ਤੋਂ, ਤੇ ਹੁਣ ਬਾਬੇ ਬੁੱਢੇ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਜਿਹੜਾ ਵੀ ਕੋਈ ਗ੍ਰੰਥੀ ਬਣਦਾ ਹੈ ਉਸ ਨੂੰ ਇਹ ਤੇ ਸਮਝ ਲੈਣਾ ਚਾਹੀਦਾ ਹੈ ਕਿ ਮੈਂ ਉਸ ਸਿੰਘਾਸਣ 'ਤੇ ਬੈਠਾ ਹਾਂ ਜਿਸ ਸਿੰਘਾਸਣ 'ਤੇ ਗੁਰੂ ਅਰਜਨ ਦੇਵ ਜੀ ਨੇਂ ਬਾਬੇ ਬੁੱਢੇ ਨੂੰ ਬਿਠਾਇਆ ਸੀ। ਬਹੁਤ ਵੱਡੀ ਜ਼ਿੰਮੇਵਾਰੀ ਆਇਦ ਹੋ ਜਾਂਦੀ ਹੈ।

ਤੇ ਸਾਹਿਬ ਕਹਿੰਦੇ ਨੇ, ਗੁਰਦਵਾਰੇ, ਧਾਰਮਿਕ ਮੰਦਰ ਕੀ ਹਨ ? ਇਹ ਇਕ ਨਿਰਮਲ ਸਰੋਵਰ ਹਨ। ਲੇਕਿਨ ਇਸ ਨਿਰਮਲ ਸਰੋਵਰ ਵਿਚ ਥੋੜ੍ਹੀ ਜਿਹੀ ਕਾਈ ਜ਼ਰੂਰ ਹੈ। ਝਗੜਾ ਜਦ ਵੀ ਸ਼ੁਰੂ ਹੋਵੇਗਾ ਹਉਮੈ ਤੋਂ। ਲੇਕਿਨ ਹਉਮੈ ਗੁਰਦਵਾਰੇ ਆ ਕੇ ਖੜੀ ਹੋ ਜਾਂਦੀ ਹੈ। ਔਰ ਕੁਝ ਮਾਇਆ ਦੀ ਕਾਈ ਵੀ ਜ਼ਰੂਰ ਹੈ। ਆਪ ਨੂੰ ਪਤਾ ਹੋਵੇ, ਸਤਿਗੁਰਾਂ ਨੇ ਕਿਹਾ ਸੀ ਕਿ ਗ਼ਰੀਬ ਦਾ ਮੂੰਹ ਮੇਰੀ ਗੋਲਕ ਹੈ। ਤੇ ਹੁਣ ਗੋਲਕ ਕਰ ਲਈ ਬਹੁਤ ਸਾਰੀ ਇਕੱਠੀ, ਬੈਂਕ ਬੈਲੰਸ ਬਹੁਤ ਵਧ ਜਾਣ ਤੇ ਸਿਵਾਏ ਲੜਾਈ ਝਗੜਿਆਂ ਤੋਂ ਕੁਝ ਨਹੀਂ ਹੁੰਦਾ, ਜੋ ਮੈਂ ਹਰ ਥਾਂ 'ਤੇ ਦੇਖਦਾ ਹਾਂ। 'ਗ਼ਰੀਬ ਦਾ ਮੂੰਹ ਮੇਰੀ ਗੋਲਕ ਹੈ' ਵੇਖਿਆ ਕਰੋ ਸਿੱਖਾਂ ਦੇ ਵਿਚੋਂ ਕਿਹੜਾ ਮਜਬੂਰ ਹੈ, ਕਿਹੜਾ ਪਛੜ ਗਿਆ ਹੈ। ਕਿਸ ਦੇ ਘਰ ਕੋਈ ਐਸੀ ਬੱਚੀ ਹੈ ਜੋ ਉਸ ਨੂੰ ਉਠਾ ਨਹੀਂ ਸਕਦਾ। ਕਿਸ ਦੇ ਐਸੇ ਬੱਚੇ ਨੇ ਜੋ ਜ਼ਿੰਦਗੀ ਦੀ ਦੌੜ ਵਿਚ ਪਛੜ ਗਏ ਨੇ। 'ਗ਼ਰੀਬ ਦਾ ਮੂੰਹ ਮੇਰੀ ਗੋਲਕ ਹੈ' ਇਸ ਗੋਲਕ ਨੂੰ ਸਮਝਿਆ ਕਰੋ ਜੁ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਬਚਨ ਕਹੇ ਨੇ।

ਖ਼ੈਰ, ਮਹਾਰਾਜ ਅਗੇ ਕਹਿੰਦੇ ਨੇ "ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ ॥" ਇਹ ਜਿਹੜਾ ਭੰਵਰਾ ਹੈ ਸਰੋਵਰ ਦੇ ਵਿਚ ਨਹੀਂ ਰਹਿੰਦਾ, ਪਰ ਦੇਖ ਕੇ, ਸਹੀ ਤੜਫ ਦਾ ਮਾਰਿਆ ਦੂਰੋਂ ਆਇਆ ਹੈ, ਉਡ ਕੇ ਆਇਆ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਆਪਣੇ ਉਪਰ ਗੱਲ ਲੈਂਦੇ ਨੇ :

ਦਾਦਰ ਸਰੋਵਰ ਮੈ ਜਾਨੀ ਨ ਕਮਲ ਗਤਿ,  
ਮਧੁਕਰ ਮਨ ਮਕਰੰਦ ਕੈ ਬਿਮੋਹੈ ਹੈ।....  
ਨਿਕਟਿ ਬਸਤ ਮਮ ਗੁਰ ਉਪਦੇਸ਼ ਹੀਨ,  
ਦੂਰੰਤਰਿ ਸਿਖਿ ਉਰ ਅੰਤਰਿ ਲੈ ਪੋਹੇ ਹੈ।੫੦੭।

ਭਾਈ ਸਾਹਿਬ ਕਹਿੰਦੇ ਨੇ, ਮੈਂ ਰਹਿੰਦਾ ਤੇ ਗੁਰੂ ਦੇ ਬਹੁਤ ਨੇੜੇ ਹਾਂ (ਗੱਲ ਆਪਣੇ ਉਪਰ ਲਈ ਹੈ, ਮਹਾਂਪੁਰਖਾਂ ਦੇ ਸਮਝਾਣ ਦਾ ਢੰਗ ਹੈ) ਪਰ ਗੁਰਬਾਣੀ ਦਾ ਰਸ ਨਹੀਂ ਮਾਣ ਸਕਿਆ। ਇਹ ਸਿੱਖ ਦੂਰੋਂ ਚਲ ਕੇ ਆਏ ਨੇ ਤੇ ਅਨੰਦ ਲੈ ਕੇ ਜਾ ਰਹੇ ਨੇ। ਭਾਈ ਸਾਹਿਬ ਆਪਣੀ ਉਦਾਹਰਣ ਸਾਹਮਣੇ ਰਖਦੇ ਨੇ। ਪਰ ਤਨਜ਼ ਉਹਨਾਂ 'ਤੇ ਪਏ ਕਰਦੇ ਨੇ ਜਿਹੜੇ ਗੁਰੂ ਦੇ ਨੇੜੇ ਹੁੰਦੇ ਹੋਏ ਵੀ ਗੁਰੂ ਤੋਂ ਬਹੁਤ ਦੂਰ ਹੁੰਦੇ ਨੇ। ਭਾਵ ਕਈ ਨੇੜੇ ਦੇ ਬਹੁਤ ਦੂਰ ਹੋ ਜਾਂਦੇ ਨੇ ਤੇ ਕਈ ਦਫ਼ਾ ਦੂਰ ਦੇ ਬਹੁਤ ਨੇੜੇ ਹੋ ਜਾਂਦੇ ਨੇ, ਐਸਾ ਵੀ ਵੇਖਣ ਨੂੰ ਆਇਆ ਹੈ। ਜਿਹਨਾਂ ਨੂੰ ਅਸੀਂ ਕਹਿੰਦੇ ਹਾਂ ਇਹ ਗੁਰੂ ਦੇ ਬਹੁਤ ਨੇੜੇ ਨੇ, ਲੇਕਿਨ ਕਦੀ ਬਾਗ਼ੌਰ ਮੁਤਾਲਾ ਕਰੋਗੇ ਤਾਂ ਇਹ ਨੇੜਤਾ ਵੀ ਬਹੁਤ ਦੂਰ ਦੀ ਹੁੰਦੀ ਹੈ।

ਤੇ ਸਾਹਿਬ ਹੁਣ ਸ਼ਬਦ ਨੂੰ ਖੋਲ੍ਹਦੇ ਨੇ ਤੇ ਗੁਰੂ ਨਾਨਕ ਦੇਵ ਜੀ ਦਾ ਸਮਝਾਣ ਦਾ ਢੰਗ ਵੀ ਬੜਾ ਨਿਰਾਲਾ ਹੈ ਅਤੇ ਮੇਰੇ ਅੰਦਰ ਜਜ਼ਬਾਤ ਇਹ ਨੇ ਕਿ ਜੈਸੇ ਸੋਹਣੇ ਸੋਹਣੇ ਗੁਰਦਵਾਰੇ ਬਣੇ ਹੋਏ ਨੇ, ਇਥੇ ਸਿੱਖ ਦੀ ਮੂਰਤੀ ਇਤਨੀ ਸੁੰਦਰ ਹੋਵੇ ਕਿ ਉਹਨੂੰ ਵੇਖਦਿਆਂ ਹੀ ਗੁਰੂ ਚੇਤੇ ਆਵੇ, ਇੰਨੀ ਗੱਲ ਹੈ।

**ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥**
**ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ ॥** *(੯੯੦)*

ਪ੍ਰਕਰਣ ਬਦਲਿਆ ਹੈ, ਸ਼ਬਦ ਇਕੋ ਹੈ। ਇਸ ਸਰੋਵਰ ਵਿਚ ਜਿਹੜਾ ਜਾਲਾ ਹੈ ਨਾ, ਕਾਈ ਇਹ ਇਸ ਸਰੋਵਰ ਵਿਚੋਂ ਕਰੂਪਤਾ ਲਭ ਰਹੀ ਏ, ਦੁਰਗੰਧੀ ਲਭ ਰਹੀ ਏ, ਬਦਬੋ ਆਂਦੀ ਹੈ ਕਾਈ ਦੇ ਵਿਚੋਂ। ਤੇ ਇਹ ਕੰਵਲ ਵੀ ਉਸੇ ਪਾਣੀ ਦੇ ਵਿਚੋਂ ਪੈਦਾ ਹੋਇਆ ਹੈ। ਇਹਦੇ 'ਚ ਸੁਗੰਧੀ ਹੈ, ਇਹਦੇ 'ਚ ਰਸ ਹੈ, ਸਰੋਵਰ ਇਕ ਹੈ। ਕਈ ਬੰਦੇ ਗੁਰਦਵਾਰੇ 'ਚੋਂ ਹੀ ਗੰਦਗੀ ਲੱਭ ਲੈਂਦੇ ਨੇ। ਇਥੇ ਹੀ ਆ ਕੇ ਮਨਮੁਖ ਬਣ ਜਾਂਦੇ ਨੇ, ਉਂਜ ਅਗੇ ਪਿਛੇ ਚੰਗੇ ਭਲੇ ਬਣੇ ਰਹਿੰਦੇ ਨੇ। ਇਹ ਵੀ ਵੇਖਣ ਵਿਚ ਆਇਆ ਹੈ, ਇੰਜ ਉਲਟੀ ਧਾਰਾ ਚਲਾ ਲੈਂਦੇ ਨੇ। ਲੇਕਿਨ ਸਾਹਿਬ ਕਹਿੰਦੇ ਨੇ ਜਿਹੜਾ ਕੰਵਲ ਦਾ ਫੂਲ ਹੈ ਉਹ ਇਸ ਪਾਣੀ ਦੇ ਵਿਚੋਂ ਸੁਗੰਧੀ ਲੈਂਦਾ ਹੈ, ਸੁੰਦਰਤਾ ਲੈਂਦਾ ਹੈ।

ਮਹਾਰਾਜ ਦੇ ਕੋਲ ਹੀ ਮਰਦਾਨਾ ਬੈਠਾ ਹੈ। ਮਰਦਾਨੇ ਨੇ ਪੁੱਛ ਲਿਆ, ਪਾਤਸ਼ਾਹ ! ਐਸਾ ਜਿਹੜਾ ਮਨਮੁਖ ਹੈ, ਜਿਹਦਾ ਸੁਭਾ ਬਣ ਗਿਆ ਹੈ ਕਿ ਸਰੋਵਰ ਵਿਚੋਂ ਕਾਈ ਲੱਭਣੀ ਹੈ, ਗੰਦਗੀ ਹੀ ਖਾਣੀ ਹੈ, ਮੇਂਡਕ ਦੀ ਤਰ੍ਹਾਂ ਜਿਸ ਦੀ ਬਿਰਤੀ ਬਣ ਗਈ ਹੈ, ਕੀ ਉਹਨਾਂ ਬੰਦਿਆਂ ਨੂੰ ਬਦਲਿਆ ਨਹੀਂ ਜਾ ਸਕਦਾ ? ਤੇ ਤੁਸੀਂ ਨਿਰਾਸ ਨਾ ਹੋਣਾ, ਅੱਜ ਮੈਂ ਓਹੀ ਸ਼ਬਦ ਰਖਣੇ ਨੇ, ਜਿਸ ਦੇ ਵਿਚ

ਸਾਹਿਬਾਂ ਨੇ, ਗੁਰੂਆਂ ਨੇ ਕਹਿ ਦਿੱਤਾ ਹੈ, ਨਹੀਂ ਬਦਲਿਆ ਜਾ ਸਕਦਾ। ਗੱਲ ਨਹੀਂ ਬਣਦੀ। ਮੁਸ਼ਕਲ ਹੈ ਸੁਭਾਵ ਨੂੰ ਤਬਦੀਲ ਕਰਨਾ। ਜੇ ਕੱਚਾ ਸੁਭਾ ਹੈ, ਜੈਸੇ ਕਾਗ਼ਜ਼ 'ਤੇ ਪੈਨਸਲ ਨਾਲ ਲਿਖੀਏ ਤੇ ਕਈ ਦਫ਼ਾ ਉਹਨੂੰ ਮਿਟਾਣ ਲਗਿਆਂ ਦੇਰ ਨਹੀਂ ਲਗਦੀ। ਪਰ ਜੇ ਸਿਆਹੀ ਨਾਲ ਲਿਖਿਆ ਹੋਵੇ ਤੇ ਫਿਰ ਥੋੜ੍ਹਾ ਜਿਹਾ ਸੋਚਣਾ ਪੈਂਦਾ ਹੈ। ਕਿਸੇ ਕਿਸੇ ਥਾਂ ਸੁਭਾ ਪੁਖ਼ਤਾ ਹੋ ਜਾਂਦਾ ਹੈ, ਪੱਕ ਜਾਂਦਾ ਹੈ, ਫਿਰ ਐਸੇ ਬੰਦੇ ਨੂੰ ਬਦਲਣਾ ਬਹੁਤ ਔਖੀ ਗੱਲ ਹੋ ਜਾਂਦੀ ਹੈ, ਬਹੁਤ ਹੀ ਔਖੀ। ਮਰਦਾਨਾ ਪੁੱਛਦਾ ਹੈ, ਪਾਤਸ਼ਾਹ! ਐਸਾ ਜਿਹੜਾ ਮਨਮੁਖ ਹੈ, ਜਿਸਦਾ ਮਨਮੁਖਤਾਈ ਵਿਚ ਸੁਭਾ ਪੱਕ ਗਿਆ ਹੈ, ਤਾਂ ਕੀ ਉਸ ਦਾ ਸੁਭਾ ਬਦਲਿਆ ਨਹੀਂ ਜਾ ਸਕਦਾ ? ਸਾਹਿਬ ਕਹਿੰਦੇ ਨੇ, ਨਹੀਂ। ਤੇ ਮਰਦਾਨਾ ਬੜਾ ਸਿਆਣਾ ਹੈ, ਕਹਿੰਦਾ ਹੈ, ਪਾਤਸ਼ਾਹ! ਤੁਹਾਡੇ ਅੰਮ੍ਰਿਤਮਈ ਬਚਨਾਂ ਨਾਲ ਵੀ ਨਹੀਂ ਬਦਲਿਆ ਜਾ ਸਕਦਾ ? ਇਹ ਸ਼ਬਦ ਤੁਹਾਡੀ ਆਤਮਾ ਦੇ ਗਹਿਰੇ ਤਲ 'ਚੋਂ ਨਿਕਲਦੇ ਨੇ, ਕੀ ਇਹਨਾਂ ਨਾਲ ਵੀ ਨਹੀਂ ਬਦਲਿਆ ਜਾ ਸਕਦਾ ? ਤੋ ਸਾਹਿਬ ਕਹਿੰਦੇ ਨੇ 'ਨਹੀਂ'। ਹੁਣ ਇਸ ਗੱਲ ਲਈ ਵੀ ਪ੍ਰਮਾਣ ਚਾਹੀਦੇ ਨੇ। ਤੇ ਮੈਂ ਅਰਜ਼ ਕਰਾਂ, ਉਹ ਵੀ ਬੰਦੇ ਸਨ ਜਿਨ੍ਹਾਂ ਨੇ ਗੁਰੂ ਨਾਨਕ ਨੂੰ ਭੂਤਨਾ ਤੇ ਬੇਤਾਲਾ ਆਖਿਆ ਹੈ। ਉਹ ਵੀ ਪੁਰਸ਼ ਸਨ ਜਿਨ੍ਹਾਂ ਨੇ ਬਾਬੇ ਨੂੰ ਪੱਥਰ ਮਾਰੇ ਨੇ। ਸੁਭਾ ਇਤਨਾ ਮਨਮੁਖਤਾਈ ਵਿਚ ਪੱਕ ਗਿਆ ਹੈ ਕਿ ਬਾਬੇ ਤੋਂ ਪ੍ਰੇਰਨਾ ਨਹੀਂ ਲੈ ਸਕਦੇ। ਲੇਕਿਨ ਫਿਰ ਵੀ ਮੈਂ ਕਹਿੰਦਾ ਹਾਂ ਉਹਨਾਂ ਪੱਥਰ ਮਾਰਨ ਵਾਲਿਆਂ ਨਾਲੋਂ ਸੱਜਣ ਠੱਗ ਬਹੁਤ ਚੰਗਾ ਸੀ। ਪਤਾ ਕਿਉਂ ? ਇਕੋ ਹੀ ਸ਼ਬਦ ਸੁਣਿਆ ਹੈ ਤੇ ਬਦਲ ਗਿਆ ਹੈ। ਬੁਰਾਈ ਕਰਦਿਆਂ ਕਰਦਿਆਂ ਤੰਗ ਆ ਗਿਆ ਸੀ, ਆਪਣੀ ਜ਼ਿੰਦਗੀ ਨੂੰ ਬਦਲ ਲਿਆ ਹੈ। ਅਸੀਂ ਕਈ ਦਫ਼ਾ ਹਜ਼ਾਰਾਂ ਸ਼ਬਦ ਬਾਬੇ ਦੇ ਸੁਣਦੇ ਹਾਂ, ਨਹੀਂ ਬਦਲਦੇ, ਉਹ ਇਕੋ ਹੀ ਸ਼ਬਦ ਸੁਣਦਾ ਹੈ, ਬਦਲ ਜਾਂਦਾ ਹੈ। ਇਥੇ ਵਿਚਾਰਨ ਵਾਲੀ ਗੱਲ ਹੈ, ਇਕੋ ਹੀ ਸ਼ਬਦ ਸੁਣਿਆ ਹੈ। ਇਹ ਠੀਕ, ਉਸ ਨੂੰ ਅਸੀਂ ਠੱਗ ਆਖੀ ਜਾਂਦੇ ਹਾਂ ਇਸ ਧਾਰਮਿਕ ਸਟੇਜ ਤੋਂ। ਲੇਕਿਨ ਸ਼ਬਦ ਸੁਣ ਕੇ ਬਾਬੇ ਦੇ ਚਰਨੀਂ ਆ ਪਿਆ ਹੈ, ਤੌਬਾ ਕੀਤੀ ਹੈ। ਮਨ ਨਿਰਮਲ ਹੋ ਗਿਆ ਹੈ। ਪਰ ਬਾਬੇ ਦੇ ਇਹੀ ਸ਼ਬਦ ਅਸੀਂ ਕਿੰਨੀ ਦਫ਼ਾ ਸੁਣੇ ਨੇ, ਕੁਛ ਕਦੀ ਪਰੀਵਰਤਨ ਆਇਆ ਹੈ ? ਕੁਛ ਪਲਟਾ ਆਇਆ ਹੈ ? ਤੇ ਫਿਰ ਥੋੜ੍ਹਾ ਜਿਹਾ ਸੋਚਣਾ ਪਵੇਗਾ ਕਿ ਸਾਡੇ ਨਾਲੋਂ ਕਿਸੇ ਹੱਦ ਤਕ ਇਹ ਸੱਜਣ ਠੱਗ ਕਈ ਗੁਣਾ ਚੰਗਾ ਸੀ। ਇਕੋ ਹੀ ਸ਼ਬਦ ਸੁਣਦਾ ਹੈ ਤੇ ਬਦਲ ਜਾਂਦਾ ਹੈ।

ਤੇ ਮਰਦਾਨੇ ਨੇ ਫਿਰ ਕਿਹਾ, ਪਾਤਸ਼ਾਹ! ਤੁਹਾਡੇ ਜਿਹੜੇ ਸ਼ਬਦ,

ਅੰਮ੍ਰਿਤ-ਮਈ ਬਚਨ, ਅੰਮ੍ਰਿਤ-ਮਈ ਹਿਰਦੇ ਦੇ ਗਹਿਰੇ ਤਲ 'ਚੋਂ ਨਿਕਲਦੇ, ਰੱਬੀ ਰਸ ਨਾਲ ਭਰੇ ਹੋਏ ਨੇ ਤੇ ਇਹਦੇ ਨਾਲ ਤੇ ਪਲਟਾ ਲਿਆਇਆ ਜਾ ਸਕਦਾ ਹੈ। ਸਾਹਿਬ ਕਹਿੰਦੇ, 'ਨਹੀਂ'। ਹੁਣ ਤਸ਼ਬੀਹ ਚਾਹੀਦੀ ਹੈ, ਸਾਹਿਬ ਅਗਲੀ ਤੁਕ ਵਿਚ ਦੇਂਦੇ ਨੇ:

**ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂਬ ਨ ਚਾਤੁਰ ਰੇ॥** *(੯੯੦)*

ਤੁੰਮੇ ਵਿਚ ਬੜੀ ਕੁੜੱਤਣ ਹੁੰਦੀ ਹੈ, ਸਾਹਿਬ ਕਹਿੰਦੇ, ਪਾਣੀ ਦੀ ਥਾਂ ਜੇ ਉਸ ਤੁੰਮੇ ਦੀਆਂ ਜੜ੍ਹਾਂ ਦੇ ਵਿਚ ਸ਼ਹਿਦ ਘੋਲ ਕੇ ਪਾਈਏ, ਸ਼ੱਕਰ ਘੋਲ ਕੇ ਪਾਈਏ ਤੇ ਗੁਰੂ ਜੀ ਮਰਦਾਨੇ ਤੋਂ ਪੁੱਛਦੇ ਨੇ, ਬਈ ਤੂੰ ਦੱਸ, ਇਹ ਤੁੰਮਾ ਕੀ ਮਿੱਠਾ ਹੋ ਜਾਏਗਾ ? ਕੀ ਇਹ ਆਪਣਾ ਸੁਭਾ ਬਦਲ ਦੇਵੇਗਾ ? ਕਤਈ ਨਹੀਂ। ਚਾਹੇ ਅੰਮ੍ਰਿਤ, ਚਾਹੇ ਦੁੱਧ ਇਸ ਤੁੰਮੇ ਦੀਆਂ ਜੜ੍ਹਾਂ 'ਚ ਪਾਈਏ, ਇਸ ਨੇ ਮਿੱਠਾ ਕਤਈ ਨਹੀਂ ਹੋਣਾ। ਬਾਬਾ ਜੀ ਕਹਿੰਦੇ, ਇਸੇ ਪ੍ਰਕਾਰ ਚਾਹੇ ਮੈਂ ਕਿੰਨੀ ਵੀ ਮਿੱਠੀ ਬਾਣੀ, ਮਿੱਠਾ ਕਲਾਮ ਸੁਣਾਈ ਜਾਵਾਂ, ਜਿਹਦੀਆਂ ਜੜ੍ਹਾਂ ਵਿਚ ਕੁੜੱਤਣ ਪਹੁੰਚ ਗਈ ਹੈ, ਉਹਨੂੰ ਬਦਲਣਾ ਬਹੁਤ ਔਖੀ ਗੱਲ ਹੈ। ਬਹੁਤੀ ਹੀ ਔਖੀ।

ਔਰ ਇਤਨੀ ਅਰਜ਼ ਮੈਂ ਹੋਰ ਕਰ ਦਿਆਂ, ਇਕ ਥਾਂ 'ਤੇ ਸਾਹਿਬ ਕਹਿੰਦੇ ਨੇ, ਮਨਮੁਖ ਦਾ ਹਿਰਦਾ ਜਿਤਨਾ ਕੌੜਾ ਹੁੰਦਾ ਹੈ ਨਾ, ਸੰਸਾਰ ਵਿਚ ਇਤਨੀ ਕੌੜੀ ਚੀਜ਼ ਹੋਰ ਕੋਈ ਵੀ ਨਹੀਂ। ਗਿਣ ਕੇ ਰੱਖੀਆਂ ਨੇ ਬਾਬੇ ਨਾਨਕ ਨੇ:

**ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ॥**
**ਮਨਿ ਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ॥** *(੧੪੭)*

ਹੇ ਕਰਤਾ ਪੁਰਖ! ਜਿਸ ਚਿਤ ਵਿਚ ਤੇਰਾ ਵਾਸਾ ਨਹੀਂ ਹੈ ਨਾ, ਉਹ ਇਤਨਾ ਕੌੜਾ ਹੈ ਕਿ ਜੈਸੇ ਜ਼ਹਿਰ, ਅੱਕ, ਨਿੰਮ, ਤੁੰਮਾ ਅਤੇ ਧਤੂਰਾ। ਇਤਨੀ ਕੁੜੱਤਣ ਉਸ ਦੇ ਅੰਦਰ ਹੈ, ਇਤਨੀ ਜ਼ਹਿਰ ਉਸ ਦੇ ਅੰਦਰ ਹੈ। ਤੇ ਕਦੀ ਕਦੀ ਬਚਨਾਂ ਦੇ ਰਾਹੀਂ ਇਹ ਜ਼ਹਿਰ ਬਾਹਰ ਵੀ ਨਿਕਲਦੀ ਹੈ। ਹੱਥਾਂ ਪੈਰਾਂ 'ਚੋਂ ਵੀ ਨਿਕਲਦੀ ਹੈ, ਜਦ ਕੋਈ ਆਪੇ ਤੋਂ ਬਾਹਰ ਹੁੰਦਾ ਹੈ, ਉਸ ਦੇ ਅੰਦਰ ਜ਼ਹਿਰ ਬਹੁਤ ਹੁੰਦੀ ਹੈ, ਭਰ ਜਾਂਦੀ ਹੈ ਤੇ ਫਿਰ ਨਿਕਲਦੀ ਹੈ। ਕਹਿੰਦੇ ਨੇ, ਸੱਪ ਉਦੋਂ ਡੰਗ ਮਾਰਦਾ ਹੈ ਜਦ ਉਸ ਦੇ ਅੰਦਰ ਜ਼ਹਿਰ ਬਹੁਤੀ ਭਰ ਜਾਂਦੀ ਹੈ। ਨਾ ਕੋਈ ਮਿਲੇ, ਫਿਰ ਉਸ ਨੇ ਪੱਥਰ ਨੂੰ ਹੀ ਡੰਗ ਮਾਰਨਾ ਹੈ। ਵੈਦਿਕ ਗ੍ਰੰਥਾਂ ਵਿਚ ਲਿਖਿਆ ਹੈ ਕਿ ਉਹ ਹੀ ਸੰਖੀਆ ਹੁੰਦਾ ਹੈ ਜਿਹੜਾ ਸੱਪ ਦੇ ਪੱਥਰ 'ਤੇ ਡੰਗ ਮਾਰਨ ਨਾਲ ਬਣਦਾ ਹੈ। ਜਦ ਸੱਪ ਦੇ ਸਿਰ ਵਿਚ ਬਹੁਤੀ ਜ਼ਹਿਰ ਭਰ ਜਾਏ, ਫਿਰ ਇਸ

ਦਾ ਸਿਰ ਖੌਲਣ ਲਗ ਜਾਂਦਾ ਹੈ, ਦਰਦ ਕਰਦਾ ਹੈ ਤੇ ਫਿਰ ਡੰਗ ਮਾਰ ਕੇ ਆਪਣੀ ਜ਼ਹਿਰ ਨੂੰ ਕੱਢਦਾ ਹੈ। ਕਈ ਦਫ਼ਾ ਇਹ ਜ਼ਹਿਰ ਮਨਮੁਖ ਦੇ ਅੰਦਰ ਇਤਨੀ ਜਮ੍ਹਾ ਹੋ ਜਾਂਦੀ ਹੈ, ਇਤਨੀ ਭਰ ਜਾਂਦੀ ਹੈ ਕਿ ਮਨਮੁਖ ਦਾ ਸਿਰ, ਹਿਰਦਾ ਖੌਲਣ ਲਗ ਜਾਂਦਾ ਹੈ, ਤੇ ਹੁਣ ਇਸ ਜ਼ਹਿਰ ਨੂੰ ਕੱਢਣਾ ਹੈ, ਤੇ ਕੁਦਰਤੀ ਗੱਲ ਹੈ ਸੱਪ ਤਾਂ ਪੱਥਰ ਨੂੰ ਡੰਗ ਮਾਰ ਸਕਦਾ ਹੈ, ਬੰਦੇ ਨੇ ਤਾਂ ਬੰਦੇ ਨੂੰ ਹੀ ਡੰਗ ਮਾਰਨਾ ਹੈ। ਖ਼ੈਰ!

ਸ਼ੇਖ਼ ਸਾਅਦੀ ਇਕ ਥਾਂ 'ਤੇ ਲਿਖਦਾ ਹੈ:

**ਸਗੇ ਪਾਏ ਸਹਿਰਾਏ ਨਸ਼ੀਨੇ ਗਜ਼ੰਦ।**
**ਬਖਸ਼ ਮੇ ਕਿ ਖ਼ੂਨਮ ਦੰਦਾਂ ਚਿ ਕੰਦ।**

ਇਕ ਲੱਕੜਹਾਰਾ ਲੱਕੜਾਂ ਦਾ ਗੱਠਾ ਚੁੱਕੀ ਆਪਣੇ ਘਰ ਨੂੰ ਆ ਰਿਹਾ ਸੀ, ਇਕ ਕੁੱਤੇ ਨੇ ਜ਼ੋਰ ਦੀ ਕੱਟ ਖਾਧਾ। ਬੜੇ ਗਹਿਰੇ ਦੰਦ ਪੈਰ ਵਿਚ ਗੱਡ ਦਿਤੇ। ਜ਼ਖ਼ਮੀ ਪੈਰ ਲੈ ਕੇ ਜਦ ਘਰ ਪਹੁੰਚਿਆ ਹੈ, ਇਕੋ ਇਕ ਇਸ ਦੀ ਬੱਚੀ ਸੀ, ਹਮਦਰਦੀ ਦੇ ਲਹਿਜੇ ਵਿਚ ਉਸ ਬੱਚੀ ਨੇ ਪੁਛਿਆ ਕਿ ਬਾਪੂ ਇਹ ਕੀ ਹੋਇਆ? ਤੇ ਉਹ ਆਖਣ ਲੱਗਾ, ਬੱਚੀ, ਕੁੱਤੇ ਨੇ ਕੱਟ ਖਾਧਾ ਹੈ। ਤੇ ਗੁੱਸੇ 'ਚ ਬੱਚੀ ਬੋਲੀ:

**ਕਿ ਆਖ਼ਰ ਤੁਰਾ ਤੇਜ਼ ਦੰਦਾਂ ਨਾਬੂਦ।**

ਕਹਿਣ ਲੱਗੀ, ਰੱਬ ਨੇ ਤੈਨੂੰ ਵੀ ਦੰਦ ਦਿਤੇ ਸਨ, ਤੂੰ ਵੀ ਕੱਟ ਖਾਣਾ ਸੀ, ਤੂੰ ਕਿਉਂ ਨਹੀਂ ਕਟਿਆ? ਤੇ ਸ਼ੇਖ਼ ਸਾਅਦੀ ਸਾਹਿਬ ਕਹਿੰਦੇ ਨੇ, ਉਸ ਬੁਢੇ ਪਿਉ ਨੇ ਆਪਣੀ ਬੱਚੀ ਦੇ ਸਿਰ 'ਤੇ ਹੱਥ ਰਖਿਆ ਤੇ ਆਖਣ ਲੱਗਾ, ਬੇਟੀ:

**ਵਲਏ ਕਮ ਨਾ ਆਇਦ ਜ਼ ਮਰਦਮ ਸਗੀਂ।**

ਮੈਂ ਮਨੁੱਖ ਹਾਂ ਤੇ ਮਨੁੱਖ ਕੋਲੋਂ ਕੁੱਤੇ ਦਾ ਕੰਮ ਨਹੀਂ ਹੋ ਸਕਦਾ। ਕੁੱਤਾ ਮੈਨੂੰ ਕੱਟ ਖਾਏ ਤੇ ਮੈਂ ਕੁੱਤੇ ਨੂੰ ਕੱਟ ਖਾਵਾਂ, ਤੇ ਕੁੱਤੇ ਅਤੇ ਮੇਰੇ ਵਿਚ ਫ਼ਰਕ ਕੀ ਹੋਇਆ? ਤੋ ਐ ਬੱਚੀ! ਕੁੱਤਾ ਤੇ ਕੱਟ ਸਕਦਾ ਹੈ, ਕਿਉਂਕਿ ਉਹ ਜਾਨਵਰ ਹੈ ਤੇ ਜੇ ਮੈਂ ਉਸ ਨੂੰ ਕੱਟ ਖਾਧਾ ਤੇ ਫਿਰ ਮੇਰੇ ਤੇ ਜਾਨਵਰ ਵਿਚ ਫ਼ਰਕ ਕੀ ਹੋਇਆ? ਤੇ ਫਿਰ ਮੈਂ ਆਪਣੀ ਮਨੁੱਖਤਾ, ਇਨਸਾਨੀਅਤ ਗਵਾ ਬੈਠਾਂਗਾ। ਇਸ ਵਾਸਤੇ ਜਿਸ ਦੇ ਅੰਦਰ ਵੀ ਇਨਸਾਨੀਅਤ ਦਾ ਮਾਦਾ ਹੈ, ਸੋਚ ਲੈਂਦਾ ਹੈ ਔਰ ਉਸ ਦੇ ਕਰਮ ਤੋਂ ਗੱਲ ਪ੍ਰਗਟ ਹੋ ਜਾਂਦੀ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ, ਜਿਸ ਦੀਆਂ

ਜੜ੍ਹਾਂ ਤਕ ਮਨਮੁਖਤਾਈ ਪਹੁੰਚ ਗਈ ਏ। ਲਾ-ਇਲਾਜ ਬਿਮਾਰੀਆਂ ਦੀ ਗੱਲ ਕਰ ਰਿਹਾ ਹਾਂ, ਕਿਉਂਕਿ ਕਈ ਦਫ਼ਾ ਬੰਦਾ ਕਹਿੰਦਾ ਹੈ ਕਿ ਉਹ ਫ਼ਲਾਣਾ ਆਦਮੀ ਪੰਜਾਹ ਸਾਲ ਹੋ ਗਏ ਗੁਰਦਵਾਰੇ ਜਾਂਦਿਆਂ, ਗੱਲ ਬਣੀ ਨਹੀਂ, ਉਸੇ ਤਰੀਕੇ ਨਾਲ ਝੂਠ ਬੋਲਦਾ ਹੈ, ਉਸੇ ਤਰੀਕੇ ਨਾਲ ਠੱਗੀ ਮਾਰਦਾ ਹੈ। ਕਈ ਦਫ਼ਾ ਉਹਨਾਂ ਨੂੰ ਮੈਂ ਜਵਾਬ ਦਿੰਦਾ ਹੁਨਾਂ ਹਾਂ ਕਿ ਇਹ ਜਾਂਦਾ ਹੀ ਗੁਰਦਵਾਰੇ ਇਸ ਕਰਕੇ ਸੀ ਕਿ ਗੁਰੂ ਦੀ ਮਦਦ ਨਾਲ ਕੋਈ ਠੱਗੀ ਕਰ ਸਕੀਏ। ਇੰਨੀ ਗੱਲ ਹੈ, ਹੋਰ ਕੋਈ ਗੱਲ ਨਹੀਂ। ਚਲੋ, ਗੁਰੂ ਵੀ ਕੋਈ ਮਦਦ ਕਰੇ। ਗੁਰੂ ਵੀ ਕੋਈ ਸਹਾਇਤਾ ਕਰੇ। ਇਸ ਤਰ੍ਹਾਂ ਦੇ ਬਹੁਤ ਬੰਦੇ ਮੈਂ ਦੇਖੇ ਹਨ। ਗੁਰੂ ਨੂੰ ਕਹਿੰਦੇ ਹਨ, ਦਾਤਾ! ਅੱਜ ਚੱਲੇ ਹਾਂ ਕਿਸੇ ਦੀ ਪੱਗ ਲਾਹੁਣ ਤੇ ਮਦਦ ਕਰੀਂ। ਹੁਣ ਭਲਾ ਗੁਰੂ ਨੇ ਸਿਰ ਤੇ ਪੱਗ ਬੰਨ੍ਹਣੀ ਹੈ ਕਿ ਲਾਹੁਣੀ ਹੈ। ਪਰ ਗੁਰੂ ਦੀ ਮਦਦ ਲੈਣੀ ਹੈ। ਇਸ ਢੰਗ ਵਾਸਤੇ ਲੋਕੀਂ ਲੈਂਦੇ ਨੇ।

ਅਕਸਰ ਚਿਚੜ ਗਊ ਦੇ ਥਣਾਂ ਨਾਲ ਹੁੰਦੇ ਹਨ। ਸਾਹਿਬਾਂ ਨੇ ਤਸ਼ਬੀਹ ਬੜੀ ਸੁਹਣੀ ਤੇ ਨੇੜੇ ਦੀ ਦਿਤੀ ਹੈ। ਸਾਹਿਬ ਕਹਿੰਦੇ ਨੇ, ਇਹ ਜਿਹੜਾ ਚਿਚੜ ਹੈ ਨਾ, ਦੁੱਧ ਨਹੀਂ ਪੀਂਦਾ, ਦੁੱਧ ਤੇ ਬਛੜਾ ਪੀਏਗਾ, ਇਹ ਖ਼ੂਨ ਪੀਂਦਾ ਹੈ, ਹੁਣ ਇਹ ਚਿਚੜ ਦੁੱਧ ਦੇ ਸੋਮੇ ਵਿਚੋਂ ਵੀ ਖ਼ੂਨ ਪਿਆ ਕਢਦਾ ਹੈ, ਬਿਲਕੁਲ ਉਲਟੀ ਗੀਤ ਹੈ ਇਸ ਦੀ। ਜਿਥੋਂ ਬਛੜਾ ਦੁੱਧ ਕੱਢ ਲੈਂਦਾ ਹੈ ਇਹ ਚਿਚੜ ਓਥੋਂ ਖ਼ੂਨ ਪਿਆ ਕੱਢਦਾ ਹੈ। ਤੇ ਮਹਾਰਾਜ ਐਸਾ ਕਹਿੰਦੇ ਨੇ, ਕਈ ਬੰਦੇ ਗੁਰਦਵਾਰਿਆਂ ਨੂੰ ਇੰਜ ਚੰਬੜੇ ਹੁੰਦੇ ਹਨ ਜਿਵੇਂ ਗਊਆਂ ਦੇ ਥਣਾਂ ਨੂੰ ਚਿਚੜ ਚੰਬੜੇ ਹੁੰਦੇ ਹਨ। ਇਹਨਾਂ ਦਾ ਕੰਮ ਖ਼ੂਨ ਪੀਣਾ ਹੁੰਦਾ ਹੈ, ਦੁੱਧ ਪੀਣਾ ਨਹੀਂ। ਇਤਨੀ ਅਰਜ਼ ਮੈਂ ਹੋਰ ਕਰ ਦਿਆਂ, ਘੁੰਮ ਫਿਰ ਕੇ ਜੋ ਮੈਂ ਦੇਖਿਆ ਹੈ, ਸ਼ਾਇਦ ਹੀ ਕੋਈ ਦੁੱਧ ਪੀਂਦਾ ਹੋਵੇ, ਔਰ ਜਿਹੜੇ ਪੀਂਦੇ ਹਨ, ਦਾਤਾ ਬਖ਼ਸ਼ਿਸ਼ ਕਰੇ ਪੀਂਦੇ ਰਹਿਣ, ਰਸ ਮਾਣਦੇ ਰਹਿਣ। ਨਹੀਂ ਤੇ ਬਹੁਤਿਆਂ ਦਾ ਇਹੀ ਕੰਮ ਹੈ।

ਇਕ ਗਰੰਥੀ ਸਿੰਘ ਦੀ ਗੱਲ ਹੈ। ਹੁਣ ਮੁਆਫ਼ੀ ਤੇ ਮੈਂ ਪਹਿਲੇ ਹੀ ਮੰਗ ਲਵਾਂ, ਕਿਸੇ ਥਾਂ ਗਰੰਥੀ ਤੇ ਕਿਸੇ ਥਾਂ ਪ੍ਰਬੰਧਕ, ਤੇ ਕਿਸੇ ਥਾਂ ਤਾਂ ਗੁਣੀ ਗਿਆਨੀ ਸੰਤ ਗੁੱਸੇ ਹੋ ਜਾਂਦੇ ਹਨ। ਹਰ ਇਕ ਬਾਰੇ ਸਾਹਿਬਾਂ ਦੀ ਬਾਣੀ ਹੈ। ਤੇ ਮੈਂ ਪ੍ਰਚਾਰਕ ਦੇ ਨਾਤੇ ਸੁਣਾਂਦਾ ਹਾਂ ਤੇ ਉਸ ਗ੍ਰਿਫ਼ਤ ਵਿਚ ਮੈਂ ਆਪ ਵੀ ਆ ਜਾਂਦਾ ਹਾਂ। ਤੇ ਮੈਂ ਕਦੀ ਐਸਾ ਨਹੀਂ ਕਹਿੰਦਾ ਕਿ ਜਿਹੜੀ ਗੱਲ ਮੈਂ ਕਹਿੰਦਾ ਹਾਂ, ਉਸ ਦੀ ਸਚਾਈ 'ਤੇ ਮੇਰੀ ਜ਼ਿੰਦਗੀ ਪੂਰੀ ਉਤਰਦੀ ਹੈ, ਐਸਾ ਮੇਰਾ ਕੋਈ ਦਾਅਵਾ ਨਹੀਂ। ਹੁਣ ਇਕ ਮ੍ਰਿਤਕ ਦਾ ਭੋਗ ਸੀ ਤੇ ਇਕ ਗਿਆਨੀ ਸਿੰਘ ਕਹਿੰਦਾ, ਟਾਈਮ

ਮੈਨੂੰ ਵੀ ਦਿਉ। ਅਗਲੇ ਕਹਿੰਦੇ, ਟਾਈਮ ਦੀ ਸੈਟਿੰਗ ਹੋਈ ਹੈ, ਤੂੰ ਰਹਿਣ ਦੇ। ਉਹ ਕਹਿੰਦਾ, ਰੋਜ਼ ਰੋਜ਼ ਐਸਾ ਕੋਈ ਟਾਈਮ ਆਉਂਦਾ ਹੈ, ਮੈਨੂੰ ਦਿਉ ਟਾਈਮ। ਇਹਦਾ ਮਤਲਬ ਹੈ ਰੋਜ਼ ਕੋਈ ਮਰੇ ਤਾਂ ਜਾ ਕੇ ਗੱਲ ਬਣੇ। ਇਹ ਹੁਣ ਖ਼ੂਨ ਪੀਣ ਦੀ ਗੱਲ ਹੈ। ਇਹ ਦੁੱਧ ਪੀਣ ਦੀ ਗੱਲ ਨਹੀਂ, ਇਹ ਬਾਣੀ ਦਾ ਰਸ ਮਾਣਨ ਦੀ ਗੱਲ ਨਹੀਂ, ਇਹ ਸ਼ਬਦ ਦਾ ਰਸ ਮਾਣਨ ਦੀ ਗੱਲ ਨਹੀਂ। ਹੁਣ ਕੌਣ ਦੱਸੇ ਕਿ ਭਾਈ ਸਾਹਿਬ, ਜਿਸ ਗੱਦੀ 'ਤੇ ਤੂੰ ਬੈਠਾ ਹੈਂ, ਇਹ ਬਾਬੇ ਬੁੱਢੇ ਦੀ ਗੱਦੀ ਹੈ। ਔਰ ਗੁਰੂ ਅਰਜਨ ਦੇਵ ਜੀ ਵੀ ਸਤਿਕਾਰ ਦੇਣ ਵਾਸਤੇ ਆਪਣੀ ਪਤਨੀ ਨੂੰ ਕਹਿੰਦੇ ਹਨ, ਜਾਹ ਜਾ ਕੇ ਬਾਬੇ ਬੁੱਢੇ ਕੋਲੋਂ ਵਰ ਲੈ ਕੇ ਆ। ਪੁਰਖਾ, ਤੂੰ ਗਰੰਥੀ ਹੈਂ, ਤੇ ਗਰੰਥੀ ਵਾਲੀ ਸ਼ਖ਼ਸੀਅਤ ਬਣਾ ਕੇ ਰੱਖ। ਆਪਣੀ ਕਾਬਲੀਅਤ ਬਣਾ ਕੇ ਰੱਖ। ਆਪਣੀ ਆਤਮਾ ਨੂੰ ਵੇਖ, ਜਿਸ ਸਿੰਘਾਸਨ 'ਤੇ ਤੂੰ ਬੈਠਾ ਹੈਂ, ਤੈਨੂੰ ਵੇਖ ਕੇ ਲੋਕੀਂ ਇਹ ਆਖ ਸਕਣ ਕਿ 'ਇਕ ਗੁਰੂ ਹੈ ਤੇ ਇਹ ਗੁਰੂ ਦਾ ਵਜ਼ੀਰ ਹੈ।' ਔਰ ਫਿਰ ਉਸ ਦੀ ਅਰਦਾਸ ਵਿਚ ਬਰਕਤ ਹੋਵੇਗੀ। ਉਸ ਦੇ ਕੋਲੋਂ ਅਸੀਂ ਅਰਦਾਸ ਕਰਵਾਵਾਂਗੇ ਤਾਂ ਕੋਈ ਗੱਲ ਬਣੇਗੀ, ਉਹ ਨਿਕਟਵਰਤੀ ਹੈ। ਤੇ ਜੇ ਇੰਜ ਚੰਬੜਿਆ ਹੋਵੇ ਜਿਵੇਂ ਗਊ ਦੇ ਥਣਾਂ ਨੂੰ ਚਿਚੜ, ਫਿਰ ਗੱਲ ਨਹੀਂ ਬਣੇਗੀ :

**ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ ॥** *(੯੯੦)*

ਸਾਹਿਬ ਕਹਿੰਦੇ ਨੇ, ਜੈਸੇ ਚਿਚੜ ਦੀ ਪ੍ਰੀਤਿ ਖ਼ੂਨ ਦੇ ਵਿਚ ਹੈ, ਕਈਆਂ ਦੀ ਪ੍ਰੀਤਿ ਇਸ ਢੰਗ ਨਾਲ ਸੰਸਾਰਕ ਰਸਾਂ ਦੇ ਵਿਚ ਹੁੰਦੀ ਹੈ, ਭਾਵੇਂ ਚੰਬੜੇ ਗੁਰਦਵਾਰੇ ਨਾਲ ਹੀ ਹੁੰਦੇ ਨੇ। ਬਾਕੀ ਕੋਈ ਗੱਲ ਨਹੀਂ ਹੁੰਦੀ। ਔਰ ਤੁਸੀਂ ਔਖੇ ਹੋਵੋ ਤੇ ਹੋਵੋ, ਆਪਾਂ ਚਲਦੇ ਭਲੇ ਤੇ ਤੁਸੀਂ ਵੱਸਦੇ ਭਲੇ। ਹੁਣ ਹੈ ਤੇ ਗੁਰਦਵਾਰਾ ਇਸ ਵਾਸਤੇ ਕਿ ਪੱਗਾਂ ਸਾਡੀਆਂ ਮਜ਼ਬੂਤ ਤੇ ਪੁਖ਼ਤਾ ਰਹਿਣ ਤੇ ਜੇ ਕੋਈ ਗੁਰਦਵਾਰੇ ਦਾ ਆਸਰਾ ਲੈ ਕੇ ਹੀ ਕਿਸੇ ਦੀ ਪੱਗ ਲਾਹੀ ਜਾਵੇ, ਕਿਸੇ ਦਾ ਕੜਾ ਲਾਹੀ ਜਾਵੇ, ਕ੍ਰਿਪਾਨ ਲਾਹੀ ਜਾਵੇ, ਫਿਰ ਵੀ ਤੁਸੀਂ ਬਰਦਾਸ਼ਤ ਕਰੋ ਤੇ ਫਿਰ ਸੋਚਣ ਦੀ ਗੱਲ ਹੈ। ਇਹ ਵਿਚਾਰਨ ਦੀ ਗੱਲ ਹੈ। ਤੇ ਮੈਂ ਸਿਰਫ਼ ਇਹ ਗੱਲਾਂ ਇਸ ਕਰਕੇ ਕਹਿੰਦਾ ਹਾਂ ਕਿ ਤੁਸੀਂ ਇਤਨੇ ਸੁਚੇਤ ਹੋ ਜਾਵੋ, ਸੰਸਾਰ ਵਿਚ ਬੜੀਆਂ ਲਹਿਰਾਂ ਚਲ ਰਹੀਆਂ ਨੇ ਇਸ ਢੰਗ ਦੀਆਂ, ਪਤਾ ਨਹੀਂ ਕੀ ਦਾ ਕੀ ਕੁਛ ਬਣਾ ਕੇ ਰੱਖ ਦੇਣ। ਤੇ ਸੁਚੇਤ ਰਹਿਣਾ! ਰੱਬ ਦੀ ਉਸਤਤ ਕਰਨ ਲਗਿਆਂ, ਧਰਮ ਦੇ ਰਸਤੇ 'ਤੇ ਚਲਦਿਆਂ ਬੜਾ ਸੁਚੇਤ ਰਹਿਣਾ ਪੈਂਦਾ ਹੈ। ਇਕ ਪਾਸੇ ਖਾਈ ਹੋਵੇ ਤੇ ਇਕ ਪਾਸੇ ਦਲਦਲ ਹੋਵੇ ਤੇ ਥੋੜੀ ਜਿਹੀ ਪਗਡੰਡੀ ਹੋਵੇ ਤੇ ਉਸ 'ਤੇ

ਚਲਣਾ ਪਵੇ, ਕਿਤਨਾ ਸਾਵਧਾਨ ਸੁਚੇਤਪੁਣਾ ਚਾਹੀਦਾ ਹੈ! ਹੂਬਹੂ ਧਰਮ ਦੇ ਮਾਰਗ 'ਤੇ ਚਲਦਿਆਂ ਇਤਨਾ ਸੁਚੇਤਪੁਣਾ ਸਿੱਖ ਨੂੰ ਚਾਹੀਦਾ ਹੈ:

**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥**
**ਸਾਵਧਾਨ ਏਕਾਗਰ ਚੀਤ॥** *(੨੯੫)*

ਮਰਦਾਨੇ ਹੋਰ ਪ੍ਰਸ਼ਨ ਕਰ ਦਿੱਤਾ ਹੈ, ਪਾਤਸ਼ਾਹ! ਇਹ ਤੇ ਠੀਕ ਹੈ ਕਿ ਚਿਚੜ ਨੇ ਆਪਣਾ ਸੁਭਾਅ ਨਹੀਂ ਬਦਲਣਾ, ਤੁੰਮੇ ਨੇ ਆਪਣਾ ਸੁਭਾਅ ਨਹੀਂ ਬਦਲਣਾ, ਮੇਂਡਕ ਨੇ ਆਪਣਾ ਸੁਭਾਅ ਨਹੀਂ ਬਦਲਣਾ, ਤੇ ਜੇ ਐਸਾ ਮਨਮੁਖ, ਗੁਰਮੁਖ ਦੀ ਸੰਗਤ ਲਗਾਤਾਰ ਮੁੱਦਤ ਤਕ ਕਰੇ ਤੇ ਉਹਦੇ ਕੋਲੋਂ ਧਰਮ ਗ੍ਰੰਥ ਵੀ ਪੜ੍ਹੇ, ਵੇਦ ਸ਼ਾਸਤਰ ਪੜ੍ਹੇ ਤੇ ਅਰਥ ਸਿੱਖੇ ਤੇ ਇਹਨਾਂ ਧਰਮ ਗ੍ਰੰਥਾਂ ਦੇ ਪਾਠ ਪੜ੍ਹਨ ਦੇ ਨਾਲ ਤੇ ਮਹਾਂਪੁਰਖਾਂ ਦੇ ਬਚਨਾਂ ਦੇ ਨਾਲ ਤੇ ਲੰਬੀ ਸੰਗਤ ਕਰਨ ਦੇ ਨਾਲ ਉਸ ਦੇ ਸੁਭਾਅ ਵਿਚ ਲਾਜ਼ਮੀ ਪਲਟਾ ਆਵੇਗਾ ਤੇ ਆਉਣਾ ਚਾਹੀਦਾ ਹੈ। ਬਾਬਾ ਨਾਨਕ ਕਹਿੰਦੇ ਨੇ, ਨਹੀਂ ਆਵੇਗਾ। ਕਈ ਬੰਦੇ ਸਾਰੀ ਜ਼ਿੰਦਗੀ ਗੁਰਦਵਾਰਿਆਂ ਵਿਚ ਬਤੀਤ ਕਰ ਛੱਡਦੇ ਨੇ, ਲੇਕਿਨ ਕੋਈ ਧਰਮ ਦੀ ਸੁਗੰਧੀ ਉਨ੍ਹਾਂ ਦੇ ਜੀਵਨ ਵਿਚੋਂ ਆਉਂਦੀ ਹੋਵੇ, ਐਸਾ ਮੈਨੂੰ ਕੋਈ ਪ੍ਰਤੀਤ ਨਹੀਂ ਹੁੰਦਾ। ਉਹ ਧਰਮ-ਮੰਦਰਾਂ ਨਾਲ ਆਪਣਾ ਸਬੰਧ ਇੰਜ ਹੀ ਰਖਦੇ ਨੇ, ਜਿਵੇਂ ਸਾਹਿਬਾਂ ਨੇ ਜ਼ਿਕਰ ਕੀਤਾ ਹੈ। ਆਪ ਕਹਿੰਦੇ ਨੇ:

**ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ॥** *(੯੯੦)*

ਕੋਈ ਮਨੁੱਖ ਸਾਰੀ ਜ਼ਿੰਦਗੀ ਵੇਦ ਪੜ੍ਹੇ, ਸ਼ਾਸਤਰ ਪੜ੍ਹੇ, ਔਰ ਬਾਕਾਇਦਾ ਉਸ ਦੇ ਅਰਥ-ਬੋਧ ਸਿੱਖੇ, ਔਰ ਕਿਸੇ ਆਲਮ ਪੰਡਿਤ ਪਾਸ ਉਸ ਦੀ ਸੰਗਤ ਹੋਵੇ, ਮਹਾਰਾਜ ਕਹਿੰਦੇ ਨੇ, ਤਾਂ ਵੀ ਉਹ ਨਹੀਂ ਬਦਲੇਗਾ। ਤਾਂ ਵੀ ਉਹ ਆਪਣਾ ਸੁਭਾਅ ਨਹੀਂ ਛੱਡੇਗਾ।

**ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ॥**
**ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ॥** *(੯੯੦)*

ਬਈ, ਹੁਣ ਕੁੱਤੇ ਦੀ ਪੂਛ ਨੂੰ ਬੰਨ੍ਹ ਛੱਡੀਏ ਤੇ ਮਹੀਨਾ ਭਰ ਬੰਨ੍ਹ ਛਡੀਏ, ਤੇ ਕਹੀਏ, ਹੁਣ ਸਿੱਧੀ ਹੋ ਜਾ। ਉਹ ਹੋ ਜਾਣੀ ਹੈ ਸਿੱਧੀ? ਸਾਹਿਬ ਕਹਿੰਦੇ ਨੇ, ਜੈਸੇ ਕੁੱਤੇ ਦੀ ਪੂਛ ਸਿੱਧੀ ਨਹੀਂ ਹੁੰਦੀ, ਮਨਮੁਖ ਦਾ ਮਨ ਵੀ ਨਹੀਂ ਸਿੱਧਾ ਹੁੰਦਾ। ਬਿਲਕੁਲ ਮਨਮੁਖ ਦਾ ਸੁਭਾਅ ਨਹੀਂ ਬਦਲਿਆ ਜਾ ਸਕਦਾ।

ਹੁਣ ਮਨਮੁਖ ਤੇ ਗੁਰਮੁਖ ਤੇ ਮਹਾਂਪੁਰਖਾਂ ਦੇ ਬਚਨ ਮੈਂ ਤੁਹਾਡੇ ਸਾਹਮਣੇ

ਰੱਖਾਂ। ਭਾਈ ਸਾਹਿਬ ਭਾਈ ਗੁਰਦਾਸ ਜੀ ਕੋਲ ਇਕ ਸਿੱਖ ਨੇ ਤਰਕ ਕੀਤੀ, ਪਾਤਸ਼ਾਹ! ਤੁਸੀਂ ਗੁਰੂ ਘਰ ਦੇ ਵੇਦ-ਵਿਆਸ ਹੋ ਔਰ ਤੁਹਾਡੀ ਕਲਾਮ ਨੂੰ ਕੁੰਜੀ ਕਿਹਾ ਜਾਂਦਾ ਹੈ, ਗੁਰੂ ਅਰਜਨ ਦੇਵ ਜੀ ਮਹਾਰਾਜ ਤੁਹਾਡਾ ਬਹੁਤ ਸਤਿਕਾਰ ਕਰਦੇ ਨੇ, ਇਹ ਦੱਸੋ, ਕਈ ਦਫ਼ਾ ਕ੍ਰੋਧ ਮਨਮੁਖਾਂ ਵਿਚ ਤੇ ਦੇਖੀਦਾ ਹੈ, ਪਰ ਗੁਰਮੁਖਾਂ 'ਚ ਵੀ ਦੇਖਣ 'ਚ ਆਉਂਦਾ ਹੈ। ਮਨਮੁਖਾਂ 'ਚ ਤੇ ਹੈ ਹੀ। ਕਿਸੇ ਕੁ ਥਾਂ ਐਸਾ ਵੇਖੀਦਾ ਹੈ ਕਿ ਗੁਰਮੁਖ ਦੀਆਂ ਅੱਖਾਂ ਵਿਚ ਵੀ ਨਫ਼ਰਤ ਹੈ, ਮਨਮੁਖ ਦੇ ਅੰਦਰ ਤੇ ਹੈ ਹੀ। ਇਹ ਦੋਵੇਂ ਬਰਾਬਰ ਹੀ ਹੋਏ। ਇਥੇ ਹੁਣ ਭਾਈ ਸਾਹਿਬ ਨੂੰ ਸੋਚਣਾ ਪਿਆ ਹੈ। ਵਾਕਿਆ ਹੀ ਕਈ ਦਫ਼ਾ ਵੇਖਣ ਵਿਚ ਆਇਆ ਹੈ ਕਿ ਨਿਤਨੇਮੀ ਪ੍ਰੇਮੀ ਤੇ ਰਸ ਮਾਣਨ ਵਾਲਾ ਬੰਦਾ ਵੀ ਕਈ ਵਾਰ ਵਕਤੀ ਤੌਰ 'ਤੇ ਕਿਸੇ ਗ਼ਲਤ ਮਾਰਗ 'ਤੇ ਚਲ ਪੈਂਦਾ ਹੈ। ਪਰ ਭਾਈ ਸਾਹਿਬ ਦੀ ਦਲੀਲ ਬੜੀ ਕਮਾਲ ਦੀ ਹੈ। ਭਾਈ ਸਾਹਿਬ ਕਹਿੰਦੇ ਨੇ:

**ਕੰਚਨ ਕਲਸ ਜੈਸੇ ਬਾਕੋ ਭਏ ਸੂਧੋ ਹੋਇ,**
**ਮਾਟੀ ਕੋ ਕਲਸੁ ਫੂਟੇ ਜੁਰੈ ਨ ਜਤਨ ਸੈ॥**

ਸੋਨੇ ਦਾ ਕਲਸ ਟੇਢਾ ਹੋ ਜਾਏ, ਟੁੱਟ ਜਾਏ ਤਾਂ ਬਣ ਜਾਏਗਾ। ਤੇ ਜੇ ਮਿੱਟੀ ਦਾ ਟੁੱਟ ਜਾਏ ਤਾਂ ਨਹੀਂ ਬਣ ਸਕਦਾ, ਟੁੱਟ ਗਿਆ ਸੋ ਟੁੱਟ ਗਿਆ।

ਦੂਸਰਾ ਉਦਾਹਰਣ ਦਿਤਾ ਹੈ ਭਾਈ ਸਾਹਿਬ ਨੇ:

**ਬਸਨ ਮਲੀਨ ਧੋਇ ਨਿਰਮਲ ਹੋਤ ਜੈਸੇ,**
**ਊਜਰੀ ਨ ਹੋਤ ਕਾਰੀ ਕਾਂਬਰੀ ਪਤਨ ਸੈ॥**

ਭਾਈ ਸਾਹਿਬ ਕਹਿੰਦੇ ਨੇ, ਮੈਲਾ ਕਪੜਾ ਸਾਬਣ ਲਾਇਆਂ ਉਜਲਾ ਹੋ ਜਾਂਦਾ ਹੈ। ਕਾਲੇ ਕੰਬਲ ਨੂੰ ਆਖੀਏ ਚਿੱਟਾ ਹੋ ਜਾ। ਹੋ ਜਾਣਾ ਹੈ? ਕਤਈ ਨਹੀਂ।

**ਜੈਸੇ ਲਕੁਟੀ ਅਗਨਿ ਸੇਕਤ ਹੀ ਸੂਧੀ ਹੋਇ,**
**ਸ੍ਵਾਨ ਪੂਛਿ ਪਟੰਤਰੋ ਪ੍ਰਗਟ ਮਨਤਨ ਸੈ॥**

ਭਾਈ ਸਾਹਿਬ ਕਹਿੰਦੇ ਨੇ, ਟੇਢੀਆਂ ਲੱਕੜਾਂ ਨੂੰ ਅੱਗ ਦੇ ਸੇਕ ਨਾਲ ਸਿੱਧਾ ਕਰ ਲਈਦਾ ਹੈ। ਅੱਗ ਦੇ ਸੇਕ ਨਾਲ ਬਾਂਸ ਦੀ ਲੱਕੜੀ ਸਿੱਧੀ ਹੋ ਜਾਂਦੀ ਹੈ। ਕਿਆ ਅੱਗ ਦੇ ਸੇਕ ਨਾਲ ਕੁੱਤੇ ਦੀ ਪੂਛ ਸਿੱਧੀ ਕੀਤੀ ਜਾ ਸਕਦੀ ਹੈ? ਸੜ ਤਾਂ ਜਾਏਗੀ, ਪਰ ਸਿੱਧੀ ਨਹੀਂ ਹੋਵੇਗੀ।

ਚੌਥੀ ਪੰਕਤੀ ਵਿਚ ਭਾਈ ਸਾਹਿਬ ਨੇ ਗ਼ਜ਼ਬ ਕੀਤਾ ਹੈ, ਕਿ ਠੀਕ ਹੈ

ਗੁਰਮੁਖ ਵੀ ਭੁੱਲ ਕਰ ਸਕਦਾ ਹੈ, ਲੇਕਿਨ ਉਸ ਦੀ ਭੁੱਲ ਦਾ ਜਿਸ ਢੰਗ ਨਾਲ ਜ਼ਿਕਰ ਕੀਤਾ ਹੈ, ਭਾਈ ਸਾਹਿਬ ਨੇ ਕਮਾਲ ਕਰ ਦਿੱਤਾ ਹੈ। ਆਪ ਕਹਿੰਦੇ ਨੇ :

**ਤੈਸੇ ਗੁਰਸਿਖਨ ਸੁਭਾਉ, ਜਲ ਮੈ ਨ ਗਤਿ**
**ਸਾਕਤ ਸੁਭਾਵ ਲਾਖ ਪਾਹੁਨ ਗਤਿਨ ਸੈ।੩੯੦।੨੫।**

ਸਿੱਖ ਦਾ ਸੁਭਾ ਇੰਜ ਹੈ, ਜੇ ਉਸ ਦੇ ਮਨ ਵਿਚ ਕੋਈ ਮੈਲੀ ਵਿਚਾਰ ਵੀ ਆਈ ਹੈ, ਤਾਂ ਉਹ ਇੰਜ ਹੈ ਜੈਸੇ ਪਾਣੀ ਦੀ ਲਕੀਰ। ਲਕੀਰ ਤੇ ਮਿਟ ਜਾਂਦੀ ਹੈ, ਲੇਕਿਨ ਪੱਥਰ ਦੇ ਵਿਚ ਜੇਕਰ ਲਕੀਰ ਪਾ ਦੇਈਏ ਤਾਂ ਜਦ ਤਕ ਪੱਥਰ ਰਹੇਗਾ, ਲਕੀਰ ਰਹੇਗੀ। ਭਾਈ ਸਾਹਿਬ ਕਹਿੰਦੇ ਨੇ, ਪੂਰਨ ਗੁਰਸਿੱਖ ਦੇ ਅੰਦਰ ਵੀ ਕੋਈ ਮਾੜਾ ਖ਼ਿਆਲ ਆ ਸਕਦਾ ਹੈ, ਉਸ ਦੀਆਂ ਅੱਖਾਂ ਵਿਚ ਨਫ਼ਰਤ ਆ ਸਕਦੀ ਹੈ, ਉਹਦੇ ਹਿਰਦੇ 'ਚ ਕ੍ਰੋਧ ਆ ਸਕਦਾ ਹੈ, ਪਰ ਇਹ ਆਵਣਾ ਇੰਜ ਹੈ ਜੈਸੇ ਪਾਣੀ ਦੀ ਲਕੀਰ। ਜੈਸੇ ਪਾਣੀ ਵਿਚ ਲਕੀਰ ਨਹੀਂ ਟਿਕਦੀ ਏਸੇ ਪ੍ਰਕਾਰ ਗੁਰਮੁਖ ਦੇ ਅੰਦਰ ਕ੍ਰੋਧ ਨਹੀਂ ਟਿਕਦਾ, ਆਇਆ ਤੇ ਚਲਿਆ ਜਾਂਦਾ ਹੈ। ਕਿਉਂਕਿ ਹਿਰਦੇ ਵਿਚ ਟਿਕਣ ਵਾਸਤੇ ਕੋਈ ਥਾਂ ਨਹੀਂ, ਕਿਥੇ ਬੈਠੇਗਾ ਕ੍ਰੋਧ ? ਉਹਦੇ ਬੈਠਣ ਵਾਸਤੇ ਗੁਰਮੁਖ ਨੇ ਕੋਈ ਆਸਣ ਨਹੀਂ ਵਿਛਾ ਕੇ ਰਖਿਆ ਹੋਇਆ। ਭਾਈ ਸਾਹਿਬ ਕਹਿੰਦੇ ਨੇ, ਜਿਹੜਾ ਮਨਮੁਖ ਹੈ ਉਹ ਤੇ ਇੰਜ ਹੈ ਜਿਵੇਂ ਪੱਥਰ ਦੀ ਲਕੀਰ, ਮਰਦੇ ਦਮ ਤਕ ਹੀ ਰਹੇਗੀ। ਇਕ ਮਾੜਾ ਖ਼ਿਆਲ ਆ ਗਿਆ ਤੇ ਮਰਨ ਤੋਂ ਪਹਿਲੇ ਇਸ ਨੇ ਹੁਣ ਸੁਲਹ ਨਹੀਂ ਕਰਨੀ। ਕਈ ਬੱਚੇ ਲੜਦੇ ਨੇ, ਪੰਜ ਮਿੰਟਾਂ ਬਾਅਦ ਸੁਲਹ ਕਰ ਲੈਂਦੇ ਨੇ ਤੇ ਵੱਡੇ ਲੜ ਪੈਣ ਤਾਂ ਮੁਕੱਦਮੇ ਚਲਦੇ ਰਹਿਣਗੇ, ਚਲਦੇ ਰਹਿਣਗੇ, ਜਦ ਤੀਕ ਕਬਰ ਵਿਚ ਨਹੀਂ ਜਾਂਦੇ ਕੋਈ ਸੁਲਹ ਨਹੀਂ।

ਇਹਦੇ ਨਾਲੋਂ ਤਾਂ ਛੋਟੇ ਬੱਚੇ ਹੀ ਚੰਗੇ ਨੇ, ਕਿਸੇ ਹੱਦ ਤਕ ਛੋਟੇ। ਔਰ ਇਤਨੀ ਅਰਜ਼ ਮੈਂ ਹੋਰ ਕਰ ਦਿੰਦਾ ਹਾਂ, ਫ਼ਰਕ ਸਿਰਫ਼ ਇਤਨਾ ਹੈ ਇਹ ਜਿਹੜੇ ਛੋਟੇ, ਇਹ ਛੋਟੇ ਬੱਚੇ, ਵੱਡੇ ਜ਼ਰਾ, ਵੱਡੇ ਬੱਚੇ ਨੇ। ਬੱਸ ਇੰਨੀ ਗੱਲ ਹੈ, ਹੋਰ ਕੋਈ ਲੰਬੀ ਚੌੜੀ ਗੱਲ ਨਹੀਂ। ਉਹ ਵੀ ਖਿਡੌਣਿਆਂ ਨਾਲ ਖੇਡਦੇ ਨੇ ਤੇ ਇਹ ਵੀ। ਛੋਟਾ ਬੱਚਾ, ਛੋਟੀ ਸਾਈਕਲ ਨਾਲ ਖੇਡ ਰਿਹਾ ਹੈ। ਛੋਟੀ ਕਾਰ ਚਾਹੀਦੀ ਹੈ, ਛੋਟੀ ਗੁੱਡੀ ਚਾਹੀਦੀ ਹੈ, ਖਿਡੌਣੇ ਦਾ ਟੀ.ਵੀ. ਚਾਹੀਦਾ ਹੈ ਉਸ ਦੇ ਨਾਲ। ਤੇ ਹੁਣ ਜ਼ਰਾ ਵੱਡਾ ਹੋ ਗਿਆ ਹੈ ਤੇ ਹੁਣ ਜ਼ਰਾ ਵੱਡਾ ਟੀ.ਵੀ. ਚਾਹੀਦਾ ਹੈ। ਖਿਡੌਣੇ ਵੱਡੇ ਹੋ ਗਏ ਨੇ, ਹੋਰ ਕੀ ਹੈ ? ਜ਼ਰਾ ਸਾਈਕਲ ਵੱਡੀ ਚਾਹੀਦੀ ਹੈ।

ਮੋਟਰ ਕਾਰ ਵੱਡੀ ਚਾਹੀਦੀ ਹੈ। ਗੁੱਡੀਆਂ ਜ਼ਰਾ ਵੱਡੀਆਂ ਚਾਹੀਦੀਆਂ ਹਨ। ਮਕਾਨ ਜ਼ਰਾ ਵੱਡਾ ਚਾਹੀਦਾ ਹੈ। ਬੱਚਾ ਛੋਟਾ ਸੀ, ਮਕਾਨ ਵੀ ਛੋਟਾ ਸੀ। ਹੈਣ ਇਹ ਵੀ ਖਿਡੌਣੇ।

ਔਰ ਇਤਨੀ ਅਰਜ਼ ਮੈਂ ਹੋਰ ਕਰ ਦਿਆਂ, ਕਈ ਦਫ਼ਾ ਮਾਂ ਨੇ ਘਰ ਦਾ ਕੰਮ ਕਰਨਾ ਹੋਵੇ ਨਾ, ਤੇ ਬੱਚਾ ਖਹਿੜਾ ਨਾ ਛੱਡੇ, ਤੇ ਪਤਾ ਫਿਰ ਉਹ ਕੀ ਕਰਦੀ ਹੈ ? ਮਾਂ ਬਹੁਤੇ ਖਿਡੌਣੇ ਦੇ ਦਿੰਦੀ ਹੈ ਕਿ ਚਲੋ ਮੇਰਾ ਖਹਿੜਾ ਛੱਡੇ। ਮੈਂ ਸਮਝਦਾ ਹਾਂ ਗੁਰੂ ਨੇ ਜਿਸ ਤੋਂ ਆਪਣਾ ਖਹਿੜਾ ਛੁਡਾਣਾ ਹੁੰਦਾ ਹੈ, ਉਸ ਨੂੰ ਖਿਡੌਣੇ ਬਥੇਰੇ ਦੇ ਦਿੰਦਾ ਹੈ। ਲੈ ਖੇਡਦਾ ਰਹੁ ਕੋਠੀਆਂ ਵਿਚ। ਖੇਡਦਾ ਰਹਿ ਕਾਰਾਂ ਵਿਚ, ਨਾ ਆ ਮੇਰੇ ਨੇੜੇ। ਮੈਂ ਇੰਜ ਵੀ ਦੇਖਦਾ ਹਾਂ। ਔਖੇ ਨਾ ਹੋਣਾ ਬਿਲਕੁਲ ਖਿਡੌਣਿਆਂ ਦੀ ਖੇਡ ਹੈ।

ਕਈ ਦਫ਼ਾ ਮਾਸੂਮ ਬੱਚਾ ਖਿਡੌਣਿਆਂ ਦੀ ਖੇਡ ਵਿਚ, ਐਸਾ ਲੀਨ ਹੁੰਦਾ ਹੈ ਕਿ ਉਹ ਆਪਣੀ ਮਾਂ ਨੂੰ ਹੀ ਭੁੱਲ ਜਾਂਦਾ ਹੈ। ਕਈ ਦਫ਼ਾ ਗੁਰੂ ਦਾ ਸਿੱਖ ਧਨ ਸੰਪਦਾ ਵਿਚ ਐਸਾ ਲੀਨ ਹੁੰਦਾ ਹੈ ਕਿ ਗੁਰੂ ਨੂੰ ਹੀ ਭੁੱਲ ਜਾਂਦਾ ਹੈ, ਧਰਮ ਨੂੰ ਭੁੱਲ ਜਾਂਦਾ ਹੈ, ਬਾਣੀ ਦੇ ਰਸ ਨੂੰ ਭੁੱਲ ਜਾਂਦਾ ਹੈ। ਪੁਰਖਾ ! ਹੈ ਇਹ ਖਿਡੌਣਿਆਂ ਦੀ ਖੇਡ, ਇਸ ਤੋਂ ਜ਼ਿਆਦਾ ਗੱਲ ਨਹੀਂ। ਖਿਡੌਣੇ ਮਨ ਦੇ ਪ੍ਰਚਾਵੇ ਵਾਸਤੇ ਤੇ ਠੀਕ ਹਨ, ਪਰ ਆਖਿਆ ਜਾਏ, ਹੁਣ ਮਾਂ ਨੂੰ ਹੀ ਭੁਲਾ ਦੇਈਏ। ਤਾਂ ਐਸਾ ਖਿਡੌਣਾ ਗੁਨਾਹ ਹੈ। ਐਸਾ ਖਿਡੌਣਾ ਪਾਪ ਹੈ। ਵਕਤ ਜ਼ਰੂਰਤ ਦੀ ਪੂਰਤੀ ਕਰ ਲਈ ਕਿਸੇ ਖਿਡੌਣੇ ਤੋਂ, ਉਹ ਗੱਲ ਤੇ ਵੱਖਰੀ ਹੈ, ਪਰ ਖਿਡੌਣਾ ਤੇਰੇ ਮਨ ਨੂੰ ਇਤਨਾ ਖਿੱਚ ਲਵੇ ਕਿ ਗੁਰਦਵਾਰਾ ਬਿਲਕੁਲ ਹੀ ਭੁੱਲ ਜਾਵੇ। ਗੁਰੂ ਨੂੰ ਬਿਲਕੁਲ ਹੀ ਭੁੱਲ ਜਾਵੇ ਤੇ ਇਹ ਗੁਨਾਹ ਹੈ। ਹੈ ਸਿਰਫ਼ ਖਿਡੌਣਿਆਂ ਦੀ ਗੱਲ, ਇਸ ਤੋਂ ਜ਼ਿਆਦਾ ਕੁਝ ਨਹੀਂ। ਇਸ ਭੁਲੇਖੇ ਵਿਚ ਨਾ ਪੈਣਾ। ਖ਼ੈਰ !

ਤੇ ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਨੇ, ਕਿ ਮਨਮੁਖ ਦਾ ਸੁਭਾ ਇੰਜ ਹੈ ਜੈਸੇ ਪੱਥਰ ਦੀ ਲਕੀਰ। ਪੈ ਗਈ ਤੇ ਪੈ ਗਈ। ਕੋਈ ਸੁਲਹ ਨਹੀਂ ਹੋਵੇਗੀ। ਬੋਲ ਚਾਲ ਬੰਦ। ਧੰਨ ਨੇ ਇਹ ਬੱਚੇ, ਹੁਣੇ ਹੀ ਲੜਦੇ ਨੇ ਤੇ ਹੁਣੇ ਹੀ ਗੱਲ ਸ਼ੁਰੂ ਹੋ ਗਈ, ਹੁਣੇ ਹੀ ਸਿਲਸਿਲਾ ਸ਼ੁਰੂ ਹੋ ਗਿਆ। ਤੇ ਬਹੁਤ ਵੱਡਾ ਜਿਗਰਾ ਚਾਹੀਦਾ ਹੈ। ਤੇ ਖ਼ੈਰ !

ਜੀਵਨ ਮ੍ਰਿਗਿੰਦ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਇਕ ਸਮਕਾਲੀ ਕਵੀ ਹੋਏ ਨੇ। ਵੈਸੇ ਇਹਨਾਂ ਦਾ ਨਾਮ ਸੀ ਜੀਵਨ ਸਿੰਘ। ਅਕਸਰ ਇਹ ਆਪਣੇ ਨਾਮ ਨਾਲ ਜੀਵਨ ਮ੍ਰਿਗਿੰਦ ਸ਼ਬਦ ਵਰਤਦੇ ਨੇ। ਤੇ ਮ੍ਰਿਗਿੰਦ

ਕਹਿੰਦੇ ਨੇ ਸ਼ੇਰ ਨੂੰ। ਕਵਿਤਾ ਦੀ ਚਾਲ ਨੂੰ ਪੂਰੀ ਰੱਖਣ ਵਾਸਤੇ ਇਕ ਮਾਤਰਾ ਵਧ ਜਾਏ, ਇਸ ਲਈ ਇਹ ਮ੍ਰਿਗਿੰਦ ਸ਼ਬਦ ਵਰਤਦੇ ਨੇ।

ਜੀਵਨ ਮ੍ਰਿਗਿੰਦ ਕੋਲੋਂ ਪੁਛਿਆ ਗਿਆ ਕਿ ਇਹ ਜਿਹੜੇ ਮਨਮੁਖ ਨੇ, ਬਿਲਕੁਲ ਪੱਕੇ ਮਨਮੁਖ, ਜੇ ਇਹਨਾਂ ਦੀ ਸੰਗਤ ਕਿਧਰੇ ਗੁਰਮੁਖ ਨੂੰ ਹੋ ਜਾਏ, ਤੇ ਭੈੜਾ ਅਸਰ ਤੇ ਫਿਰ ਗੁਰਮੁਖ 'ਤੇ ਵੀ ਪਾਏਗਾ ਫੇਰ। ਤੇ ਹੁਣ ਇਥੇ ਸੋਚਣ ਵਾਲੀ ਗੱਲ ਹੈ ਜੇ ਮਨਮੁਖ ਦੀ ਸੰਗਤ ਨਾਲ ਗੁਰਮੁਖ ਬਦਲ ਸਕਦਾ ਹੈ ਤੇ ਗੁਰਮੁਖ ਫਿਰ ਬੜਾ ਕੱਚਾ ਹੈ, ਬਹੁਤ ਕੱਚਾ ਹੈ। ਆਹ ਜਿੰਨੇ ਬਦਲ ਜਾਂਦੇ ਨੇ, ਇਹਨਾਂ ਨੂੰ ਗੁਰਮੁਖ ਨਾ ਸਮਝਿਓ। ਕੋਈ ਗੁਰਮੁਖਤਾਈ ਵਾਲੀ ਗੱਲ ਨਹੀਂ। ਇਹ ਤੇ ਬਿਲਕੁਲ ਕੱਚਾ ਰੰਗ ਹੈ। ਐਵੇਂ ਠੰਡੇ ਪਾਣੀ ਨਾਲ ਉਤਰ ਜਾਂਦਾ ਹੈ। ਇਹ ਕੋਈ ਭਾਈ ਦਿਆਲਾ ਥੋੜਾ ਹੈ, ਉਬਲਦੀ ਦੇਗ਼ ਵਿਚ ਤੇ ਉਬਲ ਗਿਆ, ਪਰ ਸਿੱਖੀ ਦਾ ਰੰਗ ਨਹੀਂ ਉਤਰਿਆ। ਉਹ ਪੱਕਾ ਰੰਗ ਸੀ। ਉਬਲਦੀ ਦੇਗ਼ ਵਿਚ ਵੀ ਨਹੀਂ ਉਤਰਿਆ। ਇਥੇ ਬਰਫ਼ ਦੇ ਪਾਣੀ ਦੇ ਛਿੱਟੇ ਪੈਣ 'ਤੇ ਰੰਗ ਲਹਿ ਜਾਂਦਾ ਹੈ। ਬਿਲਕੁਲ ਹੀ ਕੱਚਾ ਰੰਗ ਚੜ੍ਹਿਆ ਹੋਇਆ ਹੈ, ਬਥੇਰਿਆਂ ਨੂੰ।

ਉਥੇ ਜੀਵਨ ਮ੍ਰਿਗਿੰਦ 'ਤੇ ਇਹ ਸਵਾਲ ਹੈ ਕਿ ਦੱਸੋ ਜਿਹੜੇ ਮਨਮੁਖ ਨੇ, ਇਹਨਾਂ ਦਾ ਅਸਰ ਗੁਰਮੁਖਾਂ 'ਤੇ ਵੀ ਪੈਂਦਾ ਹੋਵੇਗਾ। ਤੇ ਤੁਹਾਨੂੰ ਕਿਧਰੋਂ ਪੰਜ ਸੱਤ ਮਨਮੁਖਾਂ ਦੀ ਸੰਗਤ ਨਸੀਬ ਹੋ ਜਾਏ, ਤੇ ਗੁਰੂ ਤੋਂ ਹੀ ਤੁਹਾਡਾ ਹਿਰਦਾ ਵੀ ਅਸ਼ਰਧਕ ਹੋ ਸਕਦਾ ਹੈ ? ਗੱਜ ਪਿਆ ਇਹ ਸ਼ੇਰ ਦੀ ਤਰ੍ਹਾਂ। ਵਾਕਿਆ ਹੀ ਇਸ ਨੇ ਜਿਹੜਾ ਤਖ਼ੱਲਸ ਰਖਿਆ ਹੈ 'ਮ੍ਰਿਗਿੰਦ', ਗ਼ਲਤ ਨਹੀਂ ਰਖਿਆ। ਇਹ ਗੱਲ ਇਥੋਂ ਆਰੰਭ ਕਰਦਾ ਹੈ:

**ਕੂਏ ਮਾਂਝ ਮੇਂਡਕ ਨਾ ਜਾਨੈ ਗੁਣ ਸਾਗਰ ਕੇ**
**ਕਿਧੋ ਰਤਨਾਗਰ ਕੇ ਮਨ ਗਨ ਫੂਟੈਂਗੇ।**
**ਸੂਰੀਐ ਪ੍ਰਤਾਪ ਜੋ ਨਾ ਜਾਨੈ ਮਿਲ ਉੱਲੂ,**
**ਪੁੰਜ ਕੰਜ ਮੰਜ ਚਕਵਾ ਸਨੇਹ ਨਿਜ ਟੂਟੈਂਗੇ।**
**ਜੀਵਨ ਮ੍ਰਿਗਿੰਦ ਜੱਗ ਅਗ ਭ੍ਰਮ ਭਨੈ ਤਨ,**
**ਤਗ ਨਿਜ ਧਿਆਨ, ਜੁਟੈ ਵਾਂਕੇ ਕੈ ਛੂਟੈਂਗੇ।**
**ਗੁਣੀ ਗੁਣ ਨ ਜਾਣੈ, ਬਿਖ ਦੋਖ ਜੋ ਬਖਾਨੈ,**
**ਕਿਉਂ ਸਿਆਰਨ ਕੇ ਬੋਲ ਸੁਣ ਸਿੰਘ ਦੁਖ ਘੂਟੈਂਗੇ।**

ਕਹਿੰਦਾ ਹੈ ਜੇ ਸਾਗਰ ਦੀ ਮਹਿਮਾ ਮੇਂਡਕ ਨਹੀਂ ਜਾਣਦਾ, ਤੇ ਹੰਸਾਂ ਨੇ ਕਿਆ ਸਮੁੰਦਰ ਨਾਲ ਯਾਰੀ ਪਾਣੀ ਛੱਡ ਦੇਣੀ ਹੈ ? ਇਹਨਾਂ ਹੰਸਾਂ ਨੇ ਸਮੁੰਦਰ

ਦੀ ਦੋਸਤੀ ਛੱਡ ਦੇਣੀ ਹੈ ? ਕੀ ਇਹ ਹੰਸ ਵੀ ਮੇਂਡਕ ਹੀ ਬਣ ਜਾਣਗੇ ? ਆਖਣਗੇ, ਹੁਣ ਕੂਏਂ ਤੋਂ ਇਲਾਵਾ ਹੋਰ ਪਾਸੇ ਜਾਣਾ ਹੀ ਨਹੀਂ। ਬੱਸ ਇਹਦੇ ਵਿਚ ਹੀ ਸਭ ਕੁਛ ਹੈ। ਨਹੀਂ, ਮੇਂਡਕ ਉਹਨਾਂ ਰਤਨਾਂ ਦੀ ਸਾਰ ਜਾਣਦਾ ਹੈ ਜੋ ਸਮੁੰਦਰ ਵਿਚ ਹਨ, ਤੋ ਕਿਆ ਹੰਸ ਨੇ ਪ੍ਰੀਤੀ ਛੱਡ ਦੇਣੀ ਹੈ :

**ਸੂਰੀਐ ਪ੍ਰਤਾਪ ਜੋ ਨਾ ਜਾਨੈ ਮਿਲ ਉੱਲੂ,**
**ਪੁੰਜ ਕੰਜ ਮੰਜ ਚਕਵਾ ਸਨੇਹ ਨਿਜ ਟੂਟੈਂਗੇ।**

ਜੇ ਸੂਰਜ ਦੀ ਮਹਿਮਾ ਉੱਲੂ ਨਹੀਂ ਜਾਣਦਾ, ਜੇ ਸੂਰਜ ਨੂੰ ਵੇਖ ਕੇ ਹੀ ਇਸ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਨੇ, ਤੋ ਕਿਆ ਕੰਵਲ ਤੇ ਚਕਵੀ ਨੇ ਸੂਰਜ ਦੇ ਨਾਲ ਦੋਸਤੀ ਛੱਡ ਦੇਣੀ ਹੈ ? ਸੂਰਜ ਚੜ੍ਹਦਾ ਹੈ, ਕੰਵਲ ਦਾ ਫੁੱਲ ਖਿੜ ਪੈਂਦਾ ਹੈ, ਚਕਵੀ ਖੇੜੇ ਵਿਚ ਆ ਜਾਂਦੀ ਹੈ। ਸਾਰੀ ਰਾਤ ਚਕਵੀ ਤੜਫਦੀ ਰਹਿੰਦੀ ਹੈ, ਬਈ ਕਦੋਂ ਸੂਰਜ ਚੜ੍ਹੇ ਤੇ ਮੈਂ ਵੇਖਾਂ। ਪਰ ਸਾਰਾ ਦਿਨ ਉੱਲੂ ਤੜਫਦਾ ਰਹਿੰਦਾ ਹੈ ਕਿ ਜਦੋਂ ਸੂਰਜ ਗ਼ਰੂਬ ਹੋਵੇ ਤੇ ਮੈਂ ਉਡਾਰੀਆਂ ਲਾਵਾਂ। ਕੰਬਖਤ ਚੜ੍ਹਿਆ ਹੀ ਕਿਉਂ ਹੈ ? ਰੌਸ਼ਨੀ ਹੈ ਹੀ ਕਿਉਂ ? ਕਿਉਂਕਿ ਉਸ ਨੂੰ ਰੌਸ਼ਨੀ ਚੰਗੀ ਹੀ ਨਹੀਂ ਲਗਦੀ। ਰੌਸ਼ਨੀ ਬਾਰੇ ਉਸ ਦੇ ਅੰਦਰ ਕੋਈ ਜਜ਼ਬਾਤ ਹੈ ਹੀ ਨਹੀਂ।

ਤੋ ਇਥੇ ਹੁਣ ਜੀਵਨ ਮ੍ਰਿਗਿੰਦ ਇਸ਼ਾਰਤਨ ਸਮਝਾ ਰਹੇ ਨੇ :

**ਸੂਰੀਐ ਪ੍ਰਤਾਪ ਜੋ ਨਾ ਜਾਨੈ ਮਿਲ ਉੱਲੂ,**
**ਪੁੰਜ ਕੰਜ ਮੰਜ ਚਕਵਾ ਸਨੇਹ ਨਿਜ ਟੂਟੈਂਗੇ।**
**ਜੀਵਨ ਮ੍ਰਿਗਿੰਦ ਜੱਗ ਅਗ ਭ੍ਰਮ ਭਨੈ ਤਨ,**
**ਤਗ ਨਿਜ ਧਿਆਨ, ਜੂਟੇ ਵਾਂਕੇ ਕੈ ਛੂਟੈਂਗੇ।**
**ਗੁਣੀ ਗੁਣ ਨ ਜਾਣੈ, ਬਿਨ ਦੋਖ ਜੁ ਬਖਾਨੈ,**
**ਕਿਉਂ ਸਿਆਰਨ ਕੇ ਬੋਲ ਸੁਣ ਸਿੰਘ ਦੁਖ ਘੂਟੈਂਗੇ।**

ਕਹਿੰਦਾ, ਗਿੱਦੜ ਪੰਦਰ੍ਹਾਂ ਵੀਹ ਬੋਲਣ ਲੱਗ ਪੈਣ, ਪੰਜਾਹ ਸਠ ਬੋਲਣ ਲੱਗ ਪੈਣ, ਤੋ ਕਿਆ ਸ਼ੇਰ ਨੇ ਡਰਦੇ ਮਾਰੇ ਚੁਪ ਹੋ ਜਾਣਾ ਹੈ ? ਬਈ ਠੀਕ ਹੈ, ਬਥੇਰੇ ਗਿੱਦੜ ਬੋਲਦੇ ਪਏ ਨੇ, ਹੁਣ ਇਕ ਪਾਸੇ ਹੋ ਜਾਣਾ ਚਾਹੀਦਾ ਹੈ। ਜੀਵਨ ਮ੍ਰਿਗਿੰਦ ਕਹਿੰਦੇ ਨੇ, ਮਨਮੁਖ ਇਕ ਨਹੀਂ ਭਾਵੇਂ ਪੰਜਾਹ ਵੀ ਇਕੱਠੇ ਕਿਉਂ ਨਾ ਹੋ ਜਾਣ, ਮੈਂ ਸ਼ੇਰਾਂ ਦੀ ਤਰ੍ਹਾਂ ਗਰਜਦੇ ਹੀ ਰਹਿਣਾ ਹੈ। ਮੈਂ ਕਲਗੀਧਰ ਦਾ ਸਿਖ ਹਾਂ।

ਮਹਾਰਾਜ ਨੇ ਸਾਨੂੰ ਸ਼ੇਰ ਬਣਾਇਆ ਸੀ। ਪਤਾ ਨਹੀਂ ਕਿਉਂ ਆਬੋ-ਹਵਾ

ਕਰਕੇ ਅਸੀਂ ਗਿੱਦੜ ਬਣ ਗਏ ਹਾਂ। ਹਰ ਥਾਂ ਟਕਰਾਣਾ ਔਰ ਪੂਰਨ ਰੂਪ ਵਿਚ ਟਕਰਾਣਾ। ਆਪਣੇ ਸਿੰਘਪੁਣੇ ਨੂੰ ਕਾਇਮ ਰਖਣਾ, ਆਪਣੀ ਸੂਰਬੀਰਤਾ ਨੂੰ ਕਾਇਮ ਰੱਖਣਾ। ਜੀਵਨ ਮ੍ਰਿਗਿੰਦ ਕਹਿੰਦੇ ਨੇ, ਜੇ ਬਹੁਤ ਸਾਰੇ ਗਿੱਦੜ ਬੋਲਣ ਲਗ ਪੈਣ, ਤੇ ਕਿਆ ਸ਼ੇਰ ਗਰਜਨਾ ਛੱਡ ਦਿੰਦਾ ਹੈ। ਭਾਵ ਇਹ ਹੈ, ਭਾਵੇਂ ਬਥੇਰੇ ਹੀ ਮਨਮੁਖਾਂ ਦਾ ਇਕੱਠ ਹੋ ਜਾਵੇ, ਗੁਰਮੁਖ ਆਪਣੀ ਗੁਰਮੁਖਤਾਈ ਨਹੀਂ ਛੱਡਦਾ, ਗੁਰਸਿਖ ਆਪਣੀ ਗੁਰਸਿੱਖੀ ਨਹੀਂ ਛੱਡਦਾ। ਤੇ ਜੇ ਖਿਮਾ ਕਰਨੀ ਛੱਡ ਦਿਤੀ ਹੈ, ਤੇ ਉਹ ਗੁਰਸਿਖ ਹੈਗਾ ਹੀ ਨਹੀਂ ਸੀ। ਆਹ, ਜਿਵੇਂ ਇਕ ਕਾਗ਼ਜ਼ 'ਤੇ ਉਂਜ ਕਾਗਜ਼ ਰੱਖ ਦੇਈਏ ਨਾ, ਤੇ ਹਵਾ ਦਾ ਛੋਟਾ ਜਿਹਾ ਹੀ ਝੋਕਾ ਆਏ, ਤੇ ਦੋਵੇਂ ਵੱਖ ਹੋ ਜਾਂਦੇ ਨੇ। ਥੱਲੇ ਦਾ ਇਕ ਪਾਸੇ ਤੇ ਉਪਰ ਦਾ ਇਕ ਪਾਸੇ। ਤੇ ਜੇ ਦੋਵੇਂ ਚੰਬੜੇ ਹੋਏ ਹੋਵਣ, ਜਾਂ ਫਿਰ ਸੀਤੇ ਹੋਏ ਹੋਵਣ, ਤੇ ਫਿਰ ਦੋਵੇਂ ਇਕ ਪਾਸੇ ਹੀ ਹੋਵਣਗੇ। ਇਹ ਜਿਹੜੇ ਕੱਚੇ ਗੁਰੂ ਨਾਲ ਜੁੜੇ ਹੋਏ ਹੁੰਦੇ ਹਨ, ਐਵੇਂ ਹੀ ਥੋੜ੍ਹਾ ਜਿਹਾ ਵੀ ਝੋਕਾ ਚੱਲੇ ਤਾਂ ਬਸ ਇਹ ਦੁਕਾਨ 'ਤੇ, ਤੇ ਉਹ ਗੁਰੂ ਆਪਣੇ ਗੁਰਦਵਾਰੇ। ਬਈ ਠੀਕ ਹੈ, ਤੁਸੀਂ ਉਥੇ ਚੰਗੇ, ਅਸੀਂ ਇਥੇ ਚੰਗੇ। ਗੱਲ ਇਕ ਪਾਸੇ, ਸਿਲਸਿਲਾ ਇਕ ਪਾਸੇ, ਨਿਕੇ ਜਿਹੇ ਹਵਾ ਦੇ ਝੋਕੇ ਨਾਲ ਹੀ ਟੁਟ ਜਾਂਦੇ ਨੇ। ਬਈ ਸਾਡੀ ਦੁਕਾਨ ਚਲਦੀ ਰਵੇ, ਠੀਕ ਹੈ, ਗੁਰਦਵਾਰਾ ਬੰਦ ਹੁੰਦਾ ਹੈ ਤਾਂ ਹੁੰਦਾ ਰਵੇ। ਨਹੀਂ ਗੱਲ ਚਲਦੀ ਤੇ ਨਾ ਸਈ, ਸਾਡਾ ਸਿਲਸਿਲਾ ਠੀਕ ਰਵੇ। ਸ਼ਾਡਾ ਸਿਲਸਿਲਾ ਜੋ ਹੈ, ਇਹ ਚਲਦਾ ਰਹਿਣਾ ਚਾਹੀਦਾ ਹੈ, ਇਹ ਬਿਲਕੁਲ ਕੱਚੇ ਮਨੁੱਖਾਂ ਦੀ ਤਰ੍ਹਾਂ ਜੁ ਹੈ। ਜੀਵਨ ਮ੍ਰਿਗਿੰਦ ਕਹਿੰਦੇ ਨੇ, ਮੈਂ ਐਸਾ ਕੱਚਾ ਕੋਈ ਨਹੀਂ।

ਗੱਲ ਮੈਂ ਇਥੋਂ ਸ਼ੁਰੂ ਕੀਤੀ ਸੀ, ਜਿਹੜਾ ਪੱਕਾ ਮਨਮੁਖ ਹੈ ਨਾ, ਪੱਕਾ, ਉਸ ਸਾਹਮਣੇ ਗੁਰਮੁਖਤਾਈ ਦੀਆਂ ਕਿੰਨੀਆਂ ਹੀ ਗੱਲਾਂ ਰਖ ਛਡੋ, ਉਹ ਆਪਣਾ ਸੁਭਾ ਨਹੀਂ ਛਡਦਾ। ਪਰ ਜਿਹੜਾ ਪੱਕਾ ਗੁਰਮੁਖ ਹੈ, ਮਨਮੁਖਾਂ ਦੀ ਭਾਵੇਂ ਭੀੜ ਦੀ ਭੀੜ ਵੀ ਆ ਜਾਏ, ਉਹ ਆਪਣੀ ਗੁਰਮੁਖਤਾਈ ਨਹੀਂ ਛੱਡਦਾ।

ਇਥੇ ਬੈਠ ਕੇ ਆਪਾਂ ਨਿਰਣਾ ਕਰਨਾ ਹੈ ਕਿ ਗੁਰਬਾਣੀ ਸੁਣਦਿਆਂ ਸੁਣਦਿਆਂ ਜੇ ਸਾਡਾ ਹਿਰਦਾ ਨਹੀਂ ਬਦਲਦਾ ਤਾਂ ਗੱਲ ਕੁਝ ਹੋਰ ਹੈ। ਜੇ ਇਸ ਤਰੀਕੇ ਦੇ ਨਾਲ, ਜੇ ਸਾਡੀ ਸੰਗਤ ਦੇ ਨਾਲ ਕਿਸੇ ਦੂਸਰੇ 'ਤੇ ਜੇ ਪ੍ਰਭਾਵ ਪੈਂਦਾ ਹੈ ਤੇ ਅਗਲਾ ਵੀ ਗੁਰਦਵਾਰੇ ਆਣ ਲੱਗ ਪੈਂਦਾ ਹੈ ਤੇ ਫਿਰ ਸਮਝ ਲੈਣਾ ਚਾਹੀਦਾ ਹੈ ਕਿ ਕੋਈ ਗੁਰੂ ਦੀ ਗੱਲ ਸਾਡੇ ਪਾਸ ਹੈ, ਕੋਈ ਗੁਰੂ ਦੇ ਬਚਨ ਸਾਡੇ ਕੋਲ ਹਨ, ਕਿ ਗੁਰੂ ਦੀ ਮਿਹਰ ਸਾਡੇ ਕੋਲ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਬਖ਼ਸ਼ਿਸ਼ ਕਰਨ। ਅਸੀਂ ਭੌਰਿਆਂ ਦੀ ਤਰ੍ਹਾਂ ਗੁਰਦਵਾਰੇ ਆਈਏ, ਡੱਡੂ ਦੀ ਤਰ੍ਹਾਂ ਨਾ ਆਈਏ। ਬਸ ਇੰਨੀ ਕੁ ਗੱਲ ਹੈ। ਜੇ ਸਤਸੰਗ ਇਕ ਕਾਮਧੇਨ ਗਊ ਹੈ ਤਾਂ ਅਸੀਂ ਬਛੜੇ ਦੀ ਤਰ੍ਹਾਂ ਆਈਏ, ਇਥੇ ਚਿੱਚੜ ਦੀ ਤਰ੍ਹਾਂ ਨਾ ਆਈਏ। ਕਿਸੇ ਗੁਰਦਵਾਰੇ ਦਾ ਖ਼ੂਨ ਪੀਣ ਵਾਲੇ ਨਾ ਬਣੀਏ। ਫੁੱਲਾਂ ਦਾ ਰਸ ਕੱਢਣ ਵਾਲੇ ਬਣੀਏ। ਕਾਈ ਤੇ ਗੰਦਗੀ ਖਾਣ ਵਾਲੇ ਨਾ ਬਣੀਏ। ਤੇ ਜੇ ਅਸੀਂ ਸਿੱਧਾ ਹੀ ਹੋਣਾ ਹੋਵੇ ਤਾਂ ਬਾਂਸ ਦੀ ਸੋਟੀ ਦੀ ਤਰ੍ਹਾਂ ਸਿੱਧੇ ਹੋ ਜਾਈਏ, ਇੰਜ ਨਹੀਂ ਕਿ ਕੁੱਤੇ ਦੀ ਪੂਛ ਦੀ ਤਰ੍ਹਾਂ ਟੇਢੇ ਦੇ ਟੇਢੇ ਹੀ ਰਹੀਏ, ਭਾਵੇਂ ਕਿਤਨਾ ਹੀ ਤਪ, ਕਿਤਨੀਆਂ ਹੀ ਵਿਚਾਰ ਦੀਆਂ ਗੱਲਾਂ ਕੀਤੀਆਂ ਜਾਣ। ਕਿਤਨੀ ਸ਼ਬਦ ਦੀ ਅੱਗ ਹੈ ਜੋ ਬਾਲੀ ਜਾਏ। ਤਪ ਬਾਰੇ ਆਖਿਆ ਹੈ :

**ਭਉ ਖਲਾ ਅਗਨਿ ਤਪ ਤਾਉ॥**

ਤਪ ਕਰਨਾ—ਬਾਣੀ ਪੜ੍ਹਨੀ, ਸੇਵਾ ਕਰਨੀ—ਇਹ ਹੈ ਤਪ। ਔਰ ਇਹਦੇ ਨਾਲ ਇਸ ਵਿੰਗੇ ਮਨ ਨੂੰ ਸਿੱਧਾ ਕਰਨਾ ਹੈ।

ਸਾਹਿਬ ਬਖ਼ਸ਼ਿਸ਼ ਕਰਨ ਤਾਕਿ ਇਹਨਾਂ ਵਿਚਾਰਾਂ ਦਾ ਸਾਡੇ ਮਨ 'ਤੇ ਅਸਰ ਹੋਵੇ। ਤਾਕਿ ਅਸੀਂ ਉਹ ਸਿਖ ਬਣੀਏ ਕਿ ਕਰੋੜਾਂ ਹੀ ਗਿੱਦੜ ਕਿਉਂ ਨਾ ਬੋਲਦੇ ਰਹਿਣ ਤਾਂ ਵੀ ਇਕ ਸ਼ੇਰ ਕਾਫ਼ੀ ਹੈ। ਬਹੁਤੇ ਗਿੱਦੜ ਇਕੱਠੇ ਕਰ ਕੇ ਕੀ ਕਰਨਾ ਹੈ ? ਇਕੋ ਹੀ ਸ਼ੇਰ ਕਾਫ਼ੀ ਹੈ। ਸੋ ਤੁਸੀਂ ਸਿੰਘ ਬਣਨ ਦੀ ਕੋਸ਼ਿਸ਼ ਕਰੋ। ਪੂਰਨ ਸਿੰਘ! ਚਾਹੇ ਕਿਤਨੇ ਵੀ ਗਿੱਦੜ ਕਿਉਂ ਨਾ ਆਵਣ, ਕਹੋ, ਤੁਹਾਡੀ ਕੂੰ ਕੂੰ ਕਰਨੀ ਅੱਡ ਹੈ, ਸਾਡੀ ਗਰਜਨਾ ਅੱਡ ਹੈ। ਭੁੱਲਾਂ ਚੁੱਕਾਂ ਮਾਫ਼।

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਫ਼ਤਹ॥

# ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ

ਭੱਟਾਂ ਨੇ ਆਖਿਆ ਹੈ ਕਿ ਹੇ ਗੁਰੂ ਅਰਜਨ ਦੇਵ ਜੀ, ਤੁਸੀਂ ਜੰਮਦਿਆਂ ਹੀ ਬ੍ਰਹਮ ਨੂੰ ਪਛਾਣਿਆ ਹੈ, ਤੁਸੀਂ ਜੰਮਦਿਆਂ ਹੀ ਰੱਬ ਨੂੰ ਪਛਾਣਿਆ ਹੈ। ਭਾਵ, ਤੁਸੀਂ ਜੰਮਦਿਆਂ ਹੀ ਬ੍ਰਹਮ ਗਿਆਨੀ ਹੋ। ਇਹ ਇਕ ਪੰਕਤੀ ਹੈ ਗੁਰੂ ਗ੍ਰੰਥ ਸਾਹਿਬ ਵਿਚ ਤੇ ਇਸ ਆਧਾਰ 'ਤੇ ਗੁਰੂ ਅਰਜਨ ਦੇਵ ਜੀ ਦੀ ਗੱਲ ਤੁਹਾਡੇ ਸਾਹਮਣੇ ਰੱਖਣੀ ਹੈ।

ਆਲਮ ਇਸ ਪੰਕਤੀ ਦੀ ਬੜੀ ਖੋਜ ਕਰਦੇ ਰਹੇ ਹਨ ਕਿ "ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ", ਤੁਸੀਂ ਜਨਮ ਤੋਂ ਹੀ ਬ੍ਰਹਮ ਨੂੰ ਪਛਾਣਿਆ ਹੈ। ਤੁਸੀਂ ਜੰਮਦੇ ਹੀ ਬ੍ਰਹਮ ਨਾਲ ਜੁੜੇ ਹੋ। ਤੁਸੀਂ ਜੰਮਦਿਆਂ ਹੀ ਬ੍ਰਹਮ ਗਿਆਨੀ ਦੀ ਮੂਰਤੀ ਸਉ।

ਕੁਝ ਐਸਾ ਵੀ ਇਤਿਹਾਸ ਵਿਚ ਆਉਂਦਾ ਹੈ, ਗੁਰੂ ਅਮਰਦਾਸ ਜੀ ਮਹਾਰਾਜ ਸਿੰਘਾਸਨ 'ਤੇ ਬੈਠੇ ਸਨ ਤੇ ਖੇਡਦੇ ਖੇਡਦੇ ਅਤੇ ਸੱਤ ਅੱਠ ਮਹੀਨਿਆਂ ਦੇ ਹੀ ਗੁਰੂ ਅਰਜਨ ਦੇਵ ਜੀ ਸਨ ਤੇ ਆਪ ਸਿੰਘਾਸਨ 'ਤੇ ਚੜ੍ਹਨ ਲੱਗੇ। ਤੇ ਜਿਸ ਵਕਤ ਚੜ੍ਹਨ ਲੱਗੇ ਤਾਂ ਮਾਤਾ ਨੇ ਰੋਕਿਆ ਹੈ। ਭਾਨੀ ਜੀ ਨੇ ਰੋਕਣ ਦੀ ਕੋਸ਼ਿਸ਼ ਕੀਤੀ ਹੈ ਤੇ ਗੁਰੂ ਅਮਰਦਾਸ ਜੀ ਮਹਾਰਾਜ ਦੇ ਮੁਖਾਰਬਿੰਦ ਤੋਂ ਸਹਿਜੇ ਹੀ ਇਹ ਨਿਕਲਿਆ "ਦੋਹਤਾ ਬਾਣੀ ਕਾ ਬੋਹਥਾ"। ਚੜ੍ਹਨ ਦਿਓ ਇਸ ਨੂੰ ਰੋਕੋ ਨਾ, ਇਹ ਬਾਣੀ ਦਾ ਸਾਗਰ ਹੋਵੇਗਾ। ਇਹ ਬਾਣੀ ਦਾ ਜਹਾਜ਼ ਹੋਵੇਗਾ। ਇਸ ਦੇ ਅੰਦਰੋਂ ਬਾਣੀ ਇੰਜ ਨਿਕਲੇਗੀ, ਜੈਸੇ ਝਰਨੇ ਅੰਦਰੋਂ ਪਾਣੀ ਨਿਕਲਦਾ ਹੈ। ਸੁਭਾਵਕ, ਇਹ ਬਚਨ ਗੁਰੂ ਅਮਰਦਾਸ ਜੀ ਦੀ ਰਸਨਾ ਤੋਂ ਨਿਕਲੇ।

ਭੱਟਾਂ ਦੀ ਸਾਰੀ ਬਾਣੀ, ਗੁਰੂ-ਉਸਤਤੀ ਵਿਚ ਹੈ, ਤੇ ਗੁਰੂਆਂ ਦੀ ਸਾਰੀ ਬਾਣੀ ਈਸ਼ਵਰ-ਉਸਤਤੀ ਵਿਚ ਹੈ।

ਭੱਟ ਕਹਿੰਦੇ ਹਨ ਗੁਰੂ ਅਰਜਨ ਦੇਵ ਜੀ ਬਾਰੇ ਕਿ ਹੇ ਗੁਰੂ ਅਰਜਨ ਦੇਵ ਜੀ! ਤੁਸੀਂ ਉਹ ਮਹਾਨ ਸ਼ਖ਼ਸੀਅਤ ਹੋ ਕਿ ਜੰਮਦਿਆਂ ਹੀ ਰੱਬ ਨਾਲ ਜੁੜੇ ਹੋ। ਹੁਣ ਜੰਮਦਿਆਂ ਹੀ ਕੋਈ ਬ੍ਰਹਮ ਗਿਆਨੀ ਹੋ ਸਕਦਾ ਹੈ ? ਇਸ ਗੱਲ ਦਾ ਖੁਲਾਸਾ ਮੈਂ ਤੁਹਾਡੇ ਸਾਹਮਣੇ ਰੱਖਾਂ।

ਸਤਿਗੁਰਾਂ ਦੀ ਬਾਣੀ ਐਸਾ ਕਹਿੰਦੀ ਹੈ ਕਿ ਮਾਂ ਬਾਪ ਦੇ ਵੱਸ ਦੀ ਗੱਲ ਹੈ ਕਿ ਉਸ ਨੇ ਚੋਰ ਨੂੰ ਪੈਦਾ ਕਰਨਾ ਹੈ ਯਾ ਫਿਰ ਭਗਤ ਨੂੰ ਜਨਮ ਦੇਣਾ ਹੈ, ਸਾਧ ਨੂੰ ਪੈਦਾ ਕਰਨਾ ਹੈ ਕਿ ਦੁਰਾਚਾਰੀ ਨੂੰ ਪੈਦਾ ਕਰਨਾ ਹੈ। ਇਹ ਮਾਂ ਬਾਪ ਦੇ ਵੱਸ ਦੀ ਗੱਲ ਹੈ। ਅਜੋਕੀ ਸਾਇੰਸ ਇਸ ਨਤੀਜੇ 'ਤੇ ਪਹੁੰਚੀ ਹੈ ਕਿ ਮਨੁੱਖ ਜੋ ਹੈ, ਇਹ ਮਾਹੌਲ ਦਾ ਪੁਤਲਾ ਹੈ। ਜੈਸਾ ਇਸ ਨੂੰ ਵਾਤਾਵਰਣ ਮਿਲੇ, ਜੈਸਾ ਇਸ ਨੂੰ ਮਾਹੌਲ ਮਿਲੇ, ਉਸੇ ਤਰ੍ਹਾਂ ਉਸੇ ਢੰਗ ਨਾਲ ਢਲ ਜਾਂਦਾ ਹੈ। ਆਓ, ਗੁਰੂ ਰਾਮਦਾਸ ਮਹਾਰਾਜ ਦੀ ਇਕ ਪੰਕਤੀ ਮੈਂ ਤੁਹਾਡੇ ਸਾਹਮਣੇ ਰੱਖਾਂ ਅਤੇ ਉਸ ਤੋਂ ਇਸ ਗੱਲ ਦਾ ਪਤਾ ਚਲੇਗਾ ਕਿ ਮਾਂ ਬਾਪ ਦੇ ਕਿਤਨੇ ਅਖ਼ਤਿਆਰ ਦੇ ਵਿਚ ਹੈ ਕਿ ਉਹ ਚੰਗੀ ਰੂਹ ਨੂੰ ਜਨਮ ਦੇਣ।

ਸ੍ਰੀ ਗੁਰੂ ਰਾਮਦਾਸ ਮਹਾਰਾਜ ਸਾਹਿਬ ਦਾ ਫ਼ੁਰਮਾਨ ਹੈ:

**ਜਿਨ ਹਰਿ ਹਿਰਦੈ ਨਾਮੁ ਨ ਬਸਿਓ,**
**ਤਿਨ ਮਾਤ ਕੀਜੈ ਹਰਿ ਬਾਂਝਾ॥** (੬੯੭)

ਗੁਰੂ ਜੀ ਕਹਿੰਦੇ ਹਨ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਨਹੀਂ ਵੱਸਿਆ, ਜਿਨ੍ਹਾਂ ਨੇ ਨਾਮ ਦਾ ਰਸ ਨਹੀਂ ਮਾਣਿਆ, ਐਸੀ ਮਾਂ ਜਿਸ ਨੇ ਉਸ ਬੱਚੇ ਨੂੰ ਜਨਮ ਦਿਤਾ ਹੈ, ਬੇਹਤਰ ਸੀ ਇਸ ਜਨਮ ਤੋਂ ਬੇਸ਼ਤਰ ਬਾਂਝ ਰਹਿੰਦੀ।

**ਜਿਨ ਹਰਿ ਹਿਰਦੈ ਨਾਮੁ ਨ ਬਸਿਓ,**
**ਤਿਨ ਮਾਤ ਕੀਜੈ ਹਰਿ ਬਾਂਝਾ॥** (੬੯੭)

ਹੁਣ ਸਿਆਣਾ ਬੰਦਾ ਪੁੱਛ ਸਕਦਾ ਹੈ ਕਿ ਬਈ ਨਾਮ ਨਹੀਂ ਜਪਿਆ ਪੁੱਤਰ ਨੇ, ਤਾੜਨਾ ਮਾਂ ਨੂੰ ਕਿਉਂ ਕੀਤੀ ਜਾ ਰਹੀ ਹੈ? ਗਿਲਾ ਮਾਂ 'ਤੇ ਕਿਉਂ ਹੈ? ਇਸ ਤੋਂ ਇਲਾਵਾ ਸਿਰਫ਼ ਇਹ ਗਿਲਾ ਇਕੱਲੇ ਗੁਰੂ ਰਾਮਦਾਸ ਮਹਾਰਾਜ ਸਾਹਿਬ ਨੇ ਹੀ ਨਹੀਂ ਕੀਤਾ, ਕਬੀਰ ਜੀ ਨੇ ਵੀ ਕੀਤਾ ਹੈ। ਕਬੀਰ ਜੀ ਕਹਿੰਦੇ ਹਨ:

**ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥**
**ਬਿਧਵਾ ਕਸ ਨ ਭਈ ਮਹਤਾਰੀ॥** (੩੨੮)

ਬਹੁਤ ਵੱਡਾ ਜਿਗਰਾ ਚਾਹੀਦਾ ਹੈ ਗੁਰੂ ਸ਼ਬਦ ਸੁਣਨ ਵਾਸਤੇ। 'ਬਹੁਤ ਵੱਡਾ ਜਿਗਰਾ'। ਸਮੁੰਦਰ ਨੂੰ ਕੁੱਜੇ ਵਿਚ ਬੰਦ ਕਰਨਾ ਬਹੁਤ ਔਖੀ ਗੱਲ ਹੈ। ਤੇ ਸ੍ਰੀ ਕਬੀਰ ਜੀ ਕਹਿੰਦੇ ਨੇ, ਜਿਨ੍ਹਾਂ ਦੇ ਹਿਰਦੇ ਵਿਚ ਨਾਮ ਨਹੀਂ ਵੱਸਿਆ, ਜਿਸ ਪੁੱਤਰ ਨੇ ਗਿਆਨ ਵਿਚਾਰ ਨਹੀਂ ਕੀਤੀ:

**ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥**

ਜਿਸ ਕੁਲ ਦੇ ਵਿਚ, ਜਿਸ ਘਰ ਦੇ ਵਿਚ ਪੁੱਤਰ ਜੰਮਿਆ ਹੈ, ਤੇ ਉਹਨੇ ਗਿਆਨ ਨੂੰ ਨਹੀਂ ਵੀਚਾਰਿਆ, ਗਿਆਨ ਨੂੰ ਨਹੀਂ ਸਮਝਿਆ; ਤੋ ਆਪ ਨੇ ਕਹਿ ਦਿਤਾ ਹੈ :

**ਬਿਧਵਾ ਕਸ ਨ ਭਈ ਮਹਤਾਰੀ ॥**

ਗੁਰੂ ਰਾਮਦਾਸ ਮਹਾਰਾਜ ਸਾਹਿਬ ਨੇ ਤਾਂ ਇਹ ਆਖਿਆ ਹੈ ਕਿ ਬਾਂਝ ਰਹਿ ਜਾਂਦੀ ਤਾਂ ਚੰਗੀ ਹੈ, ਪਰ ਕਬੀਰ ਜੀ ਨੇ ਬੜੀ ਹੀ ਕਰਾਰੀ ਚੋਟ ਕਰ ਦਿਤੀ, "ਬਿਧਵਾ ਕਸ ਨ ਭਈ ਮਹਤਾਰੀ ॥" ਭਾਵ ਵਿਧਵਾ ਹੀ ਰਹਿੰਦੀ ਤਾਂ ਚੰਗੀ ਸੀ। ਸੁਹਾਗਣ ਕਿਉਂ ਹੈ ? ਭਗਤਾਂ ਦੇ ਮੂੰਹੋਂ ਇਹ ਗੱਲ ਨਿਕਲੇ, ਗੁਰੂਆਂ ਦੇ ਮੂੰਹੋਂ ਇਹ ਸ਼ਬਦ ਨਿਕਲਣ ਕਿ "ਤਿਨ ਮਾਤ ਕੀਜੈ ਹਰਿ ਬਾਂਝਾ" ਤਾਂ ਸੋਚਣਾ ਪਵੇਗਾ।

ਸਾਡੇ ਦੇਸ਼ ਵਿਚ ਇਕ ਹੋਰ ਬੜਾ ਪ੍ਰਸਿੱਧ ਮਹਾਂ-ਕਵੀ ਹੋਇਆ ਹੈ ਹਿੰਦੀ ਦਾ। ਲੋਕੀਂ ਉਸ ਨੂੰ ਤੁਲਸੀ ਕਰਕੇ ਜਾਣਦੇ ਹਨ। ਜਿਸ ਨੇ 'ਰਾਮ ਚਰਿਤ ਮਾਨਸ' ਲਿਖਿਆ ਹੈ ਅਤੇ ਜਿਸ ਨੇ ਸਾਰੀ ਜ਼ਿੰਦਗੀ ਰਾਮ ਦੀ ਮਹਿਮਾ ਕਰਨ ਵਿਚ ਹੀ ਲਾ ਦਿਤੀ, ਉਹ ਕਹਿੰਦਾ ਹੈ :

**ਜਨਨੀ ਜਨੇ ਤਾਂ ਭਗਤ ਜਨ, ਕੈ ਦਾਤਾ ਕੈ ਸੂਰ ॥**
**ਨਹੀਂ ਤਾਂ ਜਨਨੀ ਬਾਂਝ ਰਹੇ, ਕਾਹੇ ਗਵਾਵੈ ਨੂਰ ॥**

ਤੁਲਸੀ ਦਾ ਇਹ ਖ਼ਿਆਲ ਗੁਰੂ ਰਾਮਦਾਸ ਜੀ ਮਹਾਰਾਜ ਨਾਲ ਮਿਲ ਗਿਆ। ਤੁਲਸੀ ਜੀ ਇਹ ਕਹਿ ਰਹੇ ਹਨ ਕਿ ਐ ਮਾਂ ! ਜਾਂ ਤਾਂ ਤੂੰ ਭਗਤ ਪੈਦਾ ਕਰ ਤੇ ਭਗਤ ਦੇ ਅਰਥ ਹਨ : ਜਿਸ ਦੇ ਅੰਦਰ ਭਾਵਨਾ ਪੈਦਾ ਹੋ ਗਈ, ਜਿਸ ਦੇ ਰੋਮ ਰੋਮ ਵਿਚੋਂ ਰੱਬੀ ਪਿਆਰ ਨਿਕਲਣ ਲੱਗ ਪਿਆ। ਭਾਵ ਜੋ ਭਾਵ ਦੀ ਮੂਰਤੀ ਬਣ ਗਿਆ ਹੈ, ਉਸ ਨੂੰ ਕਹਿੰਦੇ ਹਨ ਭਗਤ। ਉਂਜ ਪੂਰਾ ਸ਼ਬਦ ਹੈ ਸੰਸਕ੍ਰਿਤ ਦਾ 'ਭਾਵ+ਅੰਕਿਤ=ਭਾਓ+ਅੰਕਿਤ' ਤੋਂ ਪਿਆ ਹੈ, 'ਭਗਤ', ਜਿਸ ਦੇ ਵਿਚ ਭਾਵ ਅੰਕਿਤ ਹੋ ਗਿਆ ਹੈ, ਜਿਸ ਦੇ ਭੀਤਰ ਭਾਵ ਪ੍ਰਗਟ ਹੋ ਗਿਆ ਹੈ, ਜਿਸ ਵਿਚ ਭਾਵਨਾ ਪ੍ਰਗਟ ਹੋ ਗਈ ਹੈ, ਉਸ ਨੂੰ ਕਹਿੰਦੇ ਨੇ ਭਗਤ। ਆਹ ਜਿਹੜੀ ਭਗਤਾਂ ਦੀ ਬਾਣੀ ਹੈ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਹ ਭਾਵਨਾ ਦੀ ਮੂਰਤੀ ਜੋ ਬਣ ਗਏ ਸਨ, ਉਹਨਾਂ ਦੇ ਅੰਦਰੋਂ ਅੰਮ੍ਰਿਤ-ਮਈ ਝਰਨੇ ਚਲੇ ਨੇ।

ਤੁਲਸੀ ਜੀ ਕਹਿੰਦੇ ਨੇ, ਐ ਮਾਂ ! ਤੂੰ ਭਗਤ ਪੈਦਾ ਕਰ, ਜੋ ਭਾਵਨਾ ਦੀ ਮੂਰਤੀ ਹੋਵੇ, ਸ਼ਰਧਾ ਦੀ ਮੂਰਤੀ ਹੋਵੇ। ਜੇ ਤੂੰ ਭਗਤ ਨਹੀਂ ਪੈਦਾ ਕਰ ਸਕਦੀ ਤਾਂ ਫਿਰ ਕੋਈ ਦਾਤਾ ਪੈਦਾ ਕਰ, ਸਰਬੰਸਦਾਨੀ ਪੈਦਾ ਕਰ। ਜੇ ਉਹ ਵੀ ਨਹੀਂ ਤਾਂ ਫਿਰ

ਕੋਈ ਸੂਰਮਾ ਪੈਦਾ ਕਰ। ਤੇ ਜੇ ਤੂੰ ਇਹਨਾਂ ਤਿੰਨਾਂ ਵਿਚੋਂ ਕਿਸੇ ਇਕ ਨੂੰ ਵੀ ਪੈਦਾ ਨਹੀਂ ਕਰ ਸਕਦੀ ਤਾਂ ਬੇਹਤਰ ਹੈ ਬਾਂਝ ਰਹਿ ਤੂੰ। ਫਿਰ ਜ਼ਮੀਨ ਦਾ ਬੋਝ ਪੈਦਾ ਕਰਨ ਦੀ ਕੀ ਲੋੜ ਹੈ ? ਤੇ ਇਹ ਖ਼ਿਆਲ ਹਨ ਤੁਲਸੀ ਦਾਸ ਜੀ ਦੇ।

ਹਿੰਦੁਸਤਾਨ ਵਿਚ ਇਕ ਹੋਰ ਮਹਾਂਕਵੀ ਹੋਇਆ ਹੈ, ਜਿਸ ਨੇ ਅਧਿਆਤਮਕ ਰਮਾਇਣ ਲਿਖੀ ਹੈ ਤੇ ਜੋ ਹਿੰਦੀ ਤੇ ਸੰਸਕ੍ਰਿਤ ਦਾ ਮਹਾਨ ਪੰਡਿਤ ਹੋਇਆ ਹੈ : ਜਿਸ ਨੂੰ ਸਾਰੀ ਦੁਨੀਆ ਪੰਡਿਤ ਦਯਾ ਰਾਮ ਕਰਕੇ ਜਾਣਦੀ ਹੈ। ਤੇ ਪੰਡਿਤ ਦਯਾ ਰਾਮ ਜੀ ਕਹਿੰਦੇ ਨੇ :

- **ਪ੍ਰੇਮ ਸੋ ਨੀਰ ਬਹੇ, ਜਸ ਗਾਵਤ,**
  **ਨਾਚਤ ਦੇਵ ਚਲੇ ਸਭ ਅੰਗਾ।**
  **ਕਹੈ ਖਗ ਗਏ ਰਣ ਮੈਂ ਭਲੀ ਬਿਧ ਸਿਉਂ,**
  **ਲਹੂ ਸੇ ਘਾਵ ਚਲੇ ਅਰਢੰਗਾ।**
  **ਬਿਧਿ ਦੋਏ ਪੂਤ ਜਨੇ ਜਨਨੀ ਜਗ,**
  **ਔਰ ਸਭੈ ਸੁਤ ਕੀਟ ਪਤੰਗਾ।**

ਐ ਜਨਨੀ ! ਤੂੰ ਦੋ ਤਰ੍ਹਾਂ ਦੇ ਪੁੱਤਰਾਂ ਨੂੰ ਜਨਮ ਦੇ। ਜਾਂ ਤੇ ਐਸਾ ਰਾਮ ਦਾ ਭਗਤ ਹੋਵੇ ਕਿ ਰਾਮ ਦੀ ਗੱਲ ਸੁਣਦਿਆਂ ਹੀ ਵਿਸਮਾਦ ਦੇ ਵਿਚ ਚਲਾ ਜਾਵੇ, ਇਕਾਗਰ ਹੋ ਜਾਵੇ। ਐਸਾ ਨਹੀਂ ਤਾਂ ਉਹ ਸੂਰਮਾ ਪੈਦਾ ਕਰ ਜਿਸ ਦਾ ਰੋਮ ਰੋਮ ਜ਼ਖ਼ਮੀ ਹੋਵੇ। ਰੋਮ ਰੋਮ ਦੇ ਵਿਚੋਂ ਖ਼ੂਨ ਦੇ ਫੁਹਾਰੇ ਛੁਟਣ, ਕੋਈ ਵੀ ਅੰਗ ਐਸਾ ਨਾ ਹੋਵੇ, ਜਿਸ ਨੂੰ ਚੋਟ ਨਾ ਲੱਗੀ ਹੋਵੇ ਤੇ ਫਿਰ ਵੀ ਮੈਦਾਨਿ-ਜੰਗ ਵਿਚ ਖੜਾ ਹੋਵੇ, ਤੇ ਪਿੱਠ ਨਾ ਵਿਖਾਵੇ। ਇਹੋ ਜਿਹਾ ਸੂਰਮਾ ਪੈਦਾ ਕਰ। ਇਹ ਨਹੀਂ ਤਾਂ "ਬਿਧਿ ਦੋਏ ਪੂਤ ਜਨੇ ਜਨਨੀ ਜਗ, ਔਰ ਸਭੈ ਸੁਤ ਕੀਟ ਪਤੰਗਾ।" ਬਾਕੀ ਤੂੰ ਜਿਹੜਾ ਪੈਦਾ ਕਰਨਾ ਹੈ ਉਹ ਕੀੜੇ-ਮਕੌੜੇ ਹੀ ਹੋਣਾ ਹੈ, ਹੋਰ ਕੁਛ ਨਹੀਂ। ਤੇ ਉਹ ਫਿਰ ਜ਼ਮੀਨ ਦਾ ਬੋਝ ਕੀ ਪੈਦਾ ਕਰਨਾ ਹੈ ?

ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਇਕ ਪਉੜੀ ਇਸੇ ਸੰਬੰਧ ਵਿਚ ਹੈ। ਮੈਂ ਗੱਲ ਇਥੋਂ ਅਰੰਭ ਕੀਤੀ ਸੀ ਕਿ ਭੱਟ ਕਹਿ ਰਹੇ ਹਨ ਕਿ ਐ ਗੁਰੂ ਅਰਜਨ ਦੇਵ ਜੀ ! ਤੁਸੀਂ ਜਨਮ ਤੋਂ ਹੀ ਬ੍ਰਹਮ ਗਿਆਨੀ ਹੋ, "ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ"। ਭੱਟਾਂ ਦੀ ਇਹ ਪੰਗਤੀ ਮਾਮੂਲੀ ਨਹੀਂ, ਬਹੁਤ ਗਹਿਰੀ ਪੰਗਤੀ ਹੈ। ਤੇ ਭਾਈ ਸਾਹਿਬ ਭਾਈ ਗੁਰਦਾਸ ਜੀ ਆਪਣੀ ਪਉੜੀ ਵਿਚ ਉਚਾਰਨ ਕਰਦੇ ਨੇ :

**ਮਾਂ ਗਭਣ ਜੀਅ ਜਾਣਦੀ, ਪੁਤੁ ਸਪੁਤੁ ਹੋਵੈ ਸੁਖਦਾਈ॥** *(ਵਾਰ ੩੭/੨੪)*

ਆਪ ਕਹਿੰਦੇ ਨੇ ਗਰਭਵਤੀ ਮਾਂ ਦੀ ਇਹ ਇੱਛਾ ਹੈ ਕਿ ਮੇਰੀ ਕੁੱਖ ਤੋਂ ਜਿਸ ਬੱਚੇ ਦਾ ਜਨਮ ਹੋਵੇ ਉਹ ਸੁਖ ਦੇ ਦੇਣ ਵਾਲਾ ਹੋਵੇ, ਰੌਸ਼ਨ-ਦਿਮਾਗ ਹੋਵੇ, ਰੌਸ਼ਨ-ਜ਼ਮੀਰ ਹੋਵੇ, ਸਵੈ-ਮਾਨ ਰੱਖਣ ਵਾਲਾ ਹੋਵੇ, ਖ਼ੁਦਦਾਰ ਹੋਵੇ। ਪਰ ਜੇ ਇਹਨਾਂ ਗੁਣਾਂ ਦੇ ਵਿਚੋਂ ਇਕ ਗੁਣ ਦਾ ਵੀ ਮਾਲਕ ਨਾ ਹੋਵੇ, ਜਾਂ ਨਾ ਪੈਦਾ ਕਰ ਸਕੇ ਮਾਂ, ਐਸਾ ਪੁੱਤਰ ਨਾ ਹੋਵੇ ਤੇ ਇਸ ਦੀ ਥਾਂ 'ਤੇ ਕਪੁੱਤਰ ਹੋਵੇ ਤੇ ਭਾਈ ਜੀ ਨੇ ਅੱਗੇ ਦੂਸਰੀ ਪੰਗਤੀ ਵਿਚ ਕਹਿ ਦਿਤਾ ਹੈ ਕਿ :

**ਕੁਪੁਤਹੁੰ ਧੀ ਚੰਗੇਰੜੀ, ਪਰ-ਘਰ ਜਾਇ ਵਸਾਇ ਨ ਆਈ ॥**

ਭੈੜੇ ਪੁੱਤਰ ਨਾਲੋਂ ਧੀ ਚੰਗੀ, ਕਮ ਸੇ ਕਮ ਪਰਾਇਆ ਘਰ ਤੇ ਵਸਾਇਆ। ਪਰ ਭਾਈ ਸਾਹਿਬ ਨੇ ਅੱਗੇ ਹੋਰ ਇਕ ਗੱਲ ਕਹਿ ਦਿਤੀ ਹੈ, ਮਤਾਂ ਧੀ ਭੈੜੀ ਹੋਵੇ, ਉਹ ਵੀ ਕੁ-ਧੀ ਨਿਕਲ ਪਵੇ। ਤੇ ਆਪ ਨੂੰ ਪਤਾ ਹੈ ਕੀ ਕਹਿੰਦੇ ਨੇ :

**ਕੁਧੀਅਹੁੰ ਸਪ ਸਕਾਰਥਾ, ਜਾਉ ਜਣੇਂਦੀ ਜਣਿ ਜਣਿ ਖਾਈ ॥**
**ਮਾਂ ਡਾਇਣ ਧੰਨ ਧੰਨ ਹੈ, ਕਪਟੀ ਪੁਤੈ ਖਾਇ ਅਘਾਈ ॥** *(ਵਾਰ ੩੭/੨੪)*

ਭਾਈ ਸਾਹਿਬ ਕਹਿੰਦੇ ਨੇ, ਫਿਰ ਸੱਪਣੀ ਧੰਨਤਾ ਦੇ ਯੋਗ ਹੈ।

ਭਾਈ ਗੁਰਦਾਸ ਸਾਹਿਬ ਜੀ ਵਰਗੀ ਮੂਰਤੀ ਇਹ ਆਖੇ ਤਾਂ ਸੋਚਣਾ ਪਵੇਗਾ ਕਿ ਭਾਈ ਸਾਹਿਬ ਜੀ ਕਹਿੰਦੇ ਨੇ, ਐ ਮਾਂ ! ਜੇ ਤੂੰ ਧੀ ਵੀ ਭੈੜੀ ਪੈਦਾ ਕੀਤੀ ਤੇ ਪੁੱਤਰ ਵੀ ਭੈੜਾ ਪੈਦਾ ਕੀਤਾ ਤਾਂ ਤੇਰੇ ਨਾਲੋਂ ਸੱਪਣੀ ਚੰਗੀ ਹੈ।

ਆਪ ਨੂੰ ਪਤਾ ਹੋਵੇ ਕਿ ਇਹ ਗੱਲ ਆਮ ਪ੍ਰਚੱਲਤ ਹੈ ਕਿ ਸੱਪਣੀ ਆਪਣੇ ਬੱਚਿਆਂ ਨੂੰ ਜਨਮ ਤਾਂ ਦਿੰਦੀ ਹੈ, ਪਰ ਖਾ ਜਾਂਦੀ ਹੈ :

**ਸਰਪਨਿ ਹੋਇ ਕੈ ਅਉਤਰੈ, ਜਾਏ ਅਪੁਨੇ ਖਾਇ ॥੧੦੭॥** *(੧੩੭੦)*

ਉਹ ਆਪਣੇ ਜਾਇਆਂ ਨੂੰ ਖਾ ਜਾਂਦੀ ਹੈ। ਰਹਿਣ ਹੀ ਨਹੀਂ ਦਿੰਦੀ। ਕਹਿੰਦੇ ਨੇ ਦਸ ਤੋਂ ਲੈ ਕੇ ਤਿੰਨ ਸੌ ਤਕ ਬੱਚੇ ਹੁੰਦੇ ਨੇ ਇਸ ਸੱਪਣੀ ਦੇ, ਤੇ ਇਹ ਦੋ ਤੋਂ ਤਿੰਨ ਮਹੀਨਿਆਂ ਤਕ ਉਨ੍ਹਾਂ ਆਂਡਿਆਂ 'ਤੇ ਬੈਠਦੀ ਹੈ ਤੇ ਫਿਰ ਆਂਡਿਆਂ ਦੇ ਵਿਚੋਂ ਸੱਪ ਨਿਕਲਣੇ ਸ਼ੁਰੂ ਹੁੰਦੇ ਹਨ ਤੇ ਇਹ ਖਾਈ ਜਾਂਦੀ ਹੈ। ਤਿੰਨ ਮਹੀਨੇ ਇਹ ਭੁੱਖੀ ਪਿਆਸੀ ਆਂਡਿਆਂ 'ਤੇ ਬੈਠੀ ਰਹਿੰਦੀ ਹੈ ਤੇ ਜੋਸ਼ ਵਿਚ, ਗੁੱਸੇ ਵਿਚ ਇਹ ਭੁੱਲ ਜਾਂਦੀ ਹੈ ਕਿ ਇਹ ਮੇਰਾ ਬੱਚਾ ਹੈ ਅਤੇ ਇਹ ਖਾਈ ਜਾਂਦੀ ਹੈ। ਕੋਈ ਇਕ ਅੱਧ ਬੱਚਾ ਉਸ ਦੀ ਕੁੰਡਲੀ ਤੋਂ ਬਚ ਜਾਏ ਤਾਂ ਉਹ ਜਾ ਕੇ ਵੱਡਾ ਹੁੰਦਾ ਹੈ ਅਤੇ ਸੱਪ ਬਣਦਾ ਹੈ ਤੇ ਬਾਕੀ ਸਾਰੇ ਬੱਚੇ ਖਾ ਜਾਂਦੀ ਹੈ।

ਤੇ ਭਾਈ ਸਾਹਿਬ ਕਹਿੰਦੇ ਹਨ ਕਿ ਇਹ ਸੱਪਣੀ ਦਾ ਬਹੁਤ ਵੱਡਾ

ਪਰਉਪਕਾਰ ਹੈ, ਭੈੜੇ ਬੱਚੇ ਤੇ ਪੈਦਾ ਕੀਤੇ, ਪਰ ਖਾ ਗਈ। ਜੇ ਨਾ ਖਾਂਦੀ ਯਕੀਨ ਜਾਣਿਓ, ਕੀੜੀਆਂ ਦੀ ਤਰ੍ਹਾਂ ਸੱਪ ਹੋਣੇ ਸੀ ਤੇ ਰਹਿਣਾ ਹੀ ਔਖਾ ਹੋ ਜਾਣਾ ਸੀ। ਇੰਨੇ ਜ਼ਮੀਨ ਤੇ ਸੱਪ ਹੋਣੇ ਸੀ। ਸੌ ਸੱਪ ਪੈਦਾ ਹੁੰਦੇ ਨੇ, ਇਕ ਅੱਧ ਜੀਉਂਦਾ ਹੈ, ਬਾਕੀ ਸਾਰੇ ਖਾ ਜਾਂਦੀ ਹੈ। "ਸਰਪਨਿ ਹੋਇ ਕੈ ਅਉਤਰੈ, ਜਾਏ ਅਪੁਨੇ ਖਾਇ।" ਭਾਈ ਸਾਹਿਬ ਕਹਿੰਦੇ ਨੇ ਇਹ ਧੰਨਤਾ ਦੇ ਯੋਗ ਹੈ, ਭੈੜੇ ਪੁੱਤਰ ਤਾਂ ਪੈਦਾ ਕੀਤੇ, ਪਰ ਰਹਿਣ ਨਾ ਦਿੱਤੇ।

**ਮਾਂ ਡਾਇਣ ਧੰਨ ਧੰਨ ਹੈ ਕਪਟੀ ਪੁਤੈ ਖਾਇ ਅਘਾਈ॥**

ਤੋ ਮੈਂ ਅਰਜ਼ ਕਰ ਰਿਹਾ ਸੀ ਕਿ ਗੁਰੂ ਗ੍ਰੰਥ ਸਾਹਿਬ ਨੇ, ਭਗਤਾਂ ਨੇ, ਤੁਲਸੀ ਦਾਸ ਨੇ ਤੇ ਗੁਰਮਤਿ ਦੇ ਦਾਰਸ਼ਨਿਕ ਭਾਈ ਸਾਹਿਬ ਗੁਰਦਾਸ ਜੀ ਨੇ ਬੱਚੇ ਦੀ ਮਾਂ ਬਾਪ 'ਤੇ ਜ਼ੁੰਮੇਵਾਰੀ ਆਇਦ ਕੀਤੀ ਹੈ ਕਿ ਇਨ੍ਹਾਂ ਨੇ ਸਾਧ ਪੈਦਾ ਕਰਨਾ ਹੈ ਕਿ ਚੋਰ ਪੈਦਾ ਕਰਨਾ ਹੈ, ਸਤਵਾਦੀ ਪੈਦਾ ਕਰਨਾ ਹੈ, ਝੂਠਾ ਪੈਦਾ ਕਰਨਾ ਹੈ। ਤੇ ਜੇਕਰ ਮਾਂ ਬਾਪ ਦੇ ਵੱਸ ਦੀ ਗੱਲ ਨਹੀਂ, ਤਾਂ ਗੁਰੂ ਰਾਮਦਾਸ ਜੀ ਨੂੰ ਇਹ ਆਖਣ ਦੀ ਕੀ ਲੋੜ ਹੈ ਕਿ :

**ਜਿਨ ਹਰਿ ਹਿਰਦੈ ਨਾਮੁ ਨ ਬਸਿਓ,**
**ਤਿਨ ਮਾਤ ਕੀਜੈ ਹਰਿ ਬਾਂਝਾ॥** *(੬੯੭)*

ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਨਹੀਂ ਵੱਸਿਆ, ਬਿਹਤਰ ਹੈ ਕਿ ਉਨ੍ਹਾਂ ਦੀ ਮਾਂ ਬਾਂਝ ਰਹਿ ਜਾਂਦੀ।

ਪਰ ਸੁਆਲ ਇਹ ਹੈ ਕਿ ਨਾਮ ਬੱਚਾ ਨਹੀਂ ਜਪਦਾ ਪਿਆ, ਤਾੜਨਾ ਮਾਂ ਨੂੰ ਕਿਉਂ ਦਿਤੀ ਜਾ ਰਹੀ ਹੈ ਅਤੇ ਗੁਸਤਾਖ਼ੀ ਮੁਆਫ਼! ਇਥੇ ਪਿਤਾ ਨੂੰ ਨਹੀਂ ਮੁਖ਼ਾਤਬ ਕੀਤਾ, ਮੈਂ ਤਕਰੀਬਨ ਤਕਰੀਬਨ ਜਿੰਨੀ ਬਾਣੀ ਪੜ੍ਹੀ ਹੈ, ਚਾਹੇ ਉਹ ਪਹਿਲੇ ਪਾਤਸ਼ਾਹ ਦੀ ਹੈ, ਚਾਹੇ ਉਹ ਪੰਜਵੇਂ ਪਾਤਸ਼ਾਹ ਦੀ, ਚਾਹੇ ਭਗਤਾਂ ਦੀ, ਨਿਸ਼ਾਨਾ ਮਾਂ ਹੈ, ਪਿਉ ਨਹੀਂ। ਤੁਲਸੀ ਨੇ ਵੀ ਨਿਸ਼ਾਨਾ ਮਾਂ ਨੂੰ ਹੀ ਬਣਾਇਆ ਹੈ ਔਰ ਭਾਈ ਗੁਰਦਾਸ ਸਾਹਿਬ ਜੀ ਨੇ ਵੀ ਗੱਲ ਮਾਂ 'ਤੇ ਲਿਆਂਦੀ ਹੈ, ਗੱਲ ਨੂੰ ਸਮਝਣ ਲਗਿਆਂ ਥੋੜ੍ਹਾ ਜਿਹਾ ਜ਼ਮੀਰ ਅਤੇ ਦਿਮਾਗ਼ 'ਤੇ ਜ਼ੋਰ ਪਾਣਾ ਤਾਕਿ ਗੱਲ ਸਮਝ ਵਿਚ ਆ ਸਕੇ।

ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਮਾਂ ਦੇ ਵੱਸ 'ਚ ਹੈ ਕਿ ਮਾਂ ਨੇ ਕਿਸ ਨੂੰ ਜਨਮ ਦੇਣਾ ਹੈ। ਕਹਾਣੀ ਹੈ ਕਿ ਸੁਖਦੇਵ ਰਿਖੀ ਮਾਤਾ ਦੇ ਗਰਭ ਵਿਚ ਬਾਰ੍ਹਾਂ ਸਾਲ ਤਕ ਰਿਹਾ। ਅਭਮੰਨਯੂ ਨੂੰ ਗਿਆਨ ਮਾਤਾ ਦੇ ਗਰਭ ਵਿਚ ਮਿਲ ਗਿਆ

ਸੀ। ਕਥਾ ਹੈ ਔਰ ਇਸ ਤਰੀਕੇ ਦੀਆਂ ਬਹੁਤ ਸਾਰੀਆਂ ਕਹਾਣੀਆਂ ਹਨ।

ਕਹਿੰਦੇ ਨੇ ਕਿਸੇ ਚੰਗੀ ਰੂਹ ਨੂੰ ਜਨਮ ਦੇਣ ਵਾਸਤੇ ਘਰ ਦਾ ਮਾਹੌਲ ਬੜਾ ਚੰਗਾ ਚਾਹੀਦਾ ਹੈ। ਨਹੀਂ ਤੇ ਚੰਗੀ ਰੂਹ ਜਨਮ ਨਹੀਂ ਲਵੇਗੀ। ਧਾਰਮਿਕ ਗ੍ਰੰਥਾਂ ਵਿਚ ਤੇਤੀਸ ਕਰੋੜ ਦੇਵਤਿਆਂ ਦੀ ਗੱਲ ਆਉਂਦੀ ਹੈ। ਕੁਛ ਵਿਦਵਾਨਾਂ ਨਾਲ ਮੇਰਾ ਵੀਚਾਰ-ਵਟਾਂਦਰਾ ਹੋਇਆ। ਸੰਨ ਉੱਨੀ ਸੌ ਸੰਤਾਲੀ ਵਿਚ ਹਿੰਦੁਸਤਾਨ ਦੀ ਆਬਾਦੀ ਵੱਧ ਤੋਂ ਵੱਧ ਪੈਂਤੀ ਕਰੋੜ ਦੇ ਕਰੀਬ ਸੀ, ਇਸ ਤੋਂ ਜ਼ਿਆਦਾ ਨਹੀਂ। ਪਰ ਦੇਵਤਿਆਂ ਦਾ ਇਤਿਹਾਸ ਤੇਤੀ ਕਰੋੜ ਨਾਲ ਭਰਿਆ ਪਿਆ ਹੈ। ਸ਼ੱਕ ਹੁੰਦਾ ਹੈ ਕਿ ਇਸ ਦੇਸ਼ ਨੇ ਵਾਕਿਯਾ ਹੀ ਤੇਤੀਸ ਕਰੋੜ ਦੇਵਤੇ ਪੈਦਾ ਕੀਤੇ। ਘੁੰਮ ਫਿਰ ਕੇ ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਦੇਵਤੇ ਦਾ ਅਰਥ ਹੁੰਦਾ ਹੈ ਕਿ ਦਿਵਯ ਸ਼ਕਤੀ ਰੱਖਣ ਵਾਲਾ, ਚਾਨਣ ਦਾ ਰੂਪ, ਜਿਸ ਦੇ ਪਾਸ ਗਿਆਨ ਹੀ ਗਿਆਨ ਹੈ, ਅਗਿਆਨ ਦੀ ਕੋਈ ਗੱਲ ਨਹੀਂ, ਉਸ ਨੂੰ ਦੇਵਤਾ ਆਖਿਆ ਗਿਆ ਹੈ। ਹੋਰ ਦੇਵਤੇ ਦਾ ਕੋਈ ਅਰਥ ਨਹੀਂ। ਸਿਰਫ਼ ਦਿਵਯ ਸ਼ਕਤੀ ਰੱਖਣ ਵਾਲਾ। ਤੇ ਐਸੇ ਐਸੇ ਰੌਸ਼ਨ ਦਿਮਾਗ਼ ਬੰਦੇ ਤੇਤੀਸ ਕਰੋੜ ਹੋਏ। ਉਸ ਤੋਂ ਬਾਅਦ 'ਚ ਇਤਿਹਾਸ ਲਿਖਣਾ ਬੰਦ ਹੋ ਗਿਆ। ਇਕ ਵਿਦਵਾਨ ਨੇ ਦਸਿਆ ਕਿ ਹਿੰਦੁਸਤਾਨ ਵਿਚ ਹਰ ਚੌਥਾ ਘਰ ਕਿਸੇ ਦੇਵਤੇ ਦਾ ਹੁੰਦਾ ਸੀ। ਤੇ ਫਿਰ ਇਹ ਵੀ ਮੈਂ ਉਸ ਤੋਂ ਸੁਣਿਆ ਕਿ ਹਰ ਦਸਵਾਂ ਘਰ ਕਿਸੇ ਭੂਤ ਦਾ ਹੁੰਦਾ ਸੀ। ਤੇ ਜਦ ਮੈਂ ਇਹ ਪੁੱਛਿਆ ਕਿ ਉਹਨਾਂ ਤੇਤੀਸ ਕਰੋੜ ਦੇਵਤਿਆਂ ਦੇ ਦਰਸ਼ਨ ਹੁਣ ਕਿਉਂ ਨਹੀਂ ਹੁੰਦੇ ? ਤਾਂ ਉਸ ਨੇ ਜਵਾਬ ਦਿਤਾ, ਕਿ ਦੇਵਤੇ ਨੂੰ ਪੈਦਾ ਕਰਨ ਵਾਲੀ ਮਾਂ ਨਹੀਂ ਰਹੀ।

ਹਰ ਮਾਂ ਕਿਸੇ ਦੇਵਤੇ ਨੂੰ ਜਨਮ ਨਹੀਂ ਦੇ ਸਕਦੀ। ਹਰ ਪਿਤਾ ਕਿਸੇ ਦੇਵਤਾ ਦਾ ਪਿਤਾ ਨਹੀਂ ਬਣ ਸਕਦਾ। ਆਪ ਨੂੰ ਪਤਾ ਹੋਵੇ, ਰਾਮ ਚੰਦਰ ਦਾ ਜਨਮ ਐਵੇਂ ਨਹੀਂ ਸੀ ਹੋਇਆ। ਦਸਰਥ ਨੇ ਘਰ ਦੇ ਵਿਚ ਜੱਗ ਕਰਾਇਆ। ਦੇਸ਼ ਵਿਚ ਜਿਤਨੇ ਸਾਧੂ ਸਨ, ਸਾਰੇ ਇਕੱਠੇ ਕੀਤੇ। ਵਿਸ਼ਵਾਮਿੱਤ੍ਰ ਤੇ ਵਿਸ਼ਿਸ਼ਟ ਜੀ ਵੀ ਪਹੁੰਚੇ। ਬੜੇ ਬੜੇ ਆਲਮ ਸੱਦੇ ਗਏ, ਔਰ ਉਹ ਸਭ ਮਿਲ ਕੇ ਪ੍ਰਾਰਥਨਾ ਕਰ ਰਹੇ ਹਨ। ਦਸਰਥ ਸਵਾਸ ਸਵਾਸ ਨਾਮ ਜਪ ਰਿਹਾ ਹੈ। ਕੁਸ਼ੱਲਿਆ ਉਸ ਭਜਨ-ਮੰਡਲੀ ਵਿਚ ਬੈਠੀ ਭਜਨ ਦੀ ਮੂਰਤੀ ਬਣੀ ਹੋਈ ਹੈ। ਸਾਰੇ ਘਰ ਦਾ ਮਾਹੌਲ ਪਵਿੱਤਰ ਹੋਇਆ ਹੈ। ਘਰ ਇੰਜ ਬਣ ਗਿਆ ਜੈਸਾ ਮੰਦਿਰ ਹੈ। ਘਰ ਵਿਚ ਇੰਜ ਰਹਿਣਾ ਚਾਹੀਦਾ ਹੈ ਜੈਸੇ ਕਿ ਮੰਦਿਰ ਹੋਵੇ। ਘਰ ਹੀ ਮੰਦਿਰ ਪ੍ਰਤੀਤ ਹੋਵੇ। ਵੇਖੀਏ ਤੇ ਗੁਰਦਵਾਰਾ ਹੀ ਜਾਪੇ। ਇਹ ਨਾ ਹੋਵੇ ਕਿ ਤੁਸੀਂ ਗੁਰਦਵਾਰੇ

ਨੂੰ ਹੀ ਘਰ ਬਣਾ ਛੱਡੋ, ਗੁਰਦਵਾਰਾ ਇੰਜ ਲੱਗੇ ਜਿਵੇਂ ਕਿਸੇ ਦਾ ਘਰ ਹੁੰਦਾ ਹੈ। ਕੋਸ਼ਿਸ਼ ਕਰੋ ਕਿ ਘਰ ਦਾ ਵਾਤਾਵਰਣ ਇੰਜ ਬਣਾਓ ਕਿ ਉਹ ਗੁਰਦਵਾਰਾ ਦਿਸੇ। ਇਕ ਸਮਾਂ ਐਸਾ ਸੀ ਕਿ ਹਿੰਦੁਸਤਾਨ ਦਾ ਹਰ ਘਰ ਮੰਦਿਰ ਸੀ। ਪਤਾ ਹੈ ਇਹ ਕਿਉਂ ਸੀ ? ਕਿ ਮਨੁੱਖ ਦੀ ਜ਼ਿੰਦਗੀ ਐਸੀ ਬਣ ਗਈ ਸੀ ਕਿ ਜੈਸੇ ਮੰਦਿਰ ਹੋਵੇ। ਤੇ ਮੰਦਿਰਾਂ ਵਿਚੋਂ ਮੰਦਿਰ ਹੀ ਨਿਕਲਣੇ ਸਨ। ਤੇ ਜੇ ਮਨੁੱਖ ਦੀ ਜ਼ਿੰਦਗੀ ਭ੍ਰਿਸ਼ਟ ਹੋ ਗਈ ਹੈ ਤਾਂ ਭ੍ਰਿਸ਼ਟ ਜ਼ਿੰਦਗੀ ਵਿਚੋਂ, ਥਿਏਟਰ ਨਿਕਲ ਸਕਦੇ ਨੇ, ਨਾਚ-ਘਰ ਨਿਕਲ ਸਕਦੇ ਨੇ, ਕਲੱਬ ਨਿਕਲ ਸਕਦੇ ਨੇ। ਮੰਦਿਰ ਕਿਥੋਂ, ਧਰਮਸਾਲਾ ਕਿਥੋਂ ? ਜਦ ਕਿਸੇ ਨੇ ਆਪਣਾ ਘਰ ਹੀ ਕਿਸੇ ਹੱਦ ਤਕ ਥਿਏਟਰ ਬਣਾ ਲਿਆ ਹੋਵੇ ਤਾਂ ਦੱਸੋ ਉਸ ਨੇ ਮੰਦਿਰ ਕਿਥੋਂ ਬਣਾਉਣਾ ਹੈ ? ਉਦੋਂ ਮਨੁੱਖ ਇਤਨਾ ਪਵਿੱਤਰ ਹੋ ਗਿਆ ਸੀ, ਮਾਨੋ ਕਿ ਮੰਦਿਰ ਹੁੰਦਾ ਹੈ। ਭਾਈ ਸਾਹਿਬ ਦਾ ਵੀ ਇਕ ਸ਼ਬਦ ਹੈ ਕਿ ਕੋਸ਼ਿਸ਼ ਕਰ ਤੂੰ ਕਿ ਤੇਰਾ ਘਰ ਧਰਮਸਾਲ ਬਣੇ ਤੇ ਇਹ ਘਰ ਧਰਮਸਾਲ ਕਦੋਂ ਬਣੇਗਾ ? ਜਦ ਹਰ ਘਰ ਵਿਚ ਗੱਲ ਧਰਮ ਦੀ ਹੋਵੇ। ਤੇ ਧਰਮ ਦਾ ਕੀ ਮਤਲਬ ਹੈ ਕਿ ਅਮਿਟ ਸ਼ਕਤੀ ਜਿਹੜੀ ਕਦੀ ਨਹੀਂ ਖ਼ਤਮ ਹੁੰਦੀ। ਇਕ ਮਰਯਾਦਾ ਹੋਵੇ, ਇਕ ਅਸੂਲ ਹੋਵੇ, ਜਿਸ ਨੂੰ ਮਿਟਾਣਾ ਵੀ ਚਾਹੀਏ ਤੇ ਨਾ ਮਿਟ ਸਕੇ, ਉਹ ਕਾਇਮ ਰਹੇ। ਸਿਆਣੇ ਕਹਿੰਦੇ ਨੇ, ਉਹ ਵੀ ਕੋਈ ਧਰਮ ਹੈ ਜਿਹੜਾ ਮਿਟਾਣ 'ਤੇ ਮਿਟ ਜਾਵੇ। ਅਸਲ ਧਰਮ ਉਹ ਹੈ ਜਿਸ ਨੂੰ ਮਿਟਾਉਣ ਵਾਲੇ ਮਿਟ ਜਾਂਦੇ ਨੇ ਪਰ ਧਰਮ ਨਹੀਂ ਮਿਟਦਾ। ਓਹੀ ਵਾਸਤਵਿਕ ਧਰਮ ਹੈ। ਤੇ ਜਿਹੜਾ ਮਿਟਾਇਆਂ ਮਿਟ ਜਾਏ ਉਹ ਧਰਮ ਨਹੀਂ, ਕਿਉਂਕਿ ਫਿਰ ਉਸ ਵਿਚ ਕੋਈ ਸਚਾਈ ਨਹੀਂ, ਕੋਈ ਹਕੀਕਤ ਨਹੀਂ।

ਗੁਰੂ ਅਰਜਨ ਦੇਵ ਜੀ ਨੇ ਸਾਫ਼ ਕਹਿ ਦਿੱਤਾ ਸੀ ਕਿ ਇਹ ਨਾ ਸਮਝ ਲੈਣਾ ਕਿ ਮੇਰੇ ਸਰੀਰ ਦੇ ਨਾਸ਼ ਹੋਣ ਨਾਲ ਸੱਚ ਨਾਸ਼ ਹੋ ਜਾਏਗਾ, ਜਾਂ ਧਰਮ ਨਾਸ਼ ਹੋ ਜਾਏਗਾ, ਧਰਮ ਮੇਰੇ ਆਸਰੇ 'ਤੇ ਨਹੀਂ ਖੜਾ ਹੈ। ਧਰਮ ਖੜਾ ਹੈ, ਮੈਂ ਉਸ ਦੀ ਗੱਲ ਆਖੀ ਹੈ। ਜੈਸੇ ਸੂਰਜ ਮੇਰੇ ਆਸਰੇ 'ਤੇ ਨਹੀਂ ਖੜ੍ਹਾ ਹੈ। ਸੂਰਜ ਦਾ ਮੈਂ ਜ਼ਿਕਰ ਕੀਤਾ ਹੈ। ਤੇ ਜੇ ਮੈਂ ਸੂਰਜ ਦੀ ਗੱਲ ਨਾ ਵੀ ਕਰਾਂ—ਫਿਰ ਵੀ ਉਹ ਖੜਾ ਹੈ, ਧਰਮ ਦੀ ਗੱਲ ਜੇ ਨਾ ਵੀ ਆਖੀ ਜਾਏ—ਫਿਰ ਵੀ ਧਰਮ ਖੜਾ ਹੈ।

**ਰਾਤੀ ਰੁਤੀ ਥਿਤੀ ਵਾਰ॥**
**ਪਵਣ ਪਾਣੀ ਅਗਨੀ ਪਾਤਾਲ॥**
**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥** *(੭)*

ਸਾਹਿਬ ਕਹਿੰਦੇ ਨੇ ਧਰਤੀ ਕੀ ਹੈ, ਇਹ ਧਰਮਸਾਲਾ ਹੈ। ਇਹਦੇ ਵਿਚ ਰੁੱਤਾਂ

ਨੇ, ਥਿਤਾਂ ਨੇ, ਪੌਣ ਹੈ, ਪਾਣੀ ਹੈ, ਸੂਰਜ ਚੰਦ ਹੈ, ਤਾਰੇ ਹਨ। ਸਭ ਇਕ ਬੱਝੀ ਹੋਈ ਮਰਯਾਦਾ ਅੰਦਰ ਨੇ, ਔਰ ਇਸ ਬੱਝੀ ਹੋਈ ਮਰਯਾਦਾ ਅੰਦਰ ਮਨੁੱਖ ਦੀ ਕੋਈ ਸਮਰੱਥਾ ਨਹੀਂ। ਜੇ ਉਹ ਆਖੇ, ਮੈਂ ਸੂਰਜ ਦੀ ਗਰਮੀ ਨੂੰ ਮਿਟਾ ਦਿਆਂ, ਜੇ ਉਹ ਆਖੇ, ਜ਼ਮੀਨ ਦੀ ਗਰਦਿਸ਼ ਨੂੰ ਬਦਲ ਦਿਆਂ। ਤੇ ਮਨੁੱਖ ਦੇ ਵੱਸ ਦੀ ਗੱਲ ਨਹੀਂ। ਇਹ ਰਹੇਗਾ, ਹੋ ਸਕਦਾ ਹੈ ਮਨੁੱਖ ਮਿਟ ਜਾਏ। ਪਰ ਧਰਮ ਰਹੇਗਾ। ਖ਼ੈਰ!

ਮੈਂ ਗੱਲ ਕਰ ਰਿਹਾ ਸੀ ਕਿ ਮਨੁੱਖ ਦੇ ਵੱਸ ਦੀ ਗੱਲ ਹੈ ਕਿ ਦੇਵਤੇ ਨੂੰ ਜਨਮ ਦੇਣਾ ਹੈ ਕਿ ਚੋਰ ਨੂੰ ਜਨਮ ਦੇਣਾ ਹੈ, ਕਿਸੇ ਠੱਗ ਨੂੰ ਜਨਮ ਦੇਣਾ ਹੈ ਜਾਂ ਕਿਸੇ ਸੰਤ ਨੂੰ। ਤੇ ਘਰ ਵਿਚ ਵਿਸ਼ਿਸ਼ਟ ਪ੍ਰਾਰਥਨਾ ਕਰ ਰਿਹਾ ਹੈ। ਦੇਸ਼ ਦੇ ਤਮਾਮ ਆਲਮ ਪ੍ਰਾਰਥਨਾ ਕਰ ਰਹੇ ਹਨ ਤੇ ਜਨਮ ਹੋਇਆ ਸ੍ਰੀ ਰਾਮ ਦਾ। ਜੇਲ੍ਹ ਦੀ ਤੰਗ ਕੋਠੜੀ ਵਿਚ ਜਨਮ ਹੋਇਆ ਹੈ ਕ੍ਰਿਸ਼ਨ ਦਾ। ਤੇ ਕ੍ਰਿਸ਼ਨ ਦੀ ਮਾਂ ਹਰ ਮਾਂ ਨਹੀਂ ਬਣ ਸਕਦੀ। ਕੋਈ ਵਿਸ਼ੇਸ਼ ਗੁਣ ਚਾਹੀਦਾ ਹੈ।

ਔਰ ਦੂਰ ਨਾ ਜਾਓ, ਕਲਗੀਧਰ ਪਾਤਸ਼ਾਹ ਸਾਡੇ ਸਾਹਮਣੇ ਹਨ, ਉਹ ਆਪ ਕਹਿੰਦੇ ਹਨ:

**ਤਾਤ ਮਾਤ ਮੁਰ ਅਲਖ ਅਰਾਧਾ॥**
**ਬਹੁ ਬਿਧਿ ਜੋਗ ਸਾਧਨਾ ਸਾਧਾ॥**
**ਤਿਨ ਜੋ ਕਰੀ ਅਲਖ ਕੀ ਸੇਵਾ॥**
**ਤਾ ਤੇ ਭਏ ਪ੍ਰਸੰਨ ਗੁਰਦੇਵਾ॥** *(ਬਚਿਤ੍ਰ ਨਾਟਕ, ਧਿਆਇ ੬)*

ਮਾਂ ਬਾਪ ਨੇ ਅਲਖ ਦੀ ਬਹੁਤ ਅਰਾਧਨਾ ਕੀਤੀ ਤੇ ਕਰਤਾ ਪੁਰਖ ਪ੍ਰਸੰਨ ਹੋਇਆ। ਤੇ ਦਸਮ ਪਿਤਾ ਕਹਿੰਦੇ ਨੇ ਮੈਨੂੰ ਉਹਨਾਂ ਦੇ ਘਰ ਭੇਜਿਆ, ਬਈ ਉਥੇ ਜਨਮ ਲੈਣਾ ਹੈ। ਹਰ ਮਾਂ ਉਸ ਹੇਮਕੁੰਟ ਦੇ ਤਪੱਸਵੀ ਨੂੰ ਜਨਮ ਨਹੀਂ ਦੇ ਸਕਦੀ। ਹਰ ਪਿਤਾ ਉਸ ਹੇਮਕੁੰਟ ਦੇ ਤਪੱਸਵੀ ਦਾ ਪਿਤਾ ਨਹੀਂ ਬਣ ਸਕਦਾ।

ਸ਼ਹਾਦਤ ਦੀ ਮੂਰਤੀ ਤੇ ਸ਼ਾਂਤੀ ਦੇ ਸਰੂਪ ਗੁਰੂ ਅਰਜਨ ਦੇਵ ਜੀ ਦੀ ਮਾਂ ਹਰ ਮਾਂ ਨਹੀਂ ਬਣ ਸਕਦੀ। "ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ।" ਹੇ ਗੁਰੂ ਅਰਜਨ ਦੇਵ ਜੀ! ਤੁਸੀਂ ਜੰਮਦਿਆਂ ਹੀ ਬ੍ਰਹਮ ਨੂੰ ਪਛਾਣਿਆ ਹੈ। ਤਾਂ ਘਰ ਦਾ ਮਾਹੌਲ ਹੀ ਐਸਾ ਹੈ। ਬਹੁਤ ਵੱਡੀ ਸਚਾਈ ਹੈ। ਮਾਂ ਐਸੀ ਹੈ, ਪਿਤਾ ਐਸਾ ਹੈ। ਕੁਦਰਤੀ ਗੱਲ ਹੈ ਓਥੇ ਐਸੀ ਰੂਹ ਹੀ ਜਨਮ ਲਵੇਗੀ, ਉਹ ਮਹਾਨ ਰੂਹ, ਜਿਸ ਨੇ ਸੰਸਾਰ ਨੂੰ ਕੁਛ ਚਾਨਣਾ ਦੇਣਾ ਹੈ। ਤੇ ਜਨਮ ਹੋਇਆ ਹੈ ਸ੍ਰੀ ਗੁਰੂ ਅਰਜਨ ਦੇਵ ਜੀ ਦਾ। ਜਿਨ੍ਹਾਂ ਬਾਰੇ ਭੱਟਾਂ ਨੇ ਕਿਹਾ ਹੈ "ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ।" ਅੱਜ ਇਤਨਾ ਹੀ ਕਾਫ਼ੀ ਹੈ।

# ਨਿਸ਼ਾਨਿ ਸਿੱਖੀ ਈਂ ਪੰਜ ਹਰਫ਼ ਕਾਫ਼ (੧)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਖ਼ਾਲਸੇ ਦੇ ਸਾਹਮਣੇ ਕੁਝ ਵਿਚਾਰਾਂ ਰੱਖੀਆਂ ਸਨ। ਅੱਜ ਮੈਂ ਆਪ ਜੀ ਦੇ ਸਾਹਮਣੇ ਇਨ੍ਹਾਂ ਦਾ ਹੀ ਉਪਦੇਸ਼ ਰੱਖਣ ਲੱਗਾ ਹਾਂ। ਕੁਝ ਐਸੇ ਕੀਟਾਣੂ ਨੇ, ਜਰਾਸੀਮ ਨੇ, ਜੋ ਕਿਧਰੇ ਮਨੁੱਖ ਦੇ ਸਰੀਰ ਅੰਦਰ ਚਲੇ ਜਾਣ ਤਾਂ ਕਹਿੰਦੇ ਨੇ ਸਰੀਰ ਬੀਮਾਰ ਹੋ ਜਾਂਦਾ ਹੈ, ਰੋਗੀ ਹੋ ਜਾਂਦਾ ਹੈ। ਕੁਝ ਐਸੇ ਖ਼ਿਆਲ ਨੇ ਦੁਨੀਆ ਅੰਦਰ, ਜੇ ਕਿਧਰੇ ਮਨੁੱਖ ਦੇ ਮਨ ਤਕ ਪਹੁੰਚ ਜਾਣ ਤਾਂ ਮਨ ਰੋਗੀ ਹੋ ਜਾਂਦਾ ਹੈ, ਮਨ ਬੀਮਾਰ ਹੋ ਜਾਂਦਾ ਹੈ। ਔਰ ਐਸਾ ਕਹਿੰਦੇ ਨੇ ਇਸ ਬ੍ਰਹਿਮੰਡ ਦੇ ਅੰਦਰ ਐਸੀਆਂ ਰੂਹਾਂ ਨੇ ਜੋ ਕਿਧਰੇ ਮਨੁੱਖ ਦੀ ਰੂਹ ਨੂੰ ਪਕੜ ਲੈਣ ਤਾਂ ਮਨੁੱਖ ਦੀ ਆਤਮਾ ਬੀਮਾਰ ਹੋ ਜਾਂਦੀ ਹੈ। ਜੈਸੇ ਸਰੀਰ ਦੀ ਬੀਮਾਰੀ ਦੇ ਬਾਕਾਇਦਾ ਕੀਟਾਣੂ ਨੇ, ਮਨ ਬੀਮਾਰ ਕਰਨ ਵਾਸਤੇ ਭੀ ਬਾਕਾਇਦਾ ਖ਼ਿਆਲ ਘੁੰਮ ਰਹੇ ਹਨ। ਇਸ ਬ੍ਰਹਿਮੰਡ ਅੰਦਰ ਐਸੇ ਬੜੇ ਹੀ ਖ਼ਿਆਲ ਹਨ। ਤੁਰਦਿਆਂ ਫਿਰਦਿਆਂ ਹੀ ਅਚਨਚੇਤ ਮਨ ਮੈਲਾ ਹੋ ਜਾਂਦਾ ਹੈ। ਧਾਰਮਿਕ ਗਿਆਨ ਕਹਿੰਦਾ ਹੈ ਕਿ ਕੋਈ ਮਾੜਾ ਖ਼ਿਆਲ ਟਕਰਾ ਗਿਆ, ਕਿਸੇ ਵੀ ਮਨੁੱਖ ਦਾ ਮਾੜਾ ਖ਼ਿਆਲ ਟਕਰਾ ਗਿਆ। ਕਈ ਦਫ਼ਾ ਐਸਾ ਵੀ ਹੁੰਦਾ ਹੈ ਚਲਦਿਆਂ ਫਿਰਦਿਆਂ ਮਨ ਆਪਣੇ ਆਪ ਪਵਿੱਤਰ ਵੀ ਹੋ ਗਿਆ, ਕਿਸੇ ਪਵਿੱਤਰ ਪੁਰਸ਼ ਦਾ ਪਵਿੱਤਰ ਖ਼ਿਆਲ ਟਕਰਾ ਗਿਆ। ਲੇਕਿਨ ਐਸਾ ਖ਼ਿਆਲ ਟਕਰਾਵੇ, ਬਹੁਤ ਘਟ ਚਾਂਸ ਹੁੰਦਾ ਹੈ। ਖ਼ੈਰ, ਤੋ ਇਸ ਬ੍ਰਹਿਮੰਡ ਅੰਦਰ ਹਰ ਤਰ੍ਹਾਂ ਦੀ ਬੀਮਾਰੀ ਦੇ ਕਾਰਨ ਮੌਜੂਦ ਨੇ। ਸਰੀਰ ਵੀ ਬੀਮਾਰ ਹੋ ਸਕਦਾ ਹੈ। ਔਰ ਕਹਿੰਦੇ ਨੇ ਅਕਸਰ ਬੀਮਾਰੀਆਂ ਬਾਹਰੋਂ ਹੀ ਆਉਂਦੀਆਂ ਨੇ। ਐਸਾ ਘਟ ਹੀ ਹੁੰਦਾ ਹੈ ਕਿ ਕੋਈ ਬੀਮਾਰੀ ਅੰਦਰੋਂ ਪੈਦਾ ਹੋਵੇ। ਆਤਮਾ ਦੇ, ਮਨ ਦੇ, ਸਰੀਰ ਦੇ ਬਹੁਤ ਕੁਝ ਰੋਗਾਂ ਦੇ ਬੜੇ ਜਰਾਸੀਮ ਬਾਹਰ ਪਏ ਨੇ। ਤੇ ਸਪੱਰਸ਼ ਕਰਦਿਆਂ ਹੀ ਤਨ, ਮਨ ਤੇ ਆਤਮਾ ਰੋਗੀ ਹੋ ਜਾਂਦੀ ਹੈ। ਪੂਰਨ ਗੁਰੂ ਉਹੀ ਹੈ ਜੋ ਮਨੁੱਖ ਦੇ ਮਨ ਤੇ ਆਤਮਾ ਨੂੰ ਅਰੋਗ ਰੱਖ ਸਕੇ। ਤੇ ਸਾਹਿਬਾਂ ਨੇ ਸਾਨੂੰ ਬਾਕਾਇਦਾ ਆਤਮਾ ਦੀ ਰਹਿਤ, ਮਨ ਦੀ ਰਹਿਤ ਤੇ ਸਰੀਰ ਦੀ ਰਹਿਤ ਬਖ਼ਸ਼ੀ

ਹੈ। ਅੱਜ ਮੈਂ ਉਸ ਰਹਿਤ ਦਾ ਜ਼ਿਕਰ ਹੀ ਤੁਹਾਡੇ ਸਾਹਮਣੇ ਕਰਨਾ ਹੈ।

ਸਿਰਫ਼ ਇਥੇ ਆਤਮਾ ਦੀ ਹੀ ਹਿਫ਼ਾਜ਼ਤ ਨਹੀਂ ਕਰਨੀ, ਮਨ ਦੀ ਵੀ ਕਰਨੀ ਹੈ, ਸਰੀਰ ਦੀ ਵੀ ਕਰਨੀ ਹੈ। ਪ੍ਰਸਿੱਧ ਸ਼ਾਇਰ ਭਾਈ ਨੰਦ ਲਾਲ ਜੀ, ਜਿਨ੍ਹਾਂ 'ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੜਾ ਮਾਣ ਸੀ। ਕਿਸੇ ਪੂਰਨ ਸਿੱਖ ਦਾ ਨਕਸ਼ਾ ਪੇਸ਼ ਕਰਨਾ ਹੋਵੇ ਤਾਂ ਸਾਹਿਬ ਭਾਈ ਨੰਦ ਲਾਲ ਜੀ ਨੂੰ ਅੱਗੇ ਕਰ ਦੇਂਦੇ ਸਨ। ਇਸ ਮਹਾਨ ਪੁਰਸ਼, ਮਹਾਨ ਗੁਰਸਿੱਖ ਤੇ ਮਹਾਨ ਸ਼ਾਇਰ ਦਾ ਗੁਰਸਿੱਖੀ ਬਾਰੇ ਜੋ ਖ਼ਿਆਲ ਹੈ, ਜੋ ਉਪਦੇਸ਼ ਹੈ, ਉਹ ਇਹ ਹੈ:

**ਨਿਸ਼ਾਨਿ ਸਿੱਖੀ ਈਂ ਪੰਜ ਹਰਫ਼ ਕਾਫ਼।**
**ਹਰਗਿਜ਼ ਨਾ ਬਾਸ਼ਿਦ ਈਂ ਪੰਜ ਮੁਆਫ਼।**

ਆਪ ਕਹਿੰਦੇ ਹਨ ਸਿੱਖੀ ਦੀਆਂ ਨਿਸ਼ਾਨੀਆਂ ਪੰਜ ਕਾਫ਼ ਦੇ ਹਰਫ਼ਾਂ ਵਿਚ ਬੰਦ ਨੇ। "ਨਿਸ਼ਾਨਿ ਸਿੱਖੀ ਈਂ ਪੰਜ ਹਰਫ਼ ਕਾਫ਼"। ਫ਼ਾਰਸੀ ਵਿਚ ਕੱਕੇ ਨੂੰ ਕਾਫ਼ ਕਹਿੰਦੇ ਹਨ। "ਹਰਗਿਜ਼ ਨਾ ਬਾਸ਼ਿਦ ਈਂ ਪੰਜ ਮੁਆਫ਼", ਕਿ ਇਹਨਾਂ ਪੰਜ ਕੱਕਿਆਂ ਵਿਚੋਂ, ਪੰਜ ਕਾਫ਼ ਦੇ ਵਿਚੋਂ ਜੇ ਕਿਸੇ ਦੇ ਇਕ ਜਾਂ ਅੱਧਾ ਵੀ ਨਹੀਂ, ਭਾਵ ਇਕ ਅੱਧਾ ਕੱਕਾ ਵੀ ਘੱਟ ਹੈ, ਤਾਂ ਭਾਈ ਨੰਦ ਲਾਲ ਜੀ ਕਹਿੰਦੇ ਨੇ, ਐਸਾ ਸਿੱਖ ਗੁਰੂ ਦਰਬਾਰ ਵਿਚ ਮੁਆਫ਼ੀ ਦਾ ਖ਼ੁਆਸਤਗਾਰ ਨਹੀਂ ਹੋ ਸਕਦਾ। ਇਸ ਸਟੇਜ ਤੋਂ ਨਿਰੀ ਝੂਠੀ ਉਪਮਾ ਨਾ ਸੁਣਦੇ ਰਿਹਾ ਕਰੋ, ਹੁਣ ਬਹੁਤ ਸੁਣ ਲਈ ਏ ਕਿ ਬੜੇ ਦਾਨੀ ਹੋ, ਬੜੇ ਗਿਆਨੀ ਹੋ, ਇਹ ਬੜਾ ਨੇਮੀ ਹੈ, ਬੜਾ ਪ੍ਰੇਮੀ ਹੈ। ਇਹੋ ਜਿਹਿਆਂ ਦੀਆਂ ਗੱਲਾਂ ਨਾ ਸੁਣਿਆ ਕਰੋ। ਵੇਖਿਆ ਕਰੋ ਕਿ ਜੋ ਕੁਝ ਕਹਿ ਰਿਹਾ ਹੈ ਇਸ 'ਤੇ ਸਾਡਾ ਮਨ, ਤਨ ਤੇ ਆਤਮਾ ਪੂਰੀ ਵੀ ਉਤਰਦੀ ਹੈ ਕਿ ਨਹੀਂ। ਤੇ ਫਿਰ ਜੇ ਧੰਨ ਆਖੇ ਤਾਂ ਗੁਰੂ ਹੀ ਸਾਨੂੰ ਆਖੇ, ਜੇ ਉਪਮਾ ਕਰੇ ਤਾਂ ਗੁਰੂ ਹੀ ਕਰੇ। ਕੀਤੀ ਹੈ, ਗੁਰੂ ਨੇ ਉਪਮਾ ਆਪਣੇ ਸਿੱਖ ਦੀ, ਕਈ ਥਾਂ 'ਤੇ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਨੇ, ਇਨ੍ਹਾਂ ਸਿੱਖਾਂ ਤੇ ਖ਼ਾਲਸੇ ਦਾ ਸਦਕਾ ਹੀ ਮੈਂ ਵਿਦਵਾਨ ਬਣਿਆ ਹਾਂ, ਆਲਮ ਬਣਿਆ ਹਾਂ, ਜੰਗ ਜਿੱਤੀ ਹੈ ਤੇ ਆਖ਼ਰ ਦੇ ਵਿਚ ਇਸ ਲੰਮੇ ਚੌੜੇ ਵਕਤਵ ਦੇ ਵਿਚ ਮੋਹਰ ਇਥੇ ਲਾਈ ਹੈ ਕਿ:

**ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,**
**ਨਹੀਂ ਮੋ ਸੇ ਗਰੀਬ ਕਰੋਰ ਪਰੇ।**

ਇਤਨਾ ਵੱਡਾ ਮਾਣ ਸਿੱਖਾਂ ਦੀ ਝੋਲੀ ਵਿਚ ਪਾ ਦਿੱਤਾ ਹੈ। ਐ ਸਿੱਖ!

ਤੂੰ ਇਸ ਢੰਗ ਨਾਲ ਬਣ ਕਿ ਮਾਣ ਤੈਨੂੰ ਗੁਰੂ ਦੇਵੇ ਤੇ ਗੁਰੂ ਦਾ ਦਿੱਤਾ ਹੋਇਆ ਮਾਣ ਕੋਈ ਖੋਹ ਨਹੀਂ ਸਕਦਾ। ਬੰਦੇ ਦਾ ਦਿਤਾ ਹੋਇਆ ਮਾਣ ਬੰਦਾ ਖੋਹ ਲੈਂਦਾ ਹੈ। ਇਸ ਵਾਸਤੇ ਭਗਤ ਬੜੇ ਸਿਆਣੇ ਨੇ, ਭਗਤ ਕਹਿੰਦੇ ਨੇ, ਜੁੜਨਾ ਹੀ ਉਸੇ ਨਾਲ ਹੈ।

**ਦੇਦਾ ਦੇ ਲੈਦੇ ਥਕਿ ਪਾਹਿ॥** (੨)

ਲੈਣ ਵਾਲਾ ਥੱਕ ਜਾਂਦਾ ਹੈ, ਦੇਣ ਵਾਲਾ ਨਹੀਂ ਥੱਕਦਾ। ਇਤਨਾ ਸਨਮਾਨ ਦੇਂਦਾ ਹੈ, ਇਤਨੀ ਖ਼ੁਸ਼ੀ ਦੇਂਦਾ ਹੈ, ਇਤਨਾ ਆਨੰਦ ਦੇਂਦਾ ਹੈ! ਖ਼ੈਰ!

ਭਾਈ ਸਾਹਿਬ ਭਾਈ ਨੰਦ ਲਾਲ ਜੀ ਤੋਂ ਪੁਛੀਏ ਕਿ ਇਹ ਪੰਜ ਕੱਕੇ ਪੰਜ ਕਾਫ਼ ਕਿਹੜੇ ਨੇ, ਤੇ ਫ਼ਾਰਸੀ ਵਿਚ ਹੀ ਆਪ ਦੱਸਦੇ ਨੇ:

**ਕੜਾ ਕਾਰਦੋ ਕੱਛ ਕੰਘਾ ਬਿਦਾਂ।**
**ਬਿਨਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ।**

ਮੈਂ ਆਪਣੀ ਤਰਫ਼ੋਂ ਕੋਈ ਭੀ ਖ਼ਿਆਲ ਤੁਹਾਡੇ ਸਾਹਮਣੇ ਰੱਖਣ ਨੂੰ ਤਿਆਰ ਨਹੀਂ। ਇਸ ਵਕਤ ਤੁਸੀਂ ਭਾਈ ਨੰਦ ਲਾਲ ਜੀ ਦੀ ਹੀ ਹਰ ਵਿਚਾਰ ਸਰਵਣ ਕਰੋ। ਆਪ ਕਹਿੰਦੇ ਨੇ ਕੜਾ, ਕ੍ਰਿਪਾਨ, ਕੱਛਾ, ਕੰਘਾ ਤੇ ਕੇਸ ਇਹ ਸਿੱਖੀ ਦੀਆਂ ਨਿਸ਼ਾਨੀਆਂ ਨੇ। ਬਾਹਰੋਂ ਕਿਸ ਤਰ੍ਹਾਂ ਪਹਿਚਾਨ ਹੋਵੇ ਕਿ ਇਹ ਸਿੱਖ ਹੈ, ਬਾਹਰ ਦੀਆਂ ਨਿਸ਼ਾਨੀਆਂ ਨੇ। ਨਿਰੀਆਂ ਨਿਸ਼ਾਨੀਆਂ ਹੀ ਨਹੀਂ, ਹਰ ਨਿਸ਼ਾਨੀ ਵਿਚ ਕੋਈ ਕਰਾਮਾਤੀ ਗੱਲ ਹੈ। ਕੋਈ ਰਹੱਸ ਤੇ ਰਮਜ਼ ਹੈ।

ਕਹਿੰਦੇ ਨੇ ਕਿਸੇ ਵਸਤੂ ਦੀ ਕਦਰ ਜਾਂ ਕੀਮਤ ਦਾ ਉਦੋਂ ਪਤਾ ਚਲਦਾ ਹੈ, ਜਦੋਂ ਉਹ ਵਸਤੂ ਕੋਲ ਨਹੀਂ ਰਹਿੰਦੀ। ਇਸ ਤੋਂ ਪਹਿਲਾਂ ਪਤਾ ਨਹੀਂ ਚਲਦਾ। ਇਹ ਸਰੀਰਕ ਰਹਿਤ ਹੈ। ਸਾਡੇ ਦੇਸ਼ ਦੇ ਵਿਚ ਬੜੇ ਤਾਂਤਰਿਕ ਸਨ, ਜੋ ਇਹ ਕੰਮ ਕਰਦੇ ਸਨ ਕਿ ਰੂਹਾਂ ਨੂੰ ਕਾਬੂ 'ਚ ਕਰਨਾ ਹੈ। ਮਸਾਣਾਂ ਉਤੇ ਰਾਤ ਕੱਟਣੀ ਹੈ। ਅੱਜ ਵੀ ਹਨ। ਪਹੁੰਚ ਜਾਣਾ ਹੈ ਉਥੇ ਜਿਥੇ ਮੁਰਦੇ ਸੜਦੇ ਹਨ। ਤੇ ਇਸ ਹਕੀਕਤ ਤੋਂ ਤੁਸੀਂ ਇਨਕਾਰੀ ਨਹੀਂ ਹੋ ਸਕਦੇ, ਗੁਰੂ ਗ੍ਰੰਥ ਸਾਹਿਬ ਦੇ ਵਿਚ ਵੀ ਲਿਖਿਆ ਹੈ ਅਤੇ ਪ੍ਰਗਟ ਤੌਰ 'ਤੇ ਵੀ ਇਹ ਸਿਲਸਿਲਾ ਵੇਖਣ ਵਿਚ ਆਉਂਦਾ ਹੈ। "ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ" ਗੁਰੂ ਗ੍ਰੰਥ ਸਾਹਿਬ ਵਿਚ ਇਹ ਪੰਕਤੀ ਔਰ ਏਸੇ ਤਰੀਕੇ ਨਾਲ ਜਪੁਜੀ ਸਾਹਿਬ ਵਿਚ ਭੀ ਇਕ ਪੰਕਤੀ ਹੈ: "ਕੇਤੇ ਦੇਵ ਦਾਨਵ ਮੁਨਿ ਕੇਤੇ, ਕੇਤੇ ਰਤਨ ਸਮੁੰਦ॥" ਅਣਗਿਣਤ ਦਾਨਵ ਰੂਹਾਂ ਨੇ। ਬੇਸ਼ੁਮਾਰ ਐਸੀਆਂ ਰੂਹਾਂ ਨੇ ਜਿਨ੍ਹਾਂ ਨੂੰ ਤਨ ਨਹੀਂ ਮਿਲਦਾ। ਕਹਿੰਦੇ

ਨੇ ਦੋ ਤਰ੍ਹਾਂ ਦੀਆਂ ਰੂਹਾਂ ਨੂੰ ਤਨ ਨਹੀਂ ਮਿਲਦਾ, ਇਕ ਤੇ ਬਹੁਤ ਮਾੜੀ ਰੂਹ ਹੋਵੇ, ਬਹੁਤ ਹੀ ਭੈੜੀ। ਬਹੁਤ ਹੀ ਭਿਅੰਕਰ ਜ਼ਾਲਿਮ ਹੋਵੇ। ਕੋਈ ਹਿਟਲਰ ਵਰਗਾ, ਤੈਮੂਰ ਜੈਸਾ, ਔਰੰਗਜ਼ੇਬ ਵਰਗਾ, ਕਹਿੰਦੇ ਨੇ ਛੇਤੀ ਜਨਮ ਨਹੀਂ ਲੈਂਦਾ। ਇਹੋ ਜਿਹੀਆਂ ਰੂਹਾਂ ਨੂੰ ਛੇਤੀ ਮਾਂ ਬਾਪ ਨਹੀਂ ਲੱਭਦੇ, ਜਿਸ ਰਾਹੀਂ ਜਨਮ ਹੋ ਸਕੇ। ਇਤਨੀ ਭੈੜੀ ਰੂਹ ਨੂੰ ਜਨਮ ਦੇਣ ਵਾਸਤੇ ਕੋਈ ਬੜਾ ਹੀ ਭੈੜਾ ਮਾਹੌਲ ਚਾਹੀਦਾ ਹੈ। ਔਰ ਕਹਿੰਦੇ ਨੇ ਚੰਗੀਆਂ ਰੂਹਾਂ ਨੂੰ ਵੀ ਜਨਮ ਲੈਣ ਵਾਸਤੇ ਇੰਤਜ਼ਾਰ ਕਰਨਾ ਪੈਂਦਾ ਹੈ। ਕੋਈ ਵਿਰਲੀ ਮਾਂ ਹੀ ਹੁੰਦੀ ਹੈ, ਜੋ ਕਿਸੇ ਸੰਤ ਨੂੰ ਜਨਮ ਦੇ ਸਕੇ। ਸੰਸਾਰ ਵਿਚ ਆਮ ਦਰਮਿਆਨੀਆਂ ਰੂਹਾਂ ਹੀ ਜਨਮ ਲੈਂਦੀਆਂ ਨੇ। ਜਿਹੜੀਆਂ ਨਾ ਬਹੁਤੀਆਂ ਚੰਗੀਆਂ ਤੇ ਨਾ ਮਾੜੀਆਂ ਨੇ। ਕਦੀ ਕਦੀ ਐਸਾ ਹੁੰਦਾ ਹੈ ਕਿ ਨਾਦਰ ਸ਼ਾਹ ਵਰਗਾ ਜ਼ਾਲਮ ਆ ਜਾਂਦਾ ਹੈ, ਜੋ ਬੰਦਿਆਂ ਦੇ ਕੱਟਣ ਦੇ ਵਿਚ ਹੀ ਖ਼ੁਸ਼ੀ ਮਹਿਸੂਸ ਕਰਦਾ ਹੈ। ਮਨੁੱਖ ਉਸ ਦੇ ਸਾਹਮਣੇ ਤੜਫਣ ਤੇ ਖ਼ੂਨ ਵਿਚ ਲੱਥ ਪੱਥ ਪਏ ਹੋਣ ਤੇ ਨਾਦਰ ਸ਼ਾਹ ਖ਼ੁਸ਼ ਹੁੰਦਾ ਹੈ। ਇਤਨਾ ਕਠੋਰ ਹਿਰਦਾ ਉਸ ਦਾ ਸੀ ਤੇ ਜਾਂ ਫਿਰ ਕੋਮਲ ਪੁਰਸ਼ ਇਤਨੇ ਕਿ ਪੈਰਾਂ ਥੱਲੇ ਕੀੜੀ ਵੀ ਮਰ ਗਈ ਹੈ ਤਾਂ ਸਵਾਮੀ ਮਹਾਂਵੀਰ ਸਾਰਾ ਦਿਨ ਰੋਂਦਾ ਰਿਹਾ ਕਿ ਬਈ ਕੀੜੀ ਕਿਉਂ ਮਰ ਗਈ ਏ ? ਮੇਰੇ ਪੈਰ ਥੱਲੇ ਆ ਕੇ ਕਿਉਂ ਮਰੀ ਹੈ ? ਇਤਨਾ ਕੋਮਲ ਹਿਰਦਾ! ਤੇ ਐਸੇ ਮਹਾਂਪੁਰਸ਼ਾਂ ਦਾ ਜਨਮ ਬਹੁਤ ਘੱਟ ਹੁੰਦਾ ਹੈ। ਕਿਉਂਕਿ ਜਨਮ ਦੇਣ ਵਾਸਤੇ ਇਕ ਬਾਕਾਇਦਾ ਮਾਹੌਲ ਚਾਹੀਦਾ ਹੈ। ਲੇਕਿਨ ਇਸ ਬ੍ਰਹਿਮੰਡ ਵਿਚ ਸਭ ਕੁਛ ਹੈ। ਸੂਖਸ਼ਮ ਅੱਖਾਂ ਨਾਲ ਜੋਗੀਆਂ ਨੇ, ਰਹਿਬਰਾਂ ਨੇ ਤੇ ਗੁਰੂਆਂ ਨੇ ਵੇਖਿਆ ਹੈ। ਇਹ ਬ੍ਰਹਿਮੰਡ ਖ਼ਾਲੀ ਨਹੀਂ। ਜ਼ਮੀਨ ਤੇ ਅਸਮਾਨ ਵਿਚ ਜੋ ਖ਼ਾਲੀਪਨ ਦਿਸਦਾ ਹੈ, ਇਹ ਖ਼ਾਲੀ ਨਹੀਂ। ਇਹ ਬ੍ਰਹਿਮੰਡ ਭਰਿਆ ਪਿਆ ਹੈ। ਬਹੁਤ ਕੁਛ ਹੈ ਇਸ ਵਿਚ, ਔਰ ਕਦੀ ਕਦੀ ਮਨੁੱਖ ਸੂਖਸ਼ਮ ਸਰੀਰ ਤਕ ਪਹੁੰਚ ਜਾਏ ਤਾਂ ਸਭ ਕੁਛ ਦੇ ਨਜ਼ਾਰੇ ਤੱਕਦਾ ਹੈ। ਸਾਰਾ ਸਿਲਸਿਲਾ ਵੇਖਦਾ ਹੈ। ਐਸੀਆਂ ਮਲੀਨ ਰੂਹਾਂ ਨੂੰ ਕਾਬੂ ਕਰਨ ਦਾ ਸਿਲਸਿਲਾ ਸਾਡੇ ਦੇਸ਼ ਵਿਚ ਤੇ ਹੋਰਨਾਂ ਦੇਸ਼ਾਂ ਵਿਚ ਭੀ ਕਾਫ਼ੀ ਸਮੇਂ ਤੋਂ ਚਲਦਾ ਆ ਰਿਹਾ ਹੈ। ਅੱਜ ਦੀ ਗੱਲ ਨਹੀਂ, ਬੜੀ ਪੁਰਾਣੀ ਗੱਲ ਹੈ। ਤੇ ਚੰਗੀਆਂ ਰੂਹਾਂ ਤੇ ਕਾਬੂ 'ਚ ਹੁੰਦੀਆਂ ਨਹੀਂ ਤੇ ਨਾ ਹੀ ਕਾਬੂ 'ਚ ਆ ਸਕਦੀਆਂ ਹਨ। ਮੈਲੇ ਬੰਦਿਆਂ ਦੇ, ਅਕਸਰ ਭੈੜੀ ਬਿਰਤੀ ਦੇ ਬੰਦੇ, ਭੈੜੀਆਂ ਰੂਹਾਂ ਨੂੰ, ਜਿਨ੍ਹਾਂ ਨੂੰ ਕੋਈ ਸਰੀਰ ਅਗਾਂਹ ਨਹੀਂ ਮਿਲਿਆ ਹੁੰਦਾ, ਉਹਨਾਂ ਨੂੰ ਕਾਬੂ ਕਰਦੇ ਹਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬੜੇ ਦੂਰ ਦ੍ਰਿਸ਼ਟ ਸਨ। ਬਈ ਇਕ ਤੇ ਤਾਂਤ੍ਰਿਕ ਦਾ ਅਸਰ ਨਾ

ਪਵੇ ਤੇ ਦੂਸਰਾ ਬ੍ਰਹਿਮੰਡ ਦੇ ਵਿਚ ਐਸੀਆਂ ਜਿਹੜੀਆਂ ਮੈਲੀਆਂ ਰੂਹਾਂ ਨੇ, ਇਹ ਸਿੱਖ ਵਾਸਤੇ ਹਾਨੀਕਾਰਕ ਨਾ ਹੋਵਣ। ਤੋ ਸਿੱਖ ਨੂੰ ਕਿਰਪਾਨ ਅਤੇ ਕੜਾ ਪਵਾ ਦਿਤਾ। ਅੱਜ ਮੈਂ ਆਪਣੇ ਦੇਸ਼ ਵਿਚ ਦੇਖਦਾ ਹਾਂ, ਮੁਸਲਿਮ ਬੀਬੀਆਂ ਵੀ ਗੁਰਦਵਾਰੇ ਛੋਟੇ ਬੱਚਿਆਂ ਨੂੰ ਲੈ ਆਉਂਦੀਆਂ ਹਨ। ਬਈ ਕੜਾ ਦਿਓ, ਬੱਚਾ ਡਰ ਜਾਂਦਾ ਹੈ ਰਾਤ ਨੂੰ। ਆਮ ਸਾਧਾਰਨ ਦੁਨੀਆ ਵੀ ਹੁਣ ਕੜਾ ਪਾਣ ਲੱਗ ਪਈ ਏ। ਕੁਛ ਇਕ ਨੂੰ ਅਸਲੀਅਤ ਦਾ ਪਤਾ ਚਲ ਗਿਆ ਏ ਤੇ ਕੁਛ ਇਕ ਸ਼ੌਕੀਆ ਤੌਰ 'ਤੇ। ਲੇਕਿਨ ਗੁਰੂ ਗੋਬਿੰਦ ਸਿੰਘ ਜੀ ਨੂੰ ਸਭ ਪਤਾ ਹੈ। ਆਪ ਜੀ ਦਾ ਫ਼ੁਰਮਾਨ ਹੈ "ਸਰਬ ਲੋਹ ਕੀ ਰੱਛਾ ਹਮਨੈ।" ਆਪ ਕਹਿੰਦੇ ਹਨ ਕਿ ਸਾਡੇ ਤਨ ਦੀ ਇੱਛਾ ਸਰਬ ਲੋਹ ਕਰਦਾ ਹੈ।

ਅਗਰ ਕਿਸੇ ਮਨੁੱਖ ਨੇ ਤਾਂਤ੍ਰਿਕ ਵਿਧੀ ਦੇ ਨਾਲ ਕਿਸੇ ਮੈਲੀ ਰੂਹ ਦਾ ਅਸਰ ਕਿਸੇ 'ਤੇ ਪਾਣਾ ਹੋਵੇ ਤਾਂ ਪਹਿਲੀ ਗੱਲ ਇਹ ਕਰਦਾ ਹੈ ਕਿ ਇਸ ਦੇ ਤਨ 'ਤੇ ਕੋਈ ਲੋਹਾ ਤੇ ਨਹੀਂ। ਸੋ ਅਗਰ ਹੈ ਤਾਂ ਲੋਹਾ ਅਲੱਗ ਕਰਵਾ ਦਿੱਤਾ ਜਾਂਦਾ ਹੈ। ਭਾਰਤ ਵਿਚ ਅੱਜ ਭੀ ਤਾਂਤ੍ਰਿਕ ਵਿਦਿਆ ਬੜੀ ਹੈ। ਜ਼ਬਾਨ ਨੂੰ ਕੱਟ ਕੇ ਫਿਰ ਜੋੜ ਦਿੰਦੇ ਹਨ। ਸ਼ਰ੍ਹੇ-ਆਮ ਬਜ਼ਾਰਾਂ ਵਿਚ ਕਰਦੇ ਫਿਰਦੇ ਹਨ। ਤੁਹਾਡੀ ਜੇਬ ਵਿਚ ਕੀ ਹੈ, ਉਹ ਲੇਟਿਆ ਹੋਇਆ ਬੰਦਾ ਦੱਸ ਦੇਵੇਗਾ। ਉਸ ਨੂੰ ਬੇਹੋਸ਼ ਕਰ ਕੇ ਲਿਟਾ ਦੇਂਦੇ ਹਨ ਤੇ ਕਪੜੇ ਨਾਲ ਢੱਕ ਛੱਡਦੇ ਹਨ। ਤੁਸੀਂ ਆਓ ਉਹ ਬੱਚਾ ਦੱਸ ਦੇਵੇਗਾ ਕਿ ਤੁਹਾਡੀ ਜੇਬ ਵਿਚ ਕੀ ਹੈ ? ਇਹਨੂੰ ਤਾਂਤ੍ਰਿਕ ਸਿੱਧੀ ਕਹਿੰਦੇ ਹਨ। ਲੇਕਿਨ ਕਹਿੰਦੇ ਨੇ ਉਸ ਬੱਚੇ ਦੇ ਹੱਥ ਵਿਚ ਲੋਹਾ ਹੋਵੇ ਜਾਂ ਕੜਾ ਹੋਵੇ, ਉਸ ਵਿਧੀ ਦਾ ਅਸਰ ਨਹੀਂ ਹੋਵੇਗਾ। ਉਸ ਸਿੱਧੀ ਦਾ ਕੋਈ ਅਸਰ ਨਹੀਂ ਹੋਵੇਗਾ। ਜਿਥੇ ਲੋਹਾ ਹੈ, ਉਥੇ ਤ੍ਰਾਂਤਿਕ ਵਿਧੀ ਕੰਮ ਨਹੀਂ ਕਰਦੀ। ਧਾਰਮਿਕ ਗ੍ਰੰਥ ਜਾਂ ਇਧਰ ਉਧਰ ਦੇ ਗ੍ਰੰਥ ਪੜ੍ਹਨ ਦਾ ਅਭਿਆਸ ਜ਼ਿੰਦਗੀ ਵਿਚ ਘਟ ਹੈ। ਸਾਡੇ ਪਾਸ ਸਮਾਂ ਨਹੀਂ, ਬੜੀ ਬਿਜ਼ੀ ਸਾਡੀ ਜ਼ਿੰਦਗੀ ਹੋ ਗਈ ਹੈ। ਹਰ ਮਨੁੱਖ ਦੀ ਤੇ ਜਿਨ੍ਹਾਂ ਕੁਛ ਮਿਹਨਤ ਕਰਕੇ ਜਗਤ ਨੂੰ ਆਪਣੀ ਬਾਣੀ ਦੇ ਰਾਹੀਂ ਕੁਛ ਸੰਦੇਸ਼ ਦਿੱਤਾ ਹੈ, ਉਹਨਾਂ 'ਤੇ ਸੰਸਾ ਜਾਗ ਪਿਆ ਹੈ। ਅੰਦਰ ਦਰਾੜਾਂ ਪੈ ਗਈਆਂ ਹਨ। ਇਸ ਵਾਸਤੇ ਕਿਸੇ ਹੱਦ ਤਕ ਮਨੁੱਖ ਭੰਬਲ-ਭੂਸੇ ਖਾ ਰਿਹਾ ਹੈ। ਸੋ ਜਦ ਵੀ ਇਸ ਤਰ੍ਹਾਂ ਦੀ ਸ਼ਕਤੀ ਦਾ ਕਿਸੇ 'ਤੇ ਅਸਰ ਪਾਣਾ ਹੈ ਤੇ ਕੁਦਰਤੀ ਗੱਲ ਹੈ ਉਸ ਦੇ ਤਨ 'ਤੇ ਲੋਹਾ ਨਹੀਂ ਹੋਣਾ ਚਾਹੀਦਾ। ਕੰਘੇ ਦੇ ਵਿਚ ਵੀ ਲੋਹੇ ਦਾ ਟੁਕੜਾ ਹੋਵੇਗਾ ਤੇ ਅਸਰ ਨਹੀਂ ਕਰੇਗੀ। ਕੜਾ ਹੱਥ ਦੇ ਵਿਚ ਹੋਵੇ, ਅਸਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਹਿਜੇ ਸਹਿਜੇ ਬਹੁਤ ਸਾਰੀ

ਦੁਨੀਆ ਨੇ ਇਸ ਗ਼ੱਲ ਨੂੰ ਮੰਨ ਲਿਆ ਹੈ। ਪਰ ਆਪਣੀ ਗੱਲ ਦਾ, ਉਸ ਤਾਂਤ੍ਰਿਕ ਵਿਧੀ ਦਾ, ਅਸਰ ਪਾਣਾ ਹੈ ਤੋ ਲੁਹਾਣਾ ਪਵੇਗਾ। ਖ਼ੈਰ!

ਤਨ ਦੀ ਹਿਫ਼ਾਜ਼ਤ ਕਰਨੀ ਸੀ, ਜਗਤ ਦੇ ਵਿਚ ਫੈਲੀਆਂ ਹੋਈਆਂ ਰੂਹਾਂ ਤੋਂ, ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹੱਥ ਦੇ ਵਿਚ ਕੜਾ ਪਏ ਪਵਾਂਦੇ ਨੇ। ਗੁਰੂ ਨਾਨਕ ਦੇਵ ਜੀ ਨੇ ਤਿਆਰੀ ਕਰਵਾਈ ਕਿ ਮਨੁੱਖ ਨੂੰ ਉਥੇ ਮੰਜ਼ਲੇ ਮਕਸੂਦ 'ਤੇ ਪਹੁੰਚਾਣਾ ਹੈ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਬੰਦਾ ਤਿਆਰ ਹੋ ਗਿਆ ਸੀ ਕਿ ਗੁਰੂ ਦੀ ਗੱਲ 'ਤੇ ਹੁਣ ਸ਼ੰਕਾ ਨਹੀਂ ਜਾਗੇਗਾ। ਗੁਰੂ ਜੋ ਕਹਿ ਰਹੇ ਹਨ, ਠੀਕ ਹੈ। ਤੇ ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੇਖਣਾ ਵੀ ਚਾਹਿਆ ਸੀ ਕਿ ਵੇਖੀਏ ਤੇ ਸਹੀ ਸਿੱਖ ਪੁਖਤਾ ਵੀ ਹੋ ਗਏ ਨੇ ਕਿ ਨਹੀਂ, ਪੱਕੇ ਵੀ ਹੋ ਗਏ ਯਾ ਨਹੀਂ, ਆਪਣੀ ਗੱਲ ਦੇ ਵਿਚ। ਆਪ ਜਿਸ ਵਕਤ ਹਜ਼ੂਰ ਸਾਹਿਬ ਜਾ ਰਹੇ ਸਨ ਤਾਂ ਰਸਤੇ ਵਿਚ ਨਾਰਾਇਣੇ ਪਿੰਡ ਵਿਚ ਦਾਦੂ ਭਗਤ ਦੀ ਕਬਰ ਸੀ। ਉਸ ਕਬਰ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤੀਰ ਨਾਲ ਸਿਜਦਾ ਕੀਤਾ, ਕੋਈ ਬੱਤੀ ਸਿੰਘ ਨਾਲ ਸਨ। ਉਥੇ ਸਿੰਘਾਂ ਨੇ ਮਹਾਰਾਜ ਜੀ ਦੀ ਬਾਂਹ ਫੜ ਲਈ ਕਿ ਬਈ ਸਾਨੂੰ ਆਖਦੇ ਹੋ:

**ਜਾਗਤਿ ਜੋਤਿ ਜਪੈ ਨਿਸ ਬਾਸਰ, ਏਕ ਬਿਨਾ ਮਨ ਨੈਕ ਨ ਆਨੈ॥**
**ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜ੍ਹੀ ਮਟ ਭੂਲ ਨਾ ਮਾਨੈ॥**

ਸਾਨੂੰ ਇਹ ਉਪਦੇਸ਼ ਤੁਸੀਂ ਦਿੱਤਾ ਹੈ ਕਿ ਭੁੱਲ ਕੇ ਵੀ ਕਬਰ ਨਹੀਂ ਮੰਨਣੀ, ਕਬਰ ਨੂੰ ਸਜਦਾ ਨਹੀਂ ਕਰਨਾ, ਕਬਰ ਨਾਲ ਸਿੱਖ ਦਾ ਕੋਈ ਤਅੱਲਕ ਨਹੀਂ, ਤੇ ਆਪ ਕਬਰ ਨੂੰ ਮੱਥਾ ਟੇਕਦੇ ਹੋ। ਇਤਿਹਾਸ ਹੈ, ਸਾਹਿਬ ਖ਼ੁਸ਼ ਹੋਏ ਤੇ ਸਿੰਘਾਂ ਨੂੰ ਥਾਪੜਾ ਲਾਇਆ। ਤੇ ਮਹਾਰਾਜ ਕਹਿੰਦੇ ਨੇ, ਮੈਂ ਇਹ ਵੇਖਣਾ ਚਾਹੁੰਦਾ ਸੀ ਕਿ ਤੁਹਾਡੇ ਵਿਚ ਐਸੀ ਕੋਈ ਜੁਰਅਤ ਵੀ ਆਈ ਹੈ ਕਿ ਨਹੀਂ। ਬਈ ਇਕ ਮਹਾਨ ਸ਼ਖ਼ਸੀਅਤ ਵੀ ਹੋਵੇ, ਅਗਰ ਗ਼ਲਤ ਕੰਮ ਕਰੇ ਤਾਂ ਉਸ ਨੂੰ ਰੋਕ ਸਕਦੇ ਹੋ ਕਿ ਨਹੀਂ। ਔਰ ਤੁਸੀਂ ਧੰਨ ਹੋ, ਤੁਸੀਂ ਕਮਾਲ ਦਾ ਕਰਤੱਵ ਦਿਖਾਇਆ ਹੈ। ਜੇ ਮੈਂ ਗ਼ਲਤ ਕੰਮ ਕਰਾਂ ਤਾਂ ਤੁਸੀਂ ਰੋਕ ਸਕਦੇ ਹੋ। ਮਹਾਰਾਜ ਜੀ ਕਹਿੰਦੇ, ਐ ਸਿੱਖ! ਤੇਰੀਆਂ ਹੁਣ ਬਾਹਵਾਂ ਵਿਚ ਬੜੀ ਤਾਕਤ ਹੈ। ਕੋਈ ਵੀ ਗ਼ਲਤ ਕੰਮ ਕਰੇਗਾ, ਤੂੰ ਰੋਕ ਸਕੇਂਗਾ। ਮੈਨੂੰ ਖ਼ੁਸ਼ੀ ਹੈ। ਮੈਂ ਸਿਰਫ਼ ਪ੍ਰੀਖਿਆ ਲੈਣਾ ਚਾਹੁੰਦਾ ਸੀ ਕਿ ਬਈ ਤੁਹਾਡੇ ਅੰਦਰ ਦ੍ਰਿੜ੍ਹਤਾ ਵੀ ਆਈ ਹੈ, ਜਾਂ ਜਿਵੇਂ ਮੈਂ ਕਬਰ ਨੂੰ ਮੱਥਾ ਟੇਕਿਆ ਹੈ, ਤੁਸੀਂ ਵੀ ਉਵੇਂ ਟੇਕਣ ਲੱਗ ਜਾਓਗੇ। ਸੋ ਮੈਂ ਖ਼ੁਸ਼ ਹਾਂ ਕਿ ਤੁਸੀਂ ਪ੍ਰੀਖਿਆ ਵਿਚ ਪੂਰੇ ਉਤਰੇ ਹੋ। ਇਹ ਨਹੀਂ ਕਿ ਉਸ ਕਬਰ ਨੂੰ ਮਹਾਰਾਜ

ਸਜਦਾ ਕਰਨਾ ਚਾਹੁੰਦੇ ਸਨ, ਵੇਖਣਾ ਚਾਹੁੰਦੇ ਸਨ ਕਿ ਸਿੱਖ ਕਿੱਥੇ ਖੜੇ ਹਨ ? ਇਹ ਸਿੱਖ ਕਿਧਰੇ ਪਹੁੰਚੇ ਹਨ ਕਿ ਅਜੇ ਵੀ ਭੇਡਾ-ਚਾਲ ਹੈ ਇਹਨਾਂ ਦੇ ਅੰਦਰ। ਅਜੇ ਵੀ ਐਸਾ ਹੈ ਕਿ ਜੇ ਮੈਂ ਐਸਾ ਕਰਾਂ ਤਾਂ ਇਹ ਵੀ ਐਸਾ ਕਰਨ ਲੱਗ ਜਾਣਗੇ। ਅਕਸਰ ਐਸਾ ਹੀ ਹੁੰਦਾ ਹੈ, ਦੁਨੀਆ ਵੇਖਦੀ ਨਹੀਂ ਕਿ ਅਸਲੀਅਤ ਕੀ ਹੈ, ਹਕੀਕਤ ਕੀ ਹੈ ?

ਖ਼ੈਰ, ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਸਿੱਖੀ ਦੀਆਂ ਪੰਜ ਨਿਸ਼ਾਨੀਆਂ ਨੇ। ਭਾਈ ਸਾਹਿਬ ਭਾਈ ਨੰਦ ਲਾਲ ਜੀ ਇਹ ਕਹਿ ਰਹੇ ਹਨ ਕਿ ਸਿੱਖੀ ਇਹਨਾਂ ਪੰਜਾਂ ਕੱਕਿਆਂ ਵਿਚ ਪਈ ਹੈ। ਇਕ ਨਿਸ਼ਾਨੀ ਵੀ ਟੁੱਟ ਗਈ ਤੇ ਸਿੱਖੀ ਵਿਚ ਦਰਾੜ ਪੈ ਗਈ, ਫ਼ਰਕ ਪੈ ਗਿਆ। ਸਰੀਰ ਦੀ, ਮਨ ਦੀ ਅਤੇ ਆਤਮਾ ਦੀ ਬਾਕਾਇਦਾ ਹਿਫ਼ਾਜ਼ਤ ਕਰਨੀ ਹੈ ਤੇ ਹਿਫ਼ਾਜ਼ਤ ਕਰਨ ਦਾ ਸਤਿਗੁਰੂ ਜੀ ਨੇ ਆਪਣਾ ਇਕ ਢੰਗ ਸਾਨੂੰ ਦੱਸਿਆ ਹੈ ਕਿ, 'ਕੋਈ ਵੀ ਮਲੀਨ ਰੂਹ ਐਸੇ ਪੁਰਸ਼ਾਂ ਦੇ ਅੰਦਰ ਪ੍ਰਵੇਸ਼ ਨਹੀਂ ਕਰ ਸਕਦੀ ਜਿਸ ਦੇ ਕੋਲ ਸਰਬ ਲੋਹ ਹੈ।' ਤਾਂਤ੍ਰਿਕ ਇਕ ਸਿੱਧੀ ਹੈ ਅਤੇ ਲੋਕੀਂ ਕਰਦੇ ਹਨ। ਮਸਾਣਾਂ ਵਿਚ ਸਾਰੀ ਰਾਤ ਸਿਵਿਆਂ 'ਚ ਬਹਿ ਕੇ ਜਾਗਦੇ ਹਨ, ਮੰਤਰ ਪੜ੍ਹਦੇ ਹਨ ਤੇ ਮਸਾਣ ਜਗਾ ਲੈਂਦੇ ਹਨ। ਭਗਤ ਕਬੀਰ ਜੀ ਨੇ ਵੀ ਇਸ਼ਾਰਾ ਕੀਤਾ ਹੈ ਕਿ ਕੁਝ ਇਕ ਐਸੇ ਪੁਰਸ਼ ਹਨ ਜਾਂ ਐਸੀਆਂ ਆਤਮਾਵਾਂ ਹਨ ਜੋ ਮਸਾਣ ਜਗਾਂਦੀਆਂ ਹਨ।

**.......ਰਾਤਿ ਜਗਾਵਨ ਜਾਇ ॥**
**ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ ॥** *(੧੩੭੦)*

ਭਾਵ, ਜਿਹੜੇ ਪੁਰਸ਼ ਐਸਾ ਕੰਮ ਕਰਦੇ ਹਨ, ਉਹ ਸਰਪ ਦੀ ਜੂਨ ਪੈ ਕੇ ਆਪਣੇ ਬੱਚਿਆਂ ਨੂੰ ਖਾਂਦੇ ਹਨ; ਤੋ ਇਹ ਜਿਹੜੀ ਤਾਂਤ੍ਰਿਕ ਵਿਧੀ ਹੈ ਜਿਸ ਨੂੰ ਕਾਲਾ ਇਲਮ ਵੀ ਆਖਦੇ ਹਨ, ਇਹ ਦੁਨੀਆ ਵਿਚ ਬਹੁਤ ਹੈ। ਲੇਕਿਨ ਜਿਸ ਪਾਸ ਸਰਬ ਲੋਹ ਹੋਵੇ, ਉਸ 'ਤੇ ਕੋਈ ਅਸਰ ਨਹੀਂ। ਲੇਕਿਨ ਕੋਈ ਮਲੀਨ ਰੂਹ ਜੋ ਬਹੁਤ ਹੀ ਮੈਲੀ ਹੋਵੇ ਤੇ ਲੋਹੇ ਨੂੰ ਵੀ ਕੱਟ ਜਾਵੇ, ਉਸ ਦੇ ਵਾਸਤੇ ਵੀ ਵਿਧੀ ਹੈ।

ਇਕ ਐਸਾ ਸਿੱਖ ਗੁਰੂ ਅਮਰਦਾਸ ਜੀ ਮਹਾਰਾਜ ਦੇ ਚਰਨਾਂ ਵਿਚ ਲਿਆਂਦਾ ਗਿਆ, ਜੋ ਝੂਲਦਾ ਸੀ, ਸਿਰ ਨੂੰ ਪਟਕਦਾ ਸੀ, ਮੱਥਾ ਫੇਰਦਾ ਸੀ, ਸਿਰ ਜ਼ਮੀਨ 'ਤੇ ਮਾਰਦਾ ਸੀ, ਕੇਸ ਖਿਲਰੇ ਹੋਏ ਸਨ, ਬੇਹਾਲ ਤੇ ਬੇਤਾਲ ਹੋ ਜਾਂਦਾ ਸੀ ਤੇ ਹੁਣ ਉਸ ਵਕਤ ਗੁਰੂ ਅਮਰਦਾਸ ਜੀ ਨੇ ਜੋ ਸ਼ਬਦ ਕਹੇ, ਉਹ ਮੈਂ ਤੁਹਾਡੇ ਸਾਹਮਣੇ ਰਖਦਾ ਹਾਂ। ਇਕ ਇਕ ਗੱਲ ਇਤਿਹਾਸ ਤੇ ਗੁਰਬਾਣੀ

ਦੀ ਪੁਸ਼ਟੀ ਹੈ। ਜੇ ਸ਼ੰਕਾ ਜਾਗੇ ਤਾਂ ਗੁਰਬਾਣੀ ਤਹਿ ਕਰ ਲੈਣਾ। ਜਾਂ ਫਿਰ ਇਤਿਹਾਸ ਤਹਿ ਕਰ ਲੈਣਾ। ਸੁਤੰਤਰ ਹੋ ਤੁਸੀਂ। ਉਸ ਸਿੱਖ ਨੂੰ ਵੇਖ ਕੇ ਜੋ ਝੂਲ ਰਿਹਾ ਹੈ, ਸਿਰ ਪਟਕਾ ਰਿਹਾ ਹੈ, ਜੋ ਬੇਹਾਲ ਹੈ, ਮਾਫ਼ ਕਰਨਾ ਰੱਬ ਦਾ ਨਾਂ ਬੇਹਾਲ ਨਹੀਂ ਕਰਦਾ, ਪ੍ਰਸੰਨਤਾ ਦੇਂਦਾ ਹੈ। ਰੱਬ ਦਾ ਨਾਂ ਬੇਤਾਲਾ ਨਹੀਂ ਕਰਦਾ, ਜ਼ਿੰਦਗੀ ਨੂੰ ਤਾਲ ਵਿਚ ਲਿਆਉਂਦਾ ਹੈ। ਤੇ ਰੱਬ ਦਾ ਨਾਂ ਬੇਹੋਸ਼ ਵੀ ਨਹੀਂ ਕਰਦਾ, ਹੋਸ਼ ਦੇ ਵਿਚ ਲਿਆਉਂਦਾ ਹੈ। ਹੋਸ਼ ਦਿੰਦਾ ਹੈ, ਸੁਰਤ ਦਿੰਦਾ ਹੈ, ਬੇਸੁਰਤ ਨਹੀਂ ਕਰਦਾ। ਤੇ ਗੁਰੂ ਅਮਰਦਾਸ ਜੀ ਮਹਾਰਾਜ ਉਥੇ ਕਹਿੰਦੇ ਹਨ, ਸੂਰਜ ਪ੍ਰਕਾਸ਼ ਗ੍ਰੰਥ ਵਿਚ ਦਰਜ ਹੈ:

**ਸ੍ਰੀ ਮੁਖ ਤੇ ਤਬ ਉਤਰ ਕਹਿਉ।**
**ਪ੍ਰੇਤ ਲਗਿਉ ਜਿਹ ਸਿੱਖ ਕੋ ਲਹਿਉ।**

ਸਾਹਿਬ ਅੱਗੇ ਕਹਿੰਦੇ ਹਨ, ਧਿਆਨ ਦੇਣਾ:

**ਸੋ ਨਾ ਪਢਤ ਹੋਤ ਜਾਤ ਰਸਨਾ।**
**ਜਿਨਹੂੰ ਕੰਠ ਤਿਨਹੂੰ ਕਛੁ ਬਸਨਾ।**

ਸਾਹਿਬ ਕਹਿੰਦੇ ਨੇ ਇਹ ਮਨ ਨੂੰ ਇਕਾਗਰ ਕਰ ਕੇ, ਜਪੁਜੀ ਸਾਹਿਬ ਨਹੀਂ ਪੜ੍ਹਦਾ ਹੋਣਾ। ਗੁਰੂ ਅਮਰਦਾਸ ਜੀ ਕਹਿੰਦੇ, 'ਮੈਂ ਦਾਅਵੇ ਨਾਲ ਕਹਿੰਦਾ ਹਾਂ ਜੋ ਕੰਠ ਨਾਲ ਤੇ ਦਿਲ ਦੀ ਇਕਾਗਰਤਾ ਨਾਲ ਜਪੁਜੀ ਸਾਹਿਬ ਦਾ ਪਾਠ ਕਰਦਾ ਹੈ, ਕੋਈ ਵੀ ਮਲੀਨ ਰੂਹ ਉਸ ਦੇ ਨੇੜੇ ਨਹੀਂ ਆ ਸਕਦੀ।' ਮਹਾਰਾਜ ਦਾ ਫ਼ੈਸਲਾ ਹੈ, ਲੇਕਿਨ ਹੁਣ ਕੋਈ ਵੀ ਐਸੀ ਰੂਹ ਮਨੁੱਖ ਤਕ ਪਹੁੰਚੇ, ਕੁਦਰਤੀ ਗੱਲ ਹੈ, ਇਕ ਤੇ ਉਸ ਕੋਲ ਜਪੁਜੀ ਸਾਹਿਬ ਨਾ ਹੋਵੇ, ਤੇ ਦੂਜਾ ਸਰਬ ਲੋਹ ਨਾ ਹੋਵੇ, ਤਾਂ ਉਸ ਨੂੰ ਉਥੇ ਤਕ ਪਹੁੰਚਣ ਵਿਚ ਬੜੀ ਸਹੂਲਤ ਮਿਲ ਜਾਂਦੀ ਹੈ। ਤੇ ਜਿਨ੍ਹਾਂ ਜਿਨ੍ਹਾਂ ਪੁਰਸ਼ਾਂ ਨੇ ਇਸ ਧੰਦੇ ਨੂੰ ਸੰਸਾਰ ਵਿਚ ਚਲਾਣਾ ਹੁੰਦਾ ਹੈ, ਉਹ ਮਨੁੱਖ ਦਾ ਸੰਬੰਧ ਸਰਬ ਲੋਹ ਨਾਲੋਂ ਜ਼ਰੂਰ ਤੋੜਦੇ ਨੇ। ਖ਼ੈਰ!

ਤੇ ਭਾਈ ਨੰਦ ਲਾਲ ਜੀ ਕਹਿੰਦੇ ਨੇ, ਅਗਰ ਕਿਸੇ ਪਾਸ ਇਨ੍ਹਾਂ ਸਿੱਖੀ ਦੀਆਂ ਪੰਜ ਨਿਸ਼ਾਨੀਆਂ ਵਿਚੋਂ ਇਕ ਵੀ ਨਹੀਂ ਤਾਂ ਇਹ ਗੁਰੂ ਘਰ ਵਿਚ ਮੁਆਫ਼ੀ ਦਾ ਖ਼ੁਆਸਤਗਾਰ ਹਰਗਿਜ਼ ਨਹੀਂ ਹੋ ਸਕਦਾ। ਜੇ ਮੁਆਫ਼ੀ ਵੀ ਮੰਗਣਾ ਚਾਹੇ ਤਾਂ ਗੁਰੂ ਮੁਆਫ਼ ਨਹੀਂ ਕਰਦਾ। "ਹਰਗਿਜ਼ ਨਾ ਬਾਸ਼ਦ ਈਂ ਪੰਜ ਮੁਆਫ਼।" ਚਾਹੇ ਉਹ ਕਿਤਨੇ ਵੀ ਤਰਲੇ ਕਿਉਂ ਨਾ ਲੈਂਦਾ ਰਹੇ। ਭਾਈ ਨੰਦ ਲਾਲ ਜੀ ਨੇ ਜਿਹੜੀ ਇਹ ਗੱਲ ਆਖੀ ਹੈ, ਉਹ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਆਖੀ

ਏ। ਤੇ ਭਾਈ ਸਾਹਿਬ ਕਹਿ ਰਹੇ ਨੇ ਕਿ ਜੇ ਆਖੋ ਕਿ ਇਹਨਾਂ ਪੰਜਾਂ ਵਿਚੋਂ ਗੁਰੂ ਕੋਈ ਇਕ ਅੱਧ ਮੁਆਫ਼ ਕਰ ਦੇਵੇ, ਤਾਂ ਇਹ ਗੱਲ ਹਰਗਿਜ਼ ਹੀ ਨਹੀਂ ਹੋ ਸਕਦੀ।

ਹੁਣ ਮੈਂ ਤੁਹਾਡੇ ਸਾਹਮਣੇ ਕੁਝ ਰਹਿਤਨਾਮੇ ਰੱਖਾਂ ਤਾਕਿ ਸਿੱਖੀ ਦੇ ਵਿਚ, ਇਸ ਕੌਮ ਦੇ ਵਿਚ ਥਾਂ ਪਰ ਥਾਂ ਜੋ ਦਰਾੜਾਂ ਪੈ ਗਈਆਂ ਨੇ, ਇਹਨਾਂ ਦਰਾੜਾਂ ਨੂੰ ਜੋ ਵਧਾਉਣ ਵਾਲੇ ਆ ਜਾਂਦੇ ਹਨ, ਦਰੁਸਤ ਕਰਨ ਵਾਲੇ ਨਹੀਂ, ਕਿ ਬਈ ਜੇ ਕਿਧਰੇ ਦਰਾੜ ਪੈ ਹੀ ਗਈ ਹੈ, ਤਾਂ ਭਾਈ ਥੋੜ੍ਹਾ ਬਹੁਤ ਗਾਰਾ ਲਾ ਕੇ, ਮੁਰੰਮਤ ਕਰ ਦੇਈਏ, ਪਰ ਮੈਂ ਦੇਖਿਆ ਹੈ ਕਿ ਢਾਹੁਣ ਵਾਲੇ ਹੀ ਆ ਜਾਂਦੇ ਹਨ। ਭਾਈ ਸਾਹਿਬ ਦੇਸਾ ਸਿੰਘ, ਭਾਈ ਸਾਹਿਬ ਚੌਪਾ ਸਿੰਘ, ਇਹ ਵੀ ਸਾਹਿਬਾਂ ਦੇ ਨਿਕਟਵਰਤੀ ਨੇ, ਇਨ੍ਹਾਂ ਨੇ ਵੀ ਰਹਿਤਨਾਮੇ ਲਿਖੇ ਨੇ। ਇਹ ਰਹਿਤਨਾਮੇ 'ਸਰਬ ਲੋਹ ਗ੍ਰੰਥ' ਵਿਚ ਵੀ ਨੇ। ਤੇ ਭਾਈ ਸੰਤੋਖ ਸਿੰਘ ਨੇ ਵੀ ਲਿਖੇ ਨੇ। ਤੇ ਇਨ੍ਹਾਂ ਗ੍ਰੰਥਾਂ ਦੇ ਕੁਝ ਹਵਾਲੇ ਤੁਹਾਡੇ ਸਾਹਮਣੇ ਰੱਖਾਂ ਤਾਕਿ ਸਮਝ ਆ ਸਕੇ ਕਿ ਗੁਰਸਿੱਖੀ ਦੀ ਨਿਸ਼ਾਨੀ ਕੀ ਹੈ, ਸਿੱਖੀ ਦੀ ਬੁਨਿਆਦ ਕੀ ਹੈ ਤੇ ਸਿੱਖ ਕਿਹੜੇ ਅਸੂਲਾਂ 'ਤੇ ਚਲ ਕੇ ਆਪਣੀ ਜ਼ਿੰਦਗੀ ਬਤੀਤ ਕਰੇ ਤੇ ਜਦ ਉਹ ਕਿਸੇ ਵੀ ਅਸੂਲ ਦੀ ਉਲੰਘਣਾ ਕਰਦਾ ਹੈ, ਤੋੜਦਾ ਹੈ ਤਾਂ ਫਿਰ ਉਹ ਕਿਤਨਾ ਦੰਡ ਦਾ ਹੱਕਦਾਰ ਹੈ। ਔਰ ਕਿਸੇ ਹੱਦ ਤਕ ਉਸ ਨੂੰ ਪਤਿਤ ਆਖਿਆ ਗਿਆ ਹੈ।

ਤੁਸੀਂ ਔਖੇ ਹੋਵੋ ਤਾਂ ਮੈਨੂੰ ਇਸ ਗੱਲ ਦੀ ਪ੍ਰਵਾਹ ਨਹੀਂ, ਮੈਂ ਗੁਰੂ ਦੀ ਗੱਲ ਸੁਣਾਉਣ ਵਾਸਤੇ ਤੁਹਾਨੂੰ ਆਇਆ ਹਾਂ। ਤੁਸੀਂ ਸੁਣਨਾ ਚਾਹੋ ਤਾਂ ਠੀਕ ਹੈ, ਨਾ ਸੁਣਨਾ ਚਾਹੋ ਤਾਂ ਮੈਨੂੰ ਸ੍ਰੋਤੇ ਬਥੇਰੇ ਨੇ, ਬਹੁਤ ਸੁਣਨ ਵਾਲੇ ਨੇ। ਜਿਸ ਦਿਨ ਕੋਈ ਨਹੀਂ ਸੁਣੇਗਾ ਉਸ ਦਿਨ ਗੁਰੂ 'ਤੇ ਗਿਲਾ ਕਰਾਂਗਾ ਕਿ ਪਾਤਸ਼ਾਹ ਹੁਣ ਕੋਈ ਨਹੀਂ ਸੁਣਦਾ, ਹੁਣ ਤੇਰੀ ਗੱਲ ਕੋਈ ਨਹੀਂ ਸੁਣਦਾ। ਪਰ ਮੈਨੂੰ ਅਜੇ ਬੜੀ ਇੱਛਾ ਹੈ, ਬੜੀ ਦੁਨੀਆ ਸੁਣਦੀ ਹੈ। ਬੜਿਆਂ ਦੇ ਅੰਦਰ ਗੁਰੂ ਦਾ ਸ਼ੌਕ ਹੈ ਔਰ ਮੈਂ ਆਪਣੇ ਦੇਸ਼ ਤੋਂ ਕਿਸੇ ਹੱਦ ਤਕ ਮਹਿਰੂਮ ਹੈਗਾ ਹੀ ਨਹੀਂ।

ਜ਼ਹਿਰ ਪਿਲਾਣ ਦਾ ਉਪਦੇਸ਼ ਤੇ ਬਹੁਤਾ ਚਲਦਾ ਹੈ, ਅੰਮ੍ਰਿਤ ਛਕਾਉਣ ਦੀ ਗੱਲ ਬਹੁਤ ਘੱਟ ਹੈ। ਉਨ੍ਹਾਂ ਰਹਿਤਨਾਮਿਆਂ ਵਿਚ ਇਹ ਲਿਖਿਆ ਹੈ:

**ਜਿਉਂ ਕਾਹੂੰ ਪੇ ਗਧਾ ਨਿਵ੍ਹਾਇਓ॥**
**ਫੂਲ ਮਾਲ ਤਾਹਿੰ ਮੂੰਡ ਧਰਾਇਓ॥**

ਭਾਈ ਦੇਸਾ ਸਿੰਘ ਜੀ ਕਹਿੰਦੇ ਹਨ ਕਿਸੇ ਖੋਤੇ ਨੂੰ ਸਾਬਣ ਮਲ ਕੇ ਇਸ਼ਨਾਨ ਕਰਾਈਏ ਤੇ ਮਾਲਸ਼ ਕਰ ਛੱਡੀਏ, ਉਹਦੇ ਉੱਤੇ ਸੈਂਟ ਵੀ ਛਿੜਕੀਏ ਤੇ ਫਿਰ

ਉਸ ਦੇ ਗਲ ਵਿਚ ਫੁੱਲਾਂ ਦੀ ਮਾਲਾ ਵੀ ਪਵਾ ਛੱਡੀਏ ਤੇ ਫਿਰ:

**ਤੈਂਕੀ ਕਰ ਤਾਂਕੀ ਸ਼ੋਭਾ ਨਾਹੀ॥**
**ਹਾਸੀ ਹੋਏ ਹੋਤ ਜੱਗ ਮਾਹੀਂ॥**

ਉਹ ਬੰਦਾ ਉਸ ਖੋਤੇ ਨੂੰ ਲੈ ਆਵੇ ਬਾਜ਼ਾਰ ਵਿਚ ਤੇ ਆਖੇ ਦੁਨੀਆ ਮੇਰੀ ਉਪਮਾ ਕਰੇ, ਕਿਉਂਕਿ ਮੈਂ ਖੋਤੇ ਨੂੰ ਇਸ਼ਨਾਨ ਕਰਵਾਇਆ ਹੈ, ਇਹਦੇ 'ਤੇ ਸੈਂਟ ਵੀ ਮਲਿਆ ਹੈ, ਗਲ ਵਿਚ ਫੁੱਲਾਂ ਦਾ ਹਾਰ ਪਾਇਆ ਹੈ, ਤੇ ਹੁਣ ਲੋਕੀਂ ਮੇਰੀ ਤਾਰੀਫ਼ ਕਰਨ, ਕਿਉਂਕਿ ਮੈਂ ਵੱਡਾ ਪਰਉਪਕਾਰ ਕੀਤਾ ਹੈ, ਬਹੁਤ ਵੱਡਾ ਕੰਮ ਕੀਤਾ ਹੈ। ਕਿਸੇ ਉਪਮਾ ਕਰਨੀ ਹੈ? ਨਹੀਂ। ਤਾਂ ਭਾਈ ਸਾਹਿਬ ਅੱਗੇ ਕੁਰਹਿਤੀਆਂ ਨਾਲ ਤੁਲਨਾ ਦੇਂਦੇ ਹਨ:

**ਤਿਨ ਕੁਰਹਿਤੀਅਨ ਕੇਸ ਰਖਾਏ॥**
**ਕਹੁ ਕੈਸੇ ਉਹ ਸੋਭਾ ਪਾਏ॥**

ਸਿਰਫ਼ ਕੇਸ ਨੇ, ਬਾਕੀ ਰਹਿਤ ਨਹੀਂ, ਕਿਸੇ ਤਰ੍ਹਾਂ ਦੀ ਵੀ ਨਹੀਂ। ਭਾਈ ਦੇਸਾ ਸਿੰਘ ਕਹਿੰਦੇ ਨੇ, ਉਹ ਇੰਜ ਹੈ ਜਿਵੇਂ ਕਿਸੇ ਖੋਤੇ ਨੇ ਇਸ਼ਨਾਨ ਕੀਤਾ ਹੈ ਤੇ ਗਲ ਵਿਚ ਫੁੱਲਾਂ ਦੀ ਮਾਲਾ ਪਾਈ ਹੈ। ਹੋਰ ਕੁਝ ਨਹੀਂ। ਹੁਣ ਤੁਸੀਂ ਆਪ ਹੀ ਅੰਦਾਜ਼ਾ ਲਾ ਲਵੋ, ਇਕੱਲੇ ਕੇਸ ਰੱਖ ਕੇ ਉਹ ਕਿਸ ਤਰ੍ਹਾਂ ਸ਼ੋਭਾ ਪਾ ਸਕਦਾ ਹੈ, ਜਿਸ ਨੇ ਅੰਮ੍ਰਿਤ ਨਹੀਂ ਛਕਿਆ। ਕਿਸ ਤਰ੍ਹਾਂ ਉਸ ਖੋਤੇ ਦੀ ਉਪਮਾ ਕੀਤੀ ਜਾਏ?

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਦੋਂ ਹਜ਼ੂਰ ਸਾਹਿਬ ਵਿਚ ਜੋਤੀ ਜੋਤਿ ਸਮਾਉਣ ਲੱਗੇ, ਤਾਂ ਸਿੱਖਾਂ ਨੇ ਬਿਨੈ ਕੀਤੀ, 'ਪਾਤਸ਼ਾਹ ਸਾਨੂੰ ਕਿਸ ਦੇ ਲੜ ਲਾ ਚੱਲੇ ਹੋ, ਸਾਡੀ ਰਹਿਬਰੀ ਕੌਣ ਕਰੇਗਾ? ਸਾਨੂੰ ਕੌਣ ਦੱਸੇਗਾ ਸਮਾਜ ਕੀ ਹੈ? ਧਰਮ ਕੀ ਹੈ? ਰਾਜਨੀਤੀ ਕੀ ਹੈ? ਜੀਵਨ ਦਾ ਢੰਗ, ਰਹਿਣ ਦਾ ਢੰਗ, ਮਰਨ ਦੀ ਜਾਚ ਕੌਣ ਦੱਸੇਗਾ?' ਪਾਤਸ਼ਾਹ ਕਹਿਣ ਲੱਗੇ, 'ਖ਼ਾਲਸਾ ਜੀ, ਮੈਂ ਤੁਹਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਚੱਲਿਆ ਹਾਂ। ਗੁਰੂ ਗ੍ਰੰਥ ਸਾਹਿਬ ਦੱਸਣਗੇ, ਧਰਮ ਕੀ ਹੈ? ਗਿਆਨ ਕੀ ਹੈ? ਸਮਾਜ ਕੀ ਹੈ ਤੇ ਰਾਜਨੀਤੀ ਕੀ ਹੈ?' ਦੱਸਣਗੇ। ਅਜੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨਾਲ ਸੰਬੰਧ ਨਹੀਂ ਜੋੜਿਆ। ਜਿਸ ਦਿਨ ਜੋੜਾਂਗੇ, ਗੁਰੂ ਸਭ ਦੱਸੇਗਾ ਤੇ ਗੱਲ ਸਾਰੀ ਸੰਬੰਧ ਦੀ ਹੁੰਦੀ ਹੈ। ਸਿੱਖ ਸਿਆਣੇ ਬੜੇ ਹਨ, ਕਿਉਂਕਿ ਕਾਫ਼ੀ ਸਮਾਂ ਹੋ ਗਿਆ ਸੀ ਗੁਰੂ ਦੀ ਸੰਗਤ ਕਰਦਿਆਂ, ਗੁਰੂ ਦੇ ਬਚਨ ਸੁਣਦਿਆਂ, ਆਖਣ ਲੱਗੇ, 'ਪਾਤਸ਼ਾਹ, ਗੁਰੂ ਗ੍ਰੰਥ

ਸਾਹਿਬ ਤੁਹਾਡੀ ਆਤਮਾ ਹੈ। ਤੁਹਾਡੇ ਵੀਚਾਰ ਨੇ, ਤੁਹਾਡੇ ਖ਼ਿਆਲ ਨੇ। ਇਹ ਠੀਕ ਹੈ, ਤੁਸੀਂ ਆਪਣੇ ਵਿਚਾਰਾਂ ਨਾਲ ਆਪਣੇ ਖ਼ਿਆਲਾਂ ਨਾਲ ਸਾਨੂੰ ਜੋੜਿਆ ਹੈ, ਲੇਕਿਨ ਜੇ ਕਿਸੇ ਵਕਤ ਸਾਡਾ ਮਨ ਐਸਾ ਕਰ ਆਵੇ, ਕਿ ਤੁਹਾਡਾ ਤਨ ਵੇਖਣਾ ਹੈ, ਇਹ ਜਿਹੜਾ ਪੰਜ ਭੂਤਕ ਸਰੀਰ ਹੈ, ਐਸਾ ਸੁਹਣਾ ਤਨ ਜਿਸ 'ਚੋਂ ਇਤਨੇ ਸੁਹਣੇ ਉਪਦੇਸ਼ ਨਿਕਲੇ ਨੇ, ਜਿਸ ਤਨ ਨੇ ਇਤਨਾ ਵੱਡਾ ਪਰਉਪਕਾਰ ਕੀਤਾ ਹੈ, ਜਿਸ ਤਨ ਨੇ ਸਾਨੂੰ ਬਣਾਇਆ ਹੈ ਤੇ ਸਿਰਜਿਆ ਹੈ। ਕਦੀ ਸਾਡਾ ਦਿਲ ਕਰ ਆਵੇ, ਇਸ ਤਨ ਦੇ ਦਰਸ਼ਨ ਕਰਨੇ ਹਨ, ਫਿਰ ਕੀ ਕਰੀਏ ? ਫਿਰ ਆਪਣੀ ਦਿਲੀ ਪਿਆਸ ਕਿਵੇਂ ਬੁਝਾਵਾਂਗੇ ?' ਤਾਂ ਮਹਾਰਾਜ ਜੀ ਨੇ ਜੋ ਉਥੇ ਜਵਾਬ ਦਿਤਾ ਹੈ, ਉਹ 'ਸਰਬ ਲੋਹ ਗ੍ਰੰਥ' ਵਿਚ ਦਰਜ ਹੈ। ਇਸ ਗ੍ਰੰਥ ਦਾ ਹਵਾਲਾ ਤੁਹਾਡੇ ਅੱਗੇ ਰੱਖ ਰਿਹਾ ਹਾਂ। ਔਰ ਮੇਰੇ ਅੰਦਰੋਂ ਇੱਛਾ ਇਹ ਹੈ ਕਿ ਤੁਹਾਡਾ ਮਨ ਮੰਨ ਜਾਵੇ, ਤੁਹਾਡੀ ਆਤਮਾ ਮੰਨ ਜਾਵੇ, ਬੱਸ ਇੰਨੀ ਗੱਲ ਹੈ। ਹੋਰ ਮੇਰਾ ਤੁਹਾਡੇ ਨਾਲ ਕਿਸੇ ਤਰੀਕੇ ਦਾ ਵੀ ਲਾਲਚ ਨਹੀਂ। ਇਤਨਾ ਲਾਲਚ ਜ਼ਰੂਰ ਹੈ ਕਿ ਜੋ ਕੁਛ ਆਖ ਰਿਹਾ ਹਾਂ ਤੁਹਾਡੇ ਹਿਰਦੇ ਤਕ ਪਹੁੰਚ ਜਾਵੇ, ਤੁਹਾਡੇ ਹਿਰਦੇ ਨੂੰ ਅਪੀਲ ਕਰ ਜਾਵੇ। ਖ਼ੈਰ, ਉਥੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਸਿੱਖਾਂ ਦੇ ਸਾਹਮਣੇ ਫ਼ੁਰਮਾਨ ਕਰ ਰਹੇ ਹਨ, ਸਾਹਿਬ ਆਖ਼ਰੀ ਦਮਾਂ 'ਤੇ ਨੇ, ਵਿਛੋੜਾ ਹਮੇਸ਼ਾ ਵਾਸਤੇ ਹੋ ਜਾਣਾ ਹੈ ਤੇ ਸਿੱਖ ਬਿਨੈ ਕਰ ਰਹੇ ਹਨ, 'ਪਾਤਸ਼ਾਹ, ਸਾਨੂੰ ਕਿਸ ਦੇ ਲੜ ਲਾ ਚੱਲੇ ਹੋ ? ਕੌਣ ਸਾਡੀ ਰਹਿਬਰੀ ਕਰੇਗਾ ?' ਹਾਲਾਂ ਕਿ ਰਸਮਨ ਤੌਰ 'ਤੇ ਗੱਦੀ ਗੁਰੂ ਗ੍ਰੰਥ ਸਾਹਿਬ ਨੂੰ, ਮਹਾਰਾਜ ਨੇ ਉਥੇ ਕੇਸਰ ਦੇ ਛਿੱਟੇ ਦੇ ਕੇ ਦਿੱਤੀ ਹੈ। ਗੁਰੂ ਗ੍ਰੰਥ ਸਾਹਿਬ ਤਕ ਸਿੱਖ ਨੂੰ ਪਹੁੰਚਾਣਾ ਸੀ, ਸ਼ਬਦ ਦੇ ਨਾਲ ਜੋੜਨਾ ਸੀ ਤੇ ਸ਼ਬਦ ਦੇ ਨਾਲ ਜੋੜਨ ਵਾਸਤੇ ਬੜੀ ਮਿਹਨਤ ਚਾਹੀਦੀ ਸੀ। ਤੇ ਦਸੋਂ ਗੁਰੂ ਸਾਹਿਬਾਨ ਨੇ ਬੜੀ ਮਿਹਨਤ ਕੀਤੀ ਅਤੇ ਸ਼ਬਦ ਤੱਕ ਸਿਖ ਦੀ ਰੂਹ ਨੂੰ ਪਹੁੰਚਾਇਆ ਤੇ ਅੰਤ 'ਤੇ ਕਹਿ ਦਿਤਾ 'ਸ਼ਬਦ ਗੁਰੂ ਹੈ', ਮਹਾਰਾਜ ਕਹਿਣ ਲੱਗੇ, 'ਮੈਂ ਤੁਹਾਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਚੱਲਿਆ ਹਾਂ। ਇਹ ਦੱਸਣਗੇ ਸਮਾਜ ਕੀ ਹੈ ? ਸਮਾਜ ਦੇ ਨਿਯਮ ਕੀ ਨੇ ? ਧਰਮ ਦੇ ਨਿਯਮ ਕੀ ਨੇ ਤੇ ਰਾਜਨੀਤੀ ਦੇ ਅਸੂਲ ਕੀ ਨੇ ?' ਪਰ ਸਿੱਖ ਕਹਿੰਦੇ, 'ਪਾਤਸ਼ਾਹ ! ਇਹ ਤੇ ਠੀਕ ਹੈ ਰਹਿਬਰੀ ਗੁਰੂ ਗ੍ਰੰਥ ਸਾਹਿਬ ਜੀ ਕਰਨਗੇ, ਔਰ ਹਰ ਸਵਾਲ ਦਾ ਜਵਾਬ ਵੀ ਮਿਲ ਜਾਵੇਗਾ। ਲੇਕਿਨ ਸਵਾਲ ਇਹ ਹੈ ਕਿ ਜੇ ਕਦੇ ਸਾਡਾ ਦਿਲ ਕਰੇ ਤੁਹਾਡਾ ਤਨ ਵੇਖਣਾ ਹੈ, ਇਹ ਪਾਵਨ ਤਨ, ਇਹ ਪਵਿੱਤਰ ਤਨ, ਇਤਨਾ ਸੁੰਦਰ ਤਨ ਜਿਸ ਵਿਚੋਂ ਇਤਨੇ ਮਹਾਨ ਉਪਦੇਸ਼ ਤੇ ਜੀਵਨ ਦੀਆਂ

ਗੱਲਾਂ ਨਿਕਲੀਆਂ ਹਨ ਤੇ ਫਿਰ ਕੀ ਕਰੀਏ ?'

ਕਹਿੰਦੇ ਨੇ ਸੱਨਾਟਾ ਛਾ ਗਿਆ, ਸਾਹਿਬ ਖ਼ਾਮੋਸ਼ ਨੇ, ਸਿੱਖ ਹੱਥ ਜੋੜ ਕੇ ਖੜੇ ਨੇ, ਕਾਫ਼ੀ ਸਮੇਂ ਬਾਅਦ ਸਾਹਿਬਾਂ ਨੇ ਆਪਣੇ ਹੋਂਠ ਹਿਲਾਏ ਤੇ ਜਿਹੜਾ ਉਪਦੇਸ਼ ਦਿਤਾ, ਉਹ ਇਹ ਹੈ :

**ਸਿੱਖ ਸੋ ਰਹਿਤ ਪੰਚ ਜੋ ਮਿਲੈ ਹੈਂ॥**
**ਮਮ ਸਰੂਪ ਸੋ ਜਾਨੋ ਭਲੈ ਹੈਂ॥**
**ਸਿੱਖ ਪੰਚੋਂ ਮਹਿ ਮੇਰੋ ਵਾਸਾ॥**
**ਪੂਰਨ ਕਰੋ ਧਰੋ ਜਿਹ ਆਸਾ॥**

ਆਪ ਕਹਿਣ ਲੱਗੇ, 'ਪੰਜ ਪੂਰਨ ਰਹਿਤ ਵਾਲੇ ਸਿੰਘ ਹੋਵਣ, ਜਿਨ੍ਹਾਂ ਦੇ ਤਨ 'ਤੇ ਪੰਜ ਕਕਾਰ ਹੋਵਣ, ਜਿਨ੍ਹਾਂ ਦੇ ਮਨ 'ਤੇ ਹਿਰਦੇ ਵਿਚ ਬਾਣੀ ਦਾ ਰਸ ਹੋਵੇ, ਜਿਨ੍ਹਾਂ ਦੀ ਜ਼ਬਾਨ 'ਤੇ ਮੂਲ-ਮੰਤਰ ਤੇ ਗੁਰ-ਮੰਤਰ ਦਾ ਜਾਪ ਹੋਵੇ, ਐਸੇ ਪੰਜਾਂ ਦੇ ਕਿਸੇ ਥਾਂ 'ਤੇ ਵੀ ਦਰਸ਼ਨ ਹੋ ਜਾਣ ਤੇ ਸਾਹਿਬ ਕਹਿੰਦੇ, ਸਮਝ ਲੈਣਾ, ਮੇਰੇ ਹੀ ਦਰਸ਼ਨ ਨੇ, ਅੱਜ ਮੈਂ ਹੀ ਮਿਲਿਆ ਹਾਂ। ਇਹਨਾਂ ਪੰਜਾਂ ਦੇ ਰਾਹੀਂ ਮੈਂ ਤੈਨੂੰ ਮਿਲਿਆ ਹਾਂ।'

ਮੈਂ ਹੈਰਾਨ ਹੋ ਜਾਂਦਾ ਹਾਂ। ਗੁਰਦਵਾਰੇ ਲੱਭਣੇ ਹੋਣ ਤਾਂ ਇਕ ਸ਼ਹਿਰ ਵਿਚ ਦਸ ਵੀ ਮਿਲ ਜਾਂਦੇ ਹਨ ਤੇ ਐਸੇ ਸਿੱਖ ਪੰਜ ਵੀ ਲੱਭਣੇ ਹੋਵਣ, ਬੜੀ ਮੁਸ਼ਕਲ ਹੋ ਜਾਂਦੀ ਹੈ। ਗੱਲ ਬਹੁਤ ਔਖੀ ਹੈ। ਹੁਣ ਪੁੱਛਿਆ ਜਾ ਸਕਦਾ ਹੈ ਆਖ਼ਰ ਗੁਰਦਵਾਰੇ ਹੈਣ ਕਿਸ ਵਾਸਤੇ ? ਇਹ ਤੇ ਟਕਸਾਲ ਹੈ, ਜਿਥੇ ਸਿੱਖੀ ਦਾ ਮੁਜੱਸਮਾ ਘੜਨਾ ਹੈ, ਸਿੱਖੀ ਦਾ ਮੁਜੱਸਮਾ ਤੋੜਨਾ ਨਹੀਂ ਹੈ। ਇਥੇ ਉਹ ਗਰੁੱਪ ਘੜਨੇ ਨੇ ਜਿਨ੍ਹਾਂ ਨੂੰ ਵੇਖਦਿਆਂ ਹੀ ਗੁਰੂ ਦੀ ਪ੍ਰਸੰਨਤਾ ਲਈ ਜਾ ਸਕੇ। ਔਰ ਅਸੀਂ ਵੇਖਦੇ ਹਾਂ ਗੁਰੂ ਇਸ ਗਰੁੱਪ 'ਤੇ ਬਹੁਤ ਪ੍ਰਸੰਨ ਹੁੰਦੇ ਸਨ। ਤਦੇ ਤੇ ਕਹਿ ਦਿਤਾ ਸੀ :

**ਖਾਲਸਾ ਮੇਰੋ ਰੂਪ ਹੈ ਖਾਸ॥**
**ਖਾਲਸੇ ਮਹਿ ਹਉ ਕਰਉ ਨਿਵਾਸ॥**

ਇਕ ਥਾਂ 'ਤੇ ਇਤਨਾ ਮਾਣ ਬਖ਼ਸ਼ਿਆ ਹੈ ਕਿ ਹੱਦ ਹੀ ਕਰ ਦਿੱਤੀ ਹੈ, ਮਹਾਰਾਜ ਕਹਿੰਦੇ ਨੇ :

**ਸੇਵ ਕਰੀ ਇਨਹੀ ਕੀ ਭਾਵਤ,**
**ਔਰ ਕੀ ਸੇਵ ਸੁਹਾਤ ਨ ਜੀਅ ਕੋ॥**

ਇਹ ਜਿਹੜੇ ਸਿੱਖ ਨੇ, ਜਿਨ੍ਹਾਂ ਦੇ ਤਨ 'ਤੇ ਪੰਜ ਰਹਿਤਾਂ ਨੇ, ਜਿਨ੍ਹਾਂ ਦੇ ਮਨ ਵਿਚ ਬਾਣੀ ਦਾ ਰਸ ਹੈ, ਜਿਨ੍ਹਾਂ ਦੀ ਜ਼ਬਾਨ 'ਤੇ ਮੂਲ ਮੰਤਰ ਦਾ ਜਾਪ ਹੈ, ਮਹਾਰਾਜ ਕਹਿੰਦੇ ਨੇ ਇਨ੍ਹਾਂ ਦੀ ਸੇਵਾ ਕਰ ਕੇ ਮੈਂ ਬੜਾ ਖ਼ੁਸ਼ ਹੁੰਦਾ ਹਾਂ। ਹੋਰ ਕਿਸੇ ਦੀ ਸੇਵਾ ਕਰਨਾ ਨਹੀਂ ਚਾਹੁੰਦਾ। ਮੈਨੂੰ ਚੰਗੀ ਨਹੀਂ ਲੱਗਦੀ :

**ਸੇਵ ਕਰੀ ਇਨ ਹੀ ਕੀ ਭਾਵਤ, ਔਰ ਕੀ ਸੇਵ ਸੁਹਾਤ ਨ ਜੀਅ ਕੋ ॥**
**ਦਾਨ ਦੀਓ ਇਨ ਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ ॥**

ਪੁੱਤਰ ਵਾਰ ਦਿਤੇ, ਪਿਤਾ ਕੁਰਬਾਨ ਕੀਤਾ, ਤੇ ਆਪਣੇ ਆਪ ਨੂੰ ਵੀ ਹੁਣ ਨਿਛਾਵਰ ਕਰ ਰਹੇ ਨੇ। ਇਹ ਹੈ ਮਹਾਂਦਾਨ ਜੋ ਸਤਿਗੁਰੂ ਨੇ ਸਾਡੀ ਝੋਲੀ ਵਿਚ ਪਾਇਆ ਹੈ। ਖ਼ੈਰ, ਹੁਣ ਇਥੇ ਸ਼ੰਕਾ ਜਾਗ ਪਵੇ ਪਾਤਸ਼ਾਹ! ਇਹ ਕਿਧਰੇ ਅਤਿ ਕਥਨੀ ਤੇ ਨਹੀਂ, ਭਾਵ ਗੱਲ ਵਧਾ ਕੇ ਤੇ ਨਹੀਂ ਕੀਤੀ। ਪਾਤਸ਼ਾਹ! ਇਹ ਜਿਹੜਾ ਤੁਸੀਂ ਕਹਿ ਰਹੇ ਹੋ ਕਿ :

**ਖਾਲਸਾ ਮੇਰੋ ਰੂਪ ਹੈ ਖਾਸ ॥**
**ਖਾਲਸੇ ਮਹਿ ਹਉ ਕਰਉ ਨਿਵਾਸ ॥**

ਇਹ ਮੇਰਾ ਆਪਣਾ ਹੀ ਰੂਪ ਹੈ, ਇਨ੍ਹਾਂ ਦੀ ਸੇਵਾ ਕਰ ਕੇ ਮੈਂ ਖ਼ੁਸ਼ ਹੁੰਦਾ ਹਾਂ। ਇਨ੍ਹਾਂ ਨੇ ਮੈਨੂੰ ਸਜਾਇਆ ਹੈ, ਨਹੀਂ ਤਾਂ ਮੇਰੇ ਵਰਗੇ ਕਈ ਕਰੋੜਾਂ ਫਿਰਦੇ ਨੇ :

**ਇਨ ਹੀ ਕੀ ਕਿਰਪਾ ਕੇ ਸਜੇ ਹਮ ਹੈਂ,**
**ਨਹੀ ਮੌ ਸੇ ਗਰੀਬ ਕਰੋਰ ਪਰੇ ॥**

ਪਾਤਸ਼ਾਹ! ਇਹ ਜਿਹੜੀਆਂ ਗੱਲਾਂ ਤੁਸੀਂ ਆਖ ਰਹੇ ਹੋ, ਕਿਤੇ ਅਤਿਕਥਨੀ ਤੇ ਨਹੀਂ ? ਜਾਪਦਾ ਹੈ ਕਿਧਰੇ ਕਿਸੇ ਸਿੱਖ ਨੇ ਜ਼ਰੂਰ ਸ਼ੰਕਾ ਕੀਤੀ ਹੈ। ਕਿਸੇ ਸਿੱਖ ਨੇ ਜ਼ਰੂਰ ਇਹ ਤਰਕ ਕੀਤੀ ਹੈ ਕਿ 'ਪਾਤਸ਼ਾਹ ਕਿਤੇ ਇਹ ਗੱਲ ਵਧਾ ਕੇ ਤੇ ਨਹੀਂ ਬਿਆਨ ਕੀਤੀ ਜਾ ਰਹੀ। ਕਿਧਰੇ ਸਾਡੀ ਸਿੱਖਾਂ ਦੀ ਖ਼ੁਸ਼ਾਮਦ ਤੇ ਨਹੀਂ ਕਰ ਰਹੇ।' ਉਥੇ ਸਾਹਿਬ ਕਸਮ ਚੁਕਦੇ ਹਨ, ਜ਼ਿੰਦਗੀ ਵਿਚ ਗੁਰੂ ਨੇ ਪਹਿਲੀ ਦਫ਼ਾ ਕਸਮ ਚੁਕੀ ਹੈ :

**ਯਾ ਮਹਿ ਰੰਚ ਨਾ ਮਿਥਿਆ ਭਾਖੀ ॥**
**ਪਾਰਬ੍ਰਹਮ ਗੁਰੂ ਨਾਨਕ ਸਾਖੀ ॥**

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ, ਮੈਂ ਪਾਰਬ੍ਰਹਮ ਗੁਰੂ ਨਾਨਕ ਦੀ ਕਸਮ ਖਾ ਕੇ ਕਹਿੰਦਾ ਹਾਂ, ਗੁਰੂ ਨਾਨਕ ਨੂੰ ਸਾਖੀ ਕਰ ਕੇ ਕਹਿੰਦਾ ਹਾਂ ਕਿ 'ਮੇਰੇ ਖ਼ਾਲਸਾ!

ਮੇਰੇ ਵਿਚ ਤੇ ਤੇਰੇ ਵਿਚ ਕੋਈ ਭੇਦ ਨਹੀਂ, ਤੂੰ ਮੇਰਾ ਰੂਪ ਹੈਂ, ਮੈਂ ਤੇਰਾ ਰੂਪ। ਇਤਨਾ ਵੱਡਾ ਮਾਣ ਉਸ ਸਤਿਗੁਰੂ ਨੇ ਸਾਨੂੰ ਬਖ਼ਸ਼ਿਆ ਹੈ, ਇਤਨੀ ਵੱਡੀ ਕਰਾਮਾਤ ਉਸ ਨੇ ਸਾਨੂੰ ਦਿੱਤੀ ਹੈ, ਆਪਣਾ ਸਰੂਪ ਦਿੱਤਾ ਹੈ, ਆਪਣੀ ਆਤਮਾ ਦਿੱਤੀ ਹੈ, ਆਪਣੇ ਵਿਚਾਰ ਦਿੱਤੇ ਨੇ। ਜੋ ਕੁਛ ਵੀ ਸੀ ਮਨ ਕਰ ਕੇ, ਤਨ ਕਰ ਕੇ, ਧਨ ਕਰ ਕੇ, ਸਭ ਕੁਝ ਗੁਰੂ ਨੇ ਸਾਡੀ ਝੋਲੀ ਵਿਚ ਪਾ ਦਿੱਤਾ ਹੈ।

ਅੱਜ ਜਦ ਸਿੱਖ ਕਹਿ ਰਹੇ ਨੇ, 'ਪਾਤਸ਼ਾਹ! ਤੁਸੀਂ ਸਾਨੂੰ ਕਿਸ ਦੇ ਲੜ ਲਾ ਚੱਲੇ ਹੋ', ਤੇ ਸਾਹਿਬ ਦੱਸਦੇ ਪਏ ਨੇ, ਮੈਂ ਤੁਹਾਨੂੰ ਨਿਆਸਰਾ ਨਹੀਂ ਛੱਡ ਕੇ ਜਾ ਰਿਹਾ। ਯਤੀਮ ਤੇ ਬੇਆਸਰਾ ਨਹੀਂ ਛੱਡ ਕੇ ਜਾ ਰਿਹਾ, ਗੁਰੂ ਗ੍ਰੰਥ ਸਾਹਿਬ ਨਾਲ ਜੋੜ ਕੇ ਜਾ ਰਿਹਾ ਹਾਂ। ਇਹ ਰਹਿਬਰੀ ਕਰਨਗੇ ਤੁਹਾਡੀ, ਜੁਗੋ ਜੁਗ ਅਟੱਲ ਕਰਨਗੇ, ਹਰ ਥਾਂ 'ਤੇ ਕਰਨਗੇ। ਇਹ ਸਰੀਰ ਹਰ ਥਾਂ 'ਤੇ ਨਹੀਂ ਪ੍ਰਗਟ ਹੋ ਸਕਦਾ, ਬਾਣੀ ਹਰ ਥਾਂ 'ਤੇ ਪ੍ਰਗਟ ਹੋਵੇਗੀ। ਸ਼ਬਦ ਹਰ ਥਾਂ ਤੇ ਰਖਸ਼ਾ ਕਰੇਗਾ। ਲੇਕਿਨ ਸਿੱਖ ਸਿਆਣੇ ਬੜੇ ਨੇ, ਕਹਿੰਦੇ ਨੇ, 'ਪਾਤਸ਼ਾਹ, ਤੁਹਾਡਾ ਤਨ ਵੀ ਤੇ ਬੜਾ ਕੀਮਤੀ ਏ, ਇਸ ਦੇ ਦਰਸ਼ਨ ਕਰਨ ਦੀ ਤਮੰਨਾ ਜਾਗੀ ਤੇ ਫਿਰ ?' ਤੇ ਉਸ ਵਕਤ ਸਿੱਖਾਂ ਦਾ ਨਿਢਾਲ ਹੋਣਾ ਕੁਦਰਤੀ ਸੀ, ਜਿਸ ਦੇ ਆਸਰੇ 'ਤੇ ਮਾਣ ਕਰਦੇ ਸਨ ਸਿੱਖ ਤੇ ਜਿਸ ਦੀ ਕਮਾਨ ਹੇਠਾਂ ਇਹ ਸਿੱਖ ਲੜਦੇ ਸਨ, ਉਹ ਪਾਵਨ ਸਰੀਰ ਜਾ ਰਿਹਾ ਹੈ। ਉਸ ਤੋਂ ਵਿਛੋੜਾ ਹੋ ਰਿਹਾ ਹੈ। ਤੇ ਮਹਾਰਾਜ ਕਹਿ ਰਹੇ ਨੇ :

**ਸਿੱਖ ਸੋ ਰਹਿਤ ਪੰਚ ਜੋ ਮਿਲੇ ਹੈਂ।**
**ਮਮ ਸਰੂਪ ਸੋ ਜਾਨੋ ਭਲੈ ਹੈਂ।**

ਮੇਰਾ ਹੀ ਸਰੂਪ ਜਾਣਨਾ, ਜੇ ਕਿਧਰੇ ਹੀ ਰਹਿਤ ਵਾਲੇ ਸਿੱਖ ਮਿਲ ਜਾਣ, ਰੰਚਕ ਮਾਤਰ ਵੀ ਸ਼ੰਕਾ ਨਹੀਂ ਕਰਨੀ :

**ਸਿੱਖ ਪੰਚੋ ਮੈਂ ਮੇਰੋ ਵਾਸਾ। ਪੂਰਨ ਕਰੋ ਧਰੋ ਜਿਹ ਆਸਾ।**
**ਖਾਲਸਾ ਗੁਰੂ ਹੈ, ਗੁਰੂ ਖਾਲਸਾ ਕਰੋਂ ਮੈਂ ਅਬ,**
**ਜੈਸੇ ਗੁਰੂ ਨਾਨਕ ਜੀ ਅੰਗਦ ਕੋ ਕੀਨਿਓ।**
**ਸ਼ੰਕਾ ਨਾ ਕੀਜੇ, ਸਾਵਧਾਨ ਹੋਇ ਦੀਜੇ,**
**ਅਬ ਅੰਮ੍ਰਿਤ ਛਕਾਓ, ਜੈਸੇ ਤੁਮ ਲੀਨਿਓ।**

ਜਿਸ ਦਿਨ ਅੰਮ੍ਰਿਤ ਛਕਾਇਆ ਹੈ, ਉਸ ਦਿਨ ਪਤਾ ਹੈ ਸਾਹਿਬ ਨੇ ਕੀ ਬਚਨ ਆਖੇ ਨੇ, ਮੈਂ ਤੁਹਾਡਾ ਗੁਰੂ, ਪਰ ਹੁਣ ਤੁਸੀਂ ਮੇਰੇ ਗੁਰੂ, ਕਿਉਂਕਿ ਜੇ ਤੁਸੀਂ ਸਿੱਖ ਬਣੇ ਰਹੇ ਤੇ ਮੈਂ ਗੁਰੂ ਬਣਿਆ ਰਿਹਾ ਤੇ ਫਿਰ ਬਰਾਬਰੀ ਤੇ ਨਾ ਹੋਈ ਤੇ

ਬਾਬਾ ਨਾਨਕ ਨੇ ਉਸ ਸਿੱਖ ਦੀ ਬੁਨਿਆਦ ਰੱਖੀ ਏ, ਜਿਥੇ ਬਰਾਬਰੀ ਹੋ ਜਾਏ। ਆਪ ਨੂੰ ਪਤਾ ਹੋਵੇ, ਗੁਰੂ ਗ੍ਰੰਥ ਤੇ ਗੁਰੂ ਪੰਥ ਦੋ ਗੁਰੂ ਨੇ ਸਾਡੇ। ਗੁਰੂ ਪੰਥ—ਉਹ ਸਿੱਖ ਉਹ ਖ਼ਾਲਸਾ, ਜੋ ਗੁਰੂ ਗ੍ਰੰਥ ਦੀ ਤਾਬਿਆ ਆਪਣੀ ਜ਼ਿੰਦਗੀ ਬਤੀਤ ਕਰਦੇ ਨੇ ਤੇ ਉਹਨਾਂ ਦਾ ਜੀਵਨ ਗੁਰੂ ਗ੍ਰੰਥ ਸਾਹਿਬ 'ਤੇ ਪੂਰਾ ਉਤਰਦਾ ਹੋਵੇ, ਉਸ ਨੂੰ ਕਹਿੰਦੇ ਨੇ—ਗੁਰੂ ਪੰਥ। ਉਹਨਾਂ ਦਾ ਬਚਨ, ਗੁਰੂ ਦਾ ਬਚਨ ਹੁੰਦਾ ਹੈ। ਇਸ ਵਾਸਤੇ ਸਿੱਖ ਜਗਤ ਵਿਚ ਪੰਜ ਪਿਆਰਿਆਂ ਦੀ ਗੱਲ ਝੁਠਲਾਈ ਨਹੀਂ ਜਾਂਦੀ, ਰੱਦ ਨਹੀਂ ਕੀਤੀ ਜਾ ਸਕਦੀ, ਇਹ ਗੁਰੂ ਪੰਥ ਦਾ ਫ਼ੈਸਲਾ ਹੈ। ਗੁਰੂ ਪੰਥ ਦੀ ਗੱਲ ਹੈ। ਸਿੱਖ ਰਹਿਤ ਮਰਯਾਦਾ ਦਾ ਖਰੜਾ ਬਾਕਾਇਦਾ ਗੁਰੂ ਪੰਥ ਨੇ ਬਣਾਇਆ ਹੈ। ਕੋਈ ਵੀ ਬੰਦਾ ਇਸ ਦਾ ਖੰਡਨ ਕਰਦਾ ਹੈ ਤੇ ਸਮਝੋ ਉਹ ਗੁਰੂ ਦੀ ਗੱਲ ਨੂੰ ਇਕ ਪਾਸੇ ਰੱਖਦਾ ਹੈ। ਗੁਰੂ ਗੋਬਿੰਦ ਸਿੰਘ ਦਾ ਉਹ ਕਿਵੇਂ ਸਿੱਖ ਹੋ ਸਕਦਾ ਹੈ ? ਗੁਰੂ ਨਾਨਕ ਦੇਵ ਜੀ ਦਾ ਸਿੱਖ ਉਹ ਕਿਵੇਂ ਹੋ ਸਕਦਾ ਹੈ ? ਗੁਰੂ ਗ੍ਰੰਥ ਸਾਹਿਬ ਦਾ ਸਿੱਖ ਉਹ ਕਿਵੇਂ ਹੋ ਸਕਦਾ ਹੈ ? ਜਿਹੜਾ ਗੁਰੂ ਪੰਥ ਦੇ ਬਣਾਏ ਖਰੜੇ ਦੀਆਂ ਹੀ ਧੱਜੀਆਂ ਉਡਾ ਕੇ ਰੱਖ ਦੇਵੇ। ਖ਼ੈਰ !

ਇਕ ਹੋਰ ਖ਼ਿਆਲ ਸਿੱਖ ਜਗਤ ਵਿਚ ਤੁਰਕ-ਬਾਜ਼ਾਂ ਵਲੋਂ ਪ੍ਰਚੱਲਤ ਹੈ, ਉਹ ਇਹ ਕਿ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਦੇ ਸਿਰ ਝਟਕੇ ਸਨ ਕਿ ਬਕਰਿਆਂ ਦੇ ਸਿਰ ਝਟਕੇ ਸਨ ? ਕੁਝ ਕੁ ਸੱਜਣਾਂ ਨੇ ਮੈਨੂੰ ਵੀ ਇਸ ਘੇਰੇ ਵਿਚ ਲੈ ਲਿਆ ਤੇ ਕਹਿਣ ਲੱਗੇ, 'ਮਸਕੀਨ ਜੀ, ਤੁਹਾਡੇ ਖ਼ਿਆਲ ਅੱਜ ਜ਼ਰੂਰ ਲੈਣੇ ਨੇ ?' ਮੈਂ ਕਿਹਾ, 'ਇਸ ਗੱਲ ਤੇ ਗੁਰੂ ਨੇ ਪਰਦਾ ਪਾਇਆ, ਸਿੱਖ ਦਾ ਫ਼ਰਜ਼ ਨਹੀਂ ਕਿ ਪਰਦੇ ਨੂੰ ਲਾਹੇ, ਪਰਦੇ ਨੂੰ ਚੁੱਕੇ। ਇਹ ਕੰਮ ਗੁਰੂ ਨੇ ਪਰਦੇ 'ਚ ਕੀਤਾ ਹੈ, ਜੋ ਵੀ ਕੀਤਾ ਹੈ, ਠੀਕ ਕੀਤਾ ਹੈ। ਬਾਕੀ ਸ਼ਰੇਆਮ ਤੇ ਗੁਰੂ ਨੇ ਸੀਸ ਮੰਗੇ, ਤੇ ਇਥੇ ਹੀ ਦ੍ਰਿੜ੍ਹਤਾ ਰਖਣੀ ਚਾਹੀਦੀ ਹੈ। ਬਕਰੇ ਦੇ ਸੀਸ ਨਹੀਂ ਮੰਗੇ, ਮਨੁੱਖ ਦਾ ਸੀਸ ਮੰਗਿਆ ਸੀ। ਬਕਰੇ ਦਾ ਸੀਸ ਮੰਗਿਆ ਹੁੰਦਾ ਤਾਂ ਬਕਰਿਆਂ ਦੇ ਇਕੱਠ ਵਿਚ ਕਹਿ ਦੇਂਦੇ ਕਿ ਤੁਹਾਡੇ ਸੀਸ ਚਾਹੀਦੇ ਹਨ।' ਮਨੁੱਖਾਂ ਦੇ ਇਕੱਠ ਵਿਚ ਕਿਹਾ ਹੈ ਕਿ 'ਐ ਸਿੱਖੋ ! ਮੈਨੂੰ ਅੱਜ ਇਕ ਸਿੱਖ ਦੇ ਸਿਰ ਦੀ ਲੋੜ ਹੈ।' ਜਿਥੇ ਵੀਚਾਰ ਐਸੇ ਆਵਣ, ਕਿ ਗੁਰੂ ਬਾਰੇ ਅਸ਼ਰਧਕ ਕਰ ਦੇਣ, ਐਸੇ ਵਿਚਾਰਾਂ ਨੂੰ ਇਕ ਪਾਸੇ ਰੱਖ ਦੇਣਾ ਚਾਹੀਦਾ ਹੈ। ਐਸੇ ਵਿਚਾਰਾਂ ਦੀ ਸਿੱਖ ਨੂੰ ਲੋੜ ਹੀ ਨਹੀਂ ਜੋ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜਨ, ਗੁਰੂ ਨਾਲੋਂ ਤੋੜਨ। ਤੇ ਸਾਹਿਬ ਆਪ ਮਾਣ ਬਖ਼ਸ਼ਦੇ ਪਏ ਨੇ ਕਿ ਅੱਜ ਤੋਂ ਬਾਅਦ ਗੁਰੂ ਗ੍ਰੰਥ ਤੇ ਗੁਰੂ ਪੰਥ ਰਹਿਨੁਮਾਈ ਕਰਨਗੇ, ਕੌਮ ਦੀ।

ਖ਼ੈਰ, ਮੈਂ ਵਾਪਸ ਉਸੇ ਮਜ਼ਮੂਨ ਨੂੰ ਲਵਾਂ। ਤੇ ਸਾਹਿਬ ਕਹਿੰਦੇ ਹਨ, 'ਐਸੇ ਪੰਜ ਸਿੱਖ ਜਿਨ੍ਹਾਂ ਦੀ ਰਸਨਾ 'ਤੇ ਮੂਲ-ਮੰਤਰ ਦਾ ਜਾਪ ਹੋਵੇ, ਹਿਰਦੇ ਵਿਚ ਵਾਹਿਗੁਰੂ ਦਾ ਵਾਸਾ ਹੋਵੇ ਤੇ ਤਨ 'ਤੇ ਪੰਜ ਕਕਾਰ ਸਜਾਏ ਹੋਣ, ਐਸੇ ਪੰਜਾਂ ਦੇ ਦਰਸ਼ਨ ਮੇਰੇ ਹੀ ਦਰਸ਼ਨ ਨੇ।' ਇਕ ਸਿੱਖ ਹੱਥ ਜੋੜ ਕੇ ਬੋਲਿਆ, 'ਪਾਤਸ਼ਾਹ! ਕਿਸੇ ਐਸੇ ਸ਼ਹਿਰ ਦੇ ਵਿਚ, ਐਸੇ ਪਿੰਡ ਦੇ ਵਿਚ ਤੇ ਐਸੇ ਕਸਬੇ ਦੇ ਵਿਚ ਸਾਡਾ ਵਾਸਾ ਹੋਵੇ, ਜਿਥੇ ਪੰਜਾਂ ਦੇ ਦਰਸ਼ਨ ਨਾ ਹੋ ਸਕਣ ਤੇ ਤੁਹਾਡੇ ਦਰਸ਼ਨ ਕੀਤੇ ਬਿਨਾਂ ਮਨ ਨਾ ਰਹਿ ਸਕੇ, ਬਈ ਜ਼ਰੂਰੀ ਤਨ ਦੇ ਦਰਸ਼ਨ ਕਰਨੇ ਹਨ, ਤਾਂ ਕਿਹੜੇ ਪਾਸੇ ਜਾਈਏ ? ਆਖ਼ਰ ਮਨ ਦੀ ਤਸੱਲੀ ਕਿਥੋਂ ਕਰਵਾਈਏ ?' ਤਾਂ ਮਹਾਰਾਜ ਨੇ ਕਿਹਾ, 'ਕੋਈ ਇਕ ਵੀ ਰੰਗ-ਰੱਤੜਾ ਜਿਸ ਦੇ ਤਨ 'ਤੇ ਪੰਜ ਕਕਾਰ ਹੋਵਣ, ਜਿਸ ਦੀ ਰਸਨਾ 'ਤੇ ਮੂਲ-ਮੰਤਰ ਦਾ ਜਾਪ ਹੋਵੇ, ਐਸਾ ਇਕ ਵੀ ਰੰਗ-ਰੱਤੜਾ ਮਿਲ ਜਾਵੇ, ਤੇ ਸਮਝ ਲੈਣਾ ਮੇਰੇ ਹੀ ਦਰਸ਼ਨ ਨੇ, ਅੱਜ ਮੈਂ ਹੀ ਮਿਲਿਆ ਹਾਂ।' ਪਰ ਸਿੱਖ ਜਾਪਦਾ ਹੈ ਬਹੁਤ ਹੀ ਦੂਰ ਦ੍ਰਿਸ਼ਟ ਸਨ, ਕਹਿਣ ਲੱਗੇ, 'ਪਾਤਸ਼ਾਹ! ਮੰਨ ਲਵੋ ਕਿਸੇ ਐਸੀ ਥਾਂ 'ਤੇ ਹੋਈਏ, ਜਿਥੇ ਇਕ ਵੀ ਰੰਗ-ਰੱਤੜਾ ਨਾ ਮਿਲ ਸਕਦਾ ਹੋਵੇ ਤੇ ਦਰਸ਼ਨ ਕਰਨ ਨੂੰ ਮਨ ਬੜਾ ਕਰਦਾ ਹੋਵੇ, ਤੇ ਫਿਰ ਕੀ ਕਰੀਏ, ਫਿਰ ਕਿਸ ਤਰ੍ਹਾਂ ਦਿਲ ਨੂੰ ਧੀਰਜ ਦੇਈਏ ?' ਐਸਾ ਵੀ ਕਈ ਵਾਰ ਹੋ ਜਾਂਦਾ ਹੈ, ਜਿਥੇ ਇਕ ਵੀ ਸਿੱਖ ਦੇ ਦਰਸ਼ਨ ਨਾ ਹੋ ਸਕਦੇ ਹੋਣ।

ਮੈਂ ਇਕ ਦਫ਼ਾ ਬਗ਼ਦਾਦ, ਜਿਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੀਰ ਦਸਤਗੀਰ ਨੂੰ ਉਪਦੇਸ਼ ਦਿਤਾ ਸੀ, ਸੱਤ ਦਿਨ ਰਹਿ ਕੇ ਬਾਈ ਰੋਡ ਵਾਪਸ ਆ ਰਿਹਾ ਸੀ। ਇਕ ਸਿੰਘ ਮੈਨੂੰ ਦਰਸ਼ਨ ਕਰਵਾਉਣ ਲਈ ਕੁਵੈਤ ਤੋਂ ਲੈ ਗਿਆ ਸੀ। ਇਕ ਛੋਟਾ ਜਿਹਾ ਕਸਬਾ ਰਸਤੇ ਵਿਚ ਆਇਆ। ਉਥੇ ਜਦ ਅਸੀਂ ਥੋੜ੍ਹਾ ਜਿਹਾ ਰੁਕੇ ਤਾਂ ਇਕ ਬਿਰਧ ਬਾਬਾ, ਲੰਮੀ ਜਿਹੀ ਦਾੜ੍ਹੀ, ਭੱਜਿਆ ਹੋਇਆ ਆਇਆ। ਉਸ ਨੇ ਆਉਂਦਿਆਂ ਹੀ ਮੇਰੇ ਕਦਮਾਂ 'ਤੇ ਸਿਰ ਰਖਿਆ। ਮੈਂ ਕਿਹਾ, 'ਬਾਪੂ, ਉਮਰ ਵਿਚ ਤੂੰ ਬਜ਼ੁਰਗ ਹੈਂ, ਵੱਡਾ ਹੈਂ, ਖੁਲ੍ਹਾ ਦਾਹੜਾ ਗੁਰੂ ਦੀ ਮੂਰਤੀ ਪਿਆ ਦਿਸਦਾ ਹੈਂ, ਤੂੰ ਮੈਨੂੰ ਮੱਥਾ ਕਿਉਂ ਟੇਕਿਆ ਹੈ ?' ਆਖਣ ਲੱਗਾ, 'ਹੋਰ ਤੇ ਕੁਛ ਨਹੀਂ, ਵੀਹ ਸਾਲ ਹੋ ਗਏ ਕਿਸੇ ਸਿੱਖ ਨੂੰ ਨਹੀਂ ਵੇਖਿਆ ਸੀ। ਅੱਜ ਸਿੱਖ ਦੇ ਦਰਸ਼ਨ ਹੋਏ ਹਨ ਤੇ ਮਨ ਭਰ ਆਇਆ ਹੈ। ਬਸ ਇਤਨੀ ਗੱਲ ਹੈ, ਹੋਰ ਕੁਛ ਨਹੀਂ। ਸਿੱਖ ਦੇ ਦਰਸ਼ਨ ਕਰਨ ਨੂੰ ਇਹ ਅੱਖਾਂ ਤਰਸ ਰਹੀਆਂ ਸਨ। ਅੱਜ ਦਰਸ਼ਨ ਹੋਏ ਨੇ ਤੇ ਦਿਲ ਨੂੰ ਬੜੀ ਤਸੱਲੀ ਮਿਲੀ ਹੈ।' ਮੈਂ ਕਿਹਾ, 'ਤੇਰੇ ਕਦਮਾਂ 'ਤੇਂ ਫਿਰ ਮੈਂ ਮੱਥਾ ਟੇਕਾਂ,' ਔਰ ਮੇਰਾ ਸਿਰ ਉਹਦੇ ਕਦਮਾਂ 'ਤੇ ਝੁਕ ਗਿਆ।

ਮੈਂ ਕਿਹਾ, 'ਵੀਹ ਸਾਲ ਹੋ ਗਏ ਨੇ ਤੂੰ ਕੋਈ ਸਿੱਖ ਨਹੀਂ ਵੇਖਿਆ ਤੇ ਸਿੱਖੀ ਨੂੰ ਫਿਰ ਵੀ ਸਾਂਭ ਕੇ ਰਖਿਆ ਹੈ। ਸਿੱਖੀ ਫਿਰ ਵੀ ਤੇਰੇ ਕੋਲ ਹੈ। ਮੈਂ ਤੇ ਉਹ ਸਿੱਖ ਵੇਖਦਾ ਹਾਂ ਜੋ ਸਿੱਖਾਂ ਦੇ ਵਿਚ ਰਹਿ ਕੇ ਵੀ ਸਿੱਖੀ ਗਵਾ ਬੈਠੇ ਨੇ, ਗੁਰਦਵਾਰਿਆਂ ਵਿਚ ਰਹਿ ਕੇ ਵੀ ਸਿੱਖੀ ਗਵਾ ਬੈਠੇ ਨੇ, ਬਾਬਾ ਤੂੰ ਧੰਨਤਾ ਦੇ ਯੋਗ ਹੈਂ। ਤੇਰੇ ਚਰਨਾਂ ਦੀ ਖ਼ਾਕ ਮੱਥੇ 'ਤੇ ਲਾਉਣ ਯੋਗ ਹੈ ਕਿ ਤੂੰ ਵੀਹ ਸਾਲ ਤਕ ਇਕ ਸਿੱਖ ਨਾ ਵੇਖਿਆ ਹੋਵੇ, ਫਿਰ ਵੀ ਤੇਰੇ ਹਿਰਦੇ ਵਿਚ ਅਜੇ ਵੀ ਸਿੱਖ ਵਾਸਤੇ ਪਿਆਰ ਹੈ। ਤੇਰੇ ਹਿਰਦੇ 'ਚ ਅਜੇ ਵੀ ਸਿੱਖੀ ਵਾਸਤੇ ਪਿਆਰ ਹੈ, ਤੇਰੇ ਹਿਰਦੇ 'ਚ ਅਜੇ ਵੀ ਸਿੱਖੀ ਹੈ। ਤੂੰ ਐਸੇ ਦੇਸ਼ ਵਿਚ ਰਹਿੰਦਾ ਪਿਆ ਏਂ ਜਿਥੇ ਸਿੱਖੀ ਦਾ ਕੋਈ ਵਾਤਾਵਰਨ ਨਹੀਂ ਤੇ ਫਿਰ ਵੀ ਸਿੱਖੀ ਸਾਂਭ ਕੇ ਰੱਖੀ ਹੋਈ ਹੈ।' ਮੈਂ ਕਿਹਾ, 'ਸੱਚ ਜਾਣੀਂ, ਗੁਰੂ ਵੀ ਤੇਰੇ ਅਕੀਦੇ ਤੋਂ ਕੁਰਬਾਨ ਜਾਂਦਾ ਪਿਆ ਹੋਣਾ ਹੈ। ਗੁਰੂ ਵੀ ਤੇਰੀ ਸ਼ਰਧਾ ਤੋਂ ਕੁਰਬਾਨ ਜਾਂਦਾ ਹੈ।' ਔਰ ਕਈ ਦਫ਼ਾ ਅਫ਼ਸੋਸ ਹੁੰਦਾ ਹੈ ਕਿ ਸਿੱਖਾਂ ਦਾ ਇਕੱਠ ਹੋਵੇ ਤੇ ਫਿਰ ਵੀ ਸਿੱਖ ਪਤਿਤ ਹੋ ਜਾਵੇ। ਸਿੱਖ ਆਖੇ, 'ਐ ਗੁਰੂ! ਤੂੰ ਤੇ ਕੁਰਬਾਨੀਆਂ ਕਰਕੇ ਸਾਨੂੰ ਕੇਸ ਦਾੜ੍ਹੀ ਬਖ਼ਸ਼ੇ ਸਨ, ਅਸੀਂ ਮਨਮਤੀ ਹੋ ਕੇ ਇਸ ਨੂੰ ਪਰ੍ਹੇ ਸੁਟਦੇ ਹਾਂ, ਨਹੀਂ ਲੋੜ ਮੈਨੂੰ, ਲੈ।' ਬਹੁਤ ਅਫ਼ਸੋਸ ਹੁੰਦਾ ਹੈ ਉਨ੍ਹਾਂ ਵਲ ਵੇਖ ਕੇ ਜਿਹੜੇ ਗੁਰੂ ਤੋਂ ਮੁਨਕਰ ਹੁੰਦੇ ਹਨ।

ਤੇ ਸਿੱਖ ਉਥੇ ਬਿਨੈ ਕਰਦੇ ਨੇ, 'ਪਾਤਸ਼ਾਹ! ਜੇ ਇਕ ਦੇ ਵੀ ਦਰਸ਼ਨ ਨਾ ਹੋਣ ਫਿਰ ਕੀ ਕਰੀਏ ? ਫਿਰ ਕਿਹੜੇ ਪਾਸੇ ਜਾਈਏ ?' ਤਾਂ ਸਾਹਿਬ ਕਹਿਣ ਲੱਗੇ, 'ਐ ਗੁਰੂ ਦੇ ਸਿੱਖ! ਫਿਰ ਤੂੰ ਕਿਸੇ ਪਾਸੇ ਭਟਕੀਂ ਨਾ। ਅੰਮ੍ਰਿਤ ਵੇਲੇ ਉਠੀਂ, ਇਸ਼ਨਾਨ ਕਰੀਂ ਔਰ ਪੰਜ ਬਾਣੀਆਂ ਦਾ ਪਾਠ ਕਰੀਂ। ਮੂਲ-ਮੰਤਰ ਦਾ ਜਾਪ ਕਰੀਂ, ਗੁਰ-ਮੰਤਰ ਦਾ ਜਾਪ ਕਰੀਂ, ਅਤੇ ਤਨ ਤੇ ਰਹਿਤਾਂ ਸਜਾਵੀਂ, ਜਦ ਸ਼ੀਸ਼ੇ 'ਚ ਆਪਣਾ ਮੁਖੜਾ ਵੇਖੇਂਗਾ, ਤਾਂ ਉਹ ਮੁਖੜਾ ਮੇਰਾ ਹੀ ਹੋਵੇਗਾ। ਜਾਹ ਤੈਨੂੰ ਕਿਸੇ ਪਾਸੇ ਭਟਕਣ ਦੀ ਲੋੜ ਨਹੀਂ। ਮੇਰਾ ਸਰੂਪ ਵੇਖਣਾ ਹੋਵੇ, ਆਪਣਾ ਸਰੂਪ ਵੇਖ ਲਵੀਂ, ਅਤੇ ਮੇਰੀ ਆਤਮਾ ਦੇ ਦਰਸ਼ਨ ਕਰਨੇ ਹੋਵਣ ਤਾਂ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰ ਲਵੀਂ। ਤਨ ਕਰਕੇ ਮੈਂ ਤੇਰੇ ਵਿਚ ਹਾਂ।' ਤੁਸੀਂ ਔਖੇ ਹੁੰਦੇ ਹੋ ਤਾਂ ਹੋਵੋ ਭਾਵੇਂ, ਇਸ ਦਾੜ੍ਹੀ ਦੀ ਬੇਅਦਬੀ ਕਰਨ ਵਾਲਾ ਬੰਦਾ ਗੁਰੂ ਗੋਬਿੰਦ ਸਿੰਘ ਦੀ ਦਾੜ੍ਹੀ ਨੂੰ ਹੱਥ ਪਿਆ ਪਾਂਦਾ ਏ। ਬਸ ਇੰਨੀ ਕੁ ਗੱਲ ਹੈ। ਇਹ ਰੂਪ ਕਲਗੀਧਰ ਦਾ ਰੂਪ ਹੈ, ਉਨ੍ਹਾਂ ਦਾ ਦਿੱਤਾ ਹੋਇਆ ਹੈ, ਇਹ ਮਹਾਰਾਜ ਦੀ ਬਖ਼ਸ਼ਿਸ਼ ਹੈ, ਉਸ ਦੀ ਦੇਣ ਹੈ। ਇਸ ਸਰੂਪ ਦੇ ਵਿਚ ਥੋੜ੍ਹੀ ਬਹੁਤ ਵੀ ਭੰਨ ਤੋੜ ਕਰਨ

ਵਾਲਾ ਬੰਦਾ ਸਿੱਧਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਗਰਦਨ ਪਕੜਦਾ ਹੈ, ਔਰ ਕੁਛ ਨਹੀਂ। ਫ਼ਰਕ ਸਿਰਫ਼ ਇਤਨਾ ਹੈ ਕਿ ਔਰੰਗਜ਼ੇਬ ਨੇ ਸਿੱਧੇ ਰੂਪ ਵਿਚ ਗਰਦਨ ਪਕੜੀ ਸੀ, ਕਈ ਸਿੱਖ ਪੁੱਠੇ ਰੂਪ ਵਿਚ ਪਕੜਦੇ ਨੇ। ਬਸ ਇੰਨੀ ਗੱਲ ਹੈ। ਕਈ ਪੇਟ 'ਚ ਛੁਰਾ ਮਾਰਦੇ ਨੇ, ਕਈ ਕਮਰ ਵਿਚ ਛੁਰਾ ਮਾਰਦੇ ਨੇ, ਪਤਾ ਨਹੀਂ ਚਲਦਾ, ਲੇਕਿਨ ਮਾਰਦੇ ਹਨ!

ਤੋ ਸਾਹਿਬ ਕਹਿੰਦੇ ਹਨ ਸ਼ੀਸ਼ੇ ਵਿਚ ਆਪਣਾ ਮੁਖੜਾ ਵੇਖੀਂ, ਇਹ ਮੇਰਾ ਮੁਖੜਾ ਹੋਵੇਗਾ। ਆਪਣੇ ਆਪ ਨੂੰ ਤਸੱਲੀ ਦੇਵੀਂ ਕਿ ਇਹ ਰੂਪ ਗੁਰੂ ਦਾ ਹੈ ਤੇ ਫਿਰ ਮੇਰੀ ਰੂਹ, ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰ ਕੇ ਵੇਖੀਂ। ਗੁਰਬਾਣੀ ਨਾਲ ਜੁੜੀਂ, ਸਾਹਿਬ ਕਹਿੰਦੇ, ਮੇਰਾ ਵੀ ਸਿਰ ਉਸ ਗੁਰਸਿੱਖ ਦੇ ਚਰਨਾਂ ਵਿਚ ਝੁਕ ਜਾਂਦਾ ਹੈ ਜਿਸ ਦੇ ਕੋਲ ਸਾਬਤ ਸੂਰਤ ਹੋਵੇ ਤੇ ਹਿਰਦੇ ਵਿਚ ਵਾਹਿਗੁਰੂ ਦਾ ਵਾਸਾ ਹੋਵੇ। ਝੁਕ ਜਾਂਦਾ ਹੈ, ਐਸਾ ਮਹਾਰਾਜ ਦੇ ਕਿਰਦਾਰ ਤੋਂ ਥਾਂ ਥਾਂ 'ਤੇ ਪ੍ਰਗਟ ਹੁੰਦਾ ਹੈ। ਰਹਿਤਨਾਮੇ ਇਸ ਗੱਲ ਦੀ ਗਵਾਹੀ ਨੇ ਤੇ ਜਦ ਇਹ ਸਰੂਪ ਮੁਕੰਮਲ ਹੋ ਗਿਆ ਹੈ, ਹਰ ਸਿੱਖ ਨੇ, ਹਰ ਆਲਮ ਨੇ, ਜਿਹੜੀਆਂ ਵਿਚਾਰਾਂ ਦਿਤੀਆਂ ਹਨ, ਉਹ ਅੱਜ ਵੀ ਮੌਜੂਦ ਹਨ।

ਇਹਨਾਂ ਪੰਜਾਂ ਕੱਕਿਆਂ ਵਿਚੋਂ, ਮਹਾਰਾਜ ਦਾ ਹੁਕਮ ਹੈ ਕਿ ਇਕ ਵੀ ਕੱਕਾ ਮੁਆਫ਼ ਨਹੀਂ ਕੀਤਾ ਜਾ ਸਕਦਾ। ਸਿੱਖ ਲਈ ਪੰਜੇ ਕੱਕੇ ਰੱਖਣੇ ਜ਼ਰੂਰੀ ਹਨ।

ਗਿਆਨੀ ਸਰੂਪ ਸਿੰਘ ਕਡਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

# ਸਤਿ-ਸੰਗਤ

ਜਿਸ ਮਹਿਫ਼ਲ ਵਿਚ ਤੁਸੀਂ ਬੈਠੇ ਹੋ, ਜਿਸ ਇਕੱਠ ਦੇ ਅੰਦਰ ਤੁਸੀਂ ਬੈਠੇ ਹੋ, ਇਸ ਇਕੱਠ ਨੂੰ ਧਾਰਮਿਕ ਭਾਸ਼ਾ ਵਿਚ ਕਹਿੰਦੇ ਨੇ ਸਤਿਸੰਗ। ਉਹਨਾਂ ਮਨੁੱਖਾਂ ਦਾ ਇਕੱਠ ਜੋ ਸਤਿ ਦੀ ਸੰਗਤ ਕਰਨ ਆਏ ਨੇ, ਸੱਚ ਦੀ ਸੰਗਤ ਕਰਨ ਆਏ ਨੇ। 'ਸੱਚ' ਕੌਣ ਹੈ ? ਈਸ਼ਵਰ, "ਸਚੁ ਪਰਮੇਸਰੁ ਨਿਤ ਨਵਾ॥"[1] ਗੁਰੂ ਨਾਨਕ ਨੇ ਈਸ਼ਵਰ ਨੂੰ ਸੱਚ ਆਖਿਆ ਹੈ। ਜਪੁਜੀ ਸਾਹਿਬ ਦੇ ਵਿਚ ਸਾਰੀ ਸੱਚ ਦੀ ਵਿਚਾਰ ਹੈ ਤੇ ਈਸ਼ਵਰ ਦੀ ਜੋ ਰੂਪ-ਰੇਖਾ ਗੁਰੂ ਨਾਨਕ ਨੇ ਸਾਡੇ ਸਾਹਮਣੇ ਰੱਖੀ ਹੈ, ਉਹ ਇਨ੍ਹਾਂ ਲਫ਼ਜ਼ਾਂ 'ਚ ਹੈ—"ਆਦਿ ਸਚੁ, ਜੁਗਾਦਿ ਸਚੁ॥ ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ॥" ਸੰਸਕ੍ਰਿਤ ਵਿਚ ਜਿਸ ਨੂੰ ਸਤਿ ਕਹਿੰਦੇ ਨੇ, ਪੰਜਾਬੀ 'ਚ ਅਸੀਂ ਉਸ ਨੂੰ ਸੱਚ ਕਹਿ ਦਿੰਦੇ ਹਾਂ। ਉਸ ਸੱਚ ਦੀ ਆਪਾਂ ਸੰਗਤ ਕਰਨ ਆਏ ਹਾਂ। ਉਹ ਜਿਸ ਦੀ ਸੰਗਤ ਹੋ ਜਾਂਦੀ ਹੈ, ਜਿਸ ਦਾ ਸੰਬੰਧ ਜੁੜ ਜਾਂਦਾ ਹੈ ਉਸ ਨੂੰ ਆਖਿਆ ਜਾਂਦਾ ਹੈ ਇਹ ਸਤਸੰਗੀ ਹੈ, ਇਹਦਾ ਸਤਿ ਨਾਲ ਮਿਲਾਪ ਹੋ ਗਿਆ ਹੈ। ਇਹ ਸਤਿ ਨਾਲ ਜੁੜ ਗਿਆ ਹੈ ਤੇ ਉਹ ਈਸ਼ਵਰ ਕੀ ਹੈ, 'ਸਤਿ'। ਉਸਦੀ ਸੰਗਤ ਕਰਨ ਵਾਲਾ ਕੌਣ ਹੈ, ਸਤਿਸੰਗੀ। ਤੇ ਸਤਿ ਦੀ ਸੰਗਤ ਕਰਦਿਆਂ ਜਿਸ ਦਿਨ ਉਹ ਸਤਿ ਦਾ ਰੂਪ ਹੋ ਜਾਂਦਾ ਹੈ, ਕਹਿੰਦੇ ਨੇ, ਫਿਰ ਉਹ ਸੰਤ ਬਣ ਜਾਂਦਾ ਹੈ। ਸੰਤ ਦਾ ਮਤਲਬ ਕੀ ਜੋ ਸਤਿ ਤੋਂ ਪੈਦਾ ਹੋਇਆ ਹੈ। ਸੁਤ ਤੇ ਸਤਿ ਇਹ ਦੋ ਸ਼ਬਦ ਸੰਸਕ੍ਰਿਤ ਦੇ ਬੜੇ ਨਿਕਟਵਰਤੀ ਨੇ। 'ਸੁਤ' ਪੁੱਤਰ ਨੂੰ ਕਹਿੰਦੇ ਨੇ, ਮਾਂ ਬਾਪ ਦੇ ਸਰੀਰ ਦਾ ਜੋ ਤੱਤ ਹੈ ਉਹਨੂੰ ਕਹਿੰਦੇ ਨੇ ਸੁਤ। ਸਤਿ ਦਾ ਜੋ ਤੱਤ ਹੈ ਉਹਨੂੰ ਕਹਿੰਦੇ ਨੇ ਸੰਤ। ਜਿਸ ਦਾ ਜਨਮ ਸਰੀਰ ਤੋਂ ਹੋਇਆ ਹੈ, ਮਾਂ ਬਾਪ ਤੋਂ, ਉਹਨੂੰ ਕਹਿੰਦੇ ਨੇ ਇਹ ਸੁਤ ਹੈ। ਪਰ ਜੋ ਸਤਿ ਤੋਂ ਪੈਦਾ ਹੋਇਆ ਹੈ ਉਹਨੂੰ ਕਹਿੰਦੇ ਨੇ ਇਹ ਸੰਤ ਹੈ। ਸੋ ਸੁਤ ਤੇ ਅਸੀਂ ਬਣ ਚੁਕੇ ਹਾਂ ਮਾਂ ਬਾਪ ਦੇ ਸਰੀਰ ਤੋਂ—ਜਨਮ ਲੈ ਚੁਕੇ ਹਾਂ। ਹੁਣ "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ"[2] ਮਹਾਰਾਜ ਦੀ ਬਾਣੀ ਕਹਿੰਦੀ ਹੈ। ਹੁਣ ਸਤਿਗੁਰ ਦੇ ਘਰ ਜਨਮ

੧. ਬਸੰਤੁ ਮ: ੫—੧੧੯੩। ੨. ਰਾਮਕਲੀ ਸਿਧ ਗੋਸਟਿ ਮ: ੧—੯੪੦

ਲੈਣਾ ਹੈ। ਹੁਣ ਸਤਿਸੰਗ ਦੇ ਵਿਚੋਂ ਜਨਮ ਲੈਣਾ ਹੈ। ਨਵੀਂ ਜ਼ਿੰਦਗੀ ਲੈਣੀ ਹੈ।

ਅਗਰ ਜਿਸ ਢੰਗ ਨਾਲ ਆਏ ਹਾਂ ਇਸੇ ਢੰਗ ਨਾਲ ਇਥੋਂ ਵਾਪਸ ਚਲੇ ਗਏ ਤੋ ਖਿਮਾ ਕਰਨੀ, ਇਥੇ ਆਉਣਾ ਕੋਈ ਸਫਲ ਨਹੀਂ, ਔਰ ਦੋ ਅੱਖਰ ਇਹ ਵੀ ਜ਼ਿਹਨ-ਨਸ਼ੀਨ ਕਰ ਲੈਣੇ। ਹੋ ਸਕਦਾ ਹੈ ਗੁਰਦਵਾਰੇ ਵਿਚ ਬੈਠਾ ਹੋਇਆ ਵੀ ਕੋਈ ਮਨੁੱਖ ਝੂਠਾ ਸੰਗੀ ਹੋਵੇ, ਸਤਿਸੰਗੀ ਨਾ ਹੋਵੇ। ਸਤਿਸੰਗੀ ਦੀ ਇਹ ਪਹਿਚਾਣ ਹੈ : ਉਹਦਾ ਵੇਖਣਾ ਸਤਿ ਹੋ ਜਾਂਦਾ ਹੈ, ਉਹਦਾ ਬੋਲਣਾ ਸਤਿ ਹੋ ਜਾਂਦਾ ਹੈ, ਉਹਦਾ ਸੋਚਣਾ ਸਤਿ ਹੋ ਜਾਂਦਾ ਹੈ। ਗ਼ਰਜ਼ ਕਿ ਉਸ ਦੇ ਹਰ ਕਰਮ 'ਤੇ ਮੋਹਰ 'ਸੱਚ' ਦੀ ਹੁੰਦੀ ਹੈ। ਜਿਸ ਦੇ ਰੋਮ ਰੋਮ ਵਿਚੋਂ ਸੱਚ ਨਿਕਲੇ, ਸਮਝ ਲਵੋ ਇਹ ਸਤਿਸੰਗੀ ਹੈ। ਪਰ ਜਿਸ ਦਾ ਵੇਖਣਾ ਝੂਠ ਹੈ, ਜਿਸ ਦਾ ਬੋਲਣਾ ਝੂਠ ਹੈ, ਜਿਸ ਦਾ ਸੋਚਣਾ ਝੂਠ ਹੈ, ਜਿਸ ਦਾ ਕਰਨਾ ਝੂਠ ਹੈ, ਖਿਮਾ ਕਰਨਾ, ਗੁਰਦਵਾਰੇ ਬੈਠਾ ਹੋਇਆ ਵੀ ਉਹ ਝੂਠ-ਸੰਗੀ ਹੋ ਸਕਦਾ ਹੈ; ਸਤਿਸੰਗੀ ਨਹੀਂ। ਸਤਿਸੰਗੀ ਤੋਂ ਮੁਰਾਦ ਇਹ ਹੈ ਕਿ ਇਹਦਾ ਸਤਿ ਦੇ ਨਾਲ ਸੰਬੰਧ ਜੁੜ ਗਿਆ ਹੈ ਕਿ ਨਹੀਂ, ਇਹ ਸੱਚ ਦੇ ਵਿਚ ਲੀਨ ਹੋ ਗਿਆ ਹੈ ਕਿ ਨਹੀਂ, ਗੁਰਦਵਾਰੇ ਆਉਣ ਦਾ ਬਸ ਇੰਨਾ ਹੀ ਇਕ ਮਕਸਦ ਹੈ।

ਉਂਜ ਵੀ ਮਨੁੱਖ ਨੇ ਅੱਜ ਤਕ ਜਿਤਨੇ ਕੰਮ ਕੀਤੇ ਨੇ ਤੇ ਜਿਤਨੇ ਕਰ ਰਿਹਾ ਹੈ ਤੇ ਅਗਾਂਹ ਸਿਆਣੇ ਮਨੁੱਖ ਜਿਤਨੇ ਕੰਮ ਕਰਨਗੇ, ਸਿਆਣਾ ਬੰਦਾ ਹਰ ਕੰਮ ਦਾ ਮਕਸਦ ਲਾਜ਼ਮੀ ਰੱਖਦਾ ਹੈ। ਤੇ ਫਿਰ ਮਕਸਦ ਦੀ ਪੂਰਤੀ ਵਾਸਤੇ ਕੰਮ ਕਰਦਾ ਹੈ। ਆਲਮ ਲੋਕ ਕਹਿੰਦੇ ਨੇ ਜਿਸ ਕੰਮ ਦਾ ਕੋਈ ਮਕਸਦ ਨਹੀਂ ਉਹ ਕੰਮ ਫ਼ਜ਼ੂਲ ਹੈ। ਇਕ ਕਿਸਾਨ ਜ਼ਮੀਨ ਵਿਚ ਦਾਣੇ ਰੋਲ ਰਿਹਾ ਹੈ। ਉਸ ਤੋਂ ਪੁੱਛੀਏ, ਕੀਮਤੀ ਰਤਨ ਮਿੱਟੀ ਵਿਚ ਕਿਉਂ ਰੋਲ ਰਿਹਾ ਹੈਂ ? ਉਹ ਫ਼ੌਰਨ ਕਹਿੰਦਾ ਹੈ ਇਕ ਦਾਣੇ ਤੋਂ ਅਨੰਤ ਦਾਣੇ ਪੈਦਾ ਹੋਵਣ, ਮੈਂ ਇਸ ਵਾਸਤੇ ਦਾਣਿਆਂ ਨੂੰ ਮਿੱਟੀ ਵਿਚ ਪਾ ਰਿਹਾ ਹਾਂ। ਇਕ ਬੰਦੇ ਨੇ ਦੁਕਾਨ ਖੋਲ੍ਹੀ ਹੈ। ਸਾਰਾ ਸਾਜ਼ੋ-ਸਾਮਾਨ ਉਸ ਨੇ, ਸ਼ਿੰਗਾਰ ਕੇ ਤੇ ਸੰਵਾਰ ਕੇ ਰਖਿਆ ਹੋਇਆ ਹੈ। ਪੁੱਛੀਏ ਇਹਨੂੰ ਕਿਉਂ ਰਖਿਆ ਹੋਇਆ ਹੈ ? ਸਿਆਣਾ ਦੁਕਾਨਦਾਰ ਇਹ ਨਹੀਂ ਕਹਿੰਦਾ, ਸਭ ਕੁਝ ਮੈਂ ਐਵੇਂ ਹੀ ਰਖਿਆ ਹੋਇਆ ਹੈ, ਫ਼ਜ਼ੂਲ ਰਖਿਆ ਹੈ। ਨਹੀਂ, ਸ਼ਾਮ ਤਕ ਚੰਗੀ ਵਟਕ ਹੋਵੇ, ਚੰਗਾ ਮੁਨਾਫ਼ਾ ਹੋਵੇ, ਇਸ ਵਾਸਤੇ ਇਹ ਦੁਕਾਨ ਖੋਲ੍ਹ ਕੇ ਰੱਖੀ ਹੈ। ਮੁਖ਼ਤਸਰੀ ਮੈਂ ਅਰਜ਼ ਕਰਾਂ, ਬੰਦੇ ਨੂੰ ਇਹ ਵੀ ਸਵਾਲ ਹੋ ਸਕਦਾ ਹੈ ਕਿ ਤੂੰ ਭਾਈ ਪਾਣੀ ਕਿਉਂ ਪੀ ਰਿਹਾ ਹੈਂ ? ਕਹਿੰਦਾ ਹੈ, ਪਿਆਸ ਲੱਗੀ ਹੈ। ਤੂੰ ਰੋਟੀ ਕਿਉਂ ਖਾ ਰਿਹਾ ਹੈਂ ? ਕਹਿੰਦਾ ਹੈ, ਭੁੱਖ ਲੱਗੀ ਹੈ। ਤੂੰ ਕਪੜੇ ਕਿਉਂ

ਪਹਿਨੇ ਨੇ ? ਕਹਿੰਦਾ ਹੈ, ਨੰਗੇਜ ਢੱਕਿਆ ਹੈ। ਤੇ ਇਹਨਾਂ ਹੀ ਸਵਾਲਾਂ ਦੇ ਵਿਚੋਂ ਬੰਦੇ ਤੋਂ ਇਹ ਸਵਾਲ ਹੋ ਜਾਏ ਕਿ ਤੂੰ ਗੁਰਦਵਾਰੇ ਕਿਉਂ ਆਇਆ ਹੈਂ ? ਆਣ ਨਾਲ ਕੀ ਹੋ ਜਾਂਦਾ ਹੈ ? ਜੇ ਤੂੰ ਨਾ ਆਵੇਂ ਤਾਂ ਕੀ ਘਟ ਜਾਂਦਾ ਹੈ ? ਇਹ ਇਕ ਪ੍ਰਸ਼ਨ ਹੈ। ਬਹੁਤ ਵੱਡਾ ਪ੍ਰਸ਼ਨ ਹੈ। ਬਹੁਤ ਵੱਡਾ ਸਵਾਲ ਹੈ। ਜੇ ਤੂੰ ਗੁਰਦਵਾਰੇ ਆਂਵਦਾ ਹੈਂ ਤੇ ਕਿਉਂ ਆਂਵਦਾ ਹੈਂ ? ਆਵਣ ਨਾਲ ਤੈਨੂੰ ਕੀ ਲੱਭ ਜਾਂਦਾ ਹੈ ? ਜੇ ਤੂੰ ਨਾ ਆਵੇਂ ਤਾਂ ਕੀ ਘਟ ਜਾਂਦਾ ਹੈ ? ਗੁਸਤਾਖ਼ੀ ਮੁਆਫ਼ ! ਕਰੀਬਨ ਕਰੀਬਨ ਸੌ ਦੇ ਵਿਚੋਂ ਨੜਿੰਨਵੇਂ ਬੰਦਿਆਂ ਨੂੰ ਇਹ ਨਹੀਂ ਪਤਾ ਕਿ ਗੁਰਦਵਾਰੇ ਕਿਉਂ ਆਵਣਾ ਹੈ। ਗੁਰਦਵਾਰੇ ਆਉਣ ਨਾਲ ਕੀ ਲੱਭਦਾ ਹੈ ਤੇ ਨਾ ਆਣ ਨਾਲ ਕੀ ਘਟਦਾ ਹੈ। ਤੇ ਜਦ ਇਤਨਾ ਹੀ ਪਤਾ ਨਹੀਂ, ਤੋ ਖਿਮਾ ਕਰਨੀ, ਇਹ ਗੁਰਦਵਾਰੇ ਆਉਣਾ ਬਹੁਤ ਸਾਰੇ ਬੰਦਿਆਂ ਦਾ ਐਵੇਂ ਹੀ ਹੋ ਜਾਂਦਾ ਹੈ। ਐਵੇਂ ਹੀ ਸਭ ਕੁਝ ਕਰਦਿਆਂ ਹੋਇਆਂ ਵੀ ਜੀਵਨ ਕਿਸੇ ਥਾਂ ਪਹੁੰਚਦਾ ਨਹੀਂ।

ਮੈਂ ਇਕ ਦਿਨ ਧਾਰਮਿਕ ਗ੍ਰੰਥ ਵਿਚੋਂ ਇਕ ਸਾਖੀ ਪੜ੍ਹ ਰਿਹਾ ਸੀ। ਉਸ ਰਿਸ਼ੀ ਨੇ ਇਹ ਸਾਖੀ ਬੜੀ ਬਾ-ਕਮਾਲ ਸੁੰਦਰ ਲਿਖੀ ਹੈ ਤੇ ਇਸ ਰਿਸ਼ੀ ਦਾ ਨਾਂ ਹੈ 'ਚਾਨਕ'। ਉਹ ਕਹਿੰਦਾ ਹੈ ਦਸ ਪੰਦਰ੍ਹਾਂ ਸ਼ਰਾਬੀ, ਸ਼ਰਾਬ ਦੇ ਨਸ਼ੇ 'ਚ ਚੂਰ, ਰਾਤ ਦੇ ਵਕਤ ਦਰਿਆ ਦੇ ਕੰਢੇ 'ਤੇ ਜਾ ਪਹੁੰਚੇ। ਇਕ ਬੇੜੀ ਦੇ ਵਿਚ ਬੈਠ ਗਏ, ਨਸ਼ੇ ਵਿਚ ਚੂਰ ਸਨ। ਹਰ ਇਕ ਨੇ ਆਪਣੇ ਹੱਥ ਚੱਪੂ ਪਕੜ ਲਿਆ ਤੇ ਮਾਰਨ ਲੱਗੇ ਚੱਪੂ, ਹੈਨ ਸਾਰੇ ਅਚੇਤ, ਬੇਹੋਸ਼। ਸਰੀਰ ਦੇ ਵਿਚ ਜਿਤਨੀ ਤਾਕਤ ਸੀ, ਸਾਰੀ ਤਾਕਤ ਚੱਪੂ ਮਾਰਨ 'ਤੇ ਲਗਾ ਰਹੇ ਸਨ। ਰਾਤ ਅੱਧੀ ਹੋ ਗਈ, ਨਸ਼ੇ ਟੁੱਟਣ ਲੱਗੇ। ਬਾਅਦ ਵਿਚ ਪਹੁ ਫੁੱਟਣ ਲੱਗੀ, ਰਾਤ ਦਾ ਅੰਤ ਹੋਣ ਲੱਗਾ। ਇਧਰ ਨਸ਼ਿਆਂ ਦਾ ਵੀ ਅੰਤ ਹੋਣ ਲੱਗਾ। ਜਦ ਇਧਰ ਰਾਤ ਖ਼ਤਮ ਹੋਣ ਲੱਗੀ, ਇਹਨਾਂ ਦੇ ਨਸ਼ੇ ਵੀ ਟੁੱਟਣ ਲੱਗੇ। ਇਕ ਦੀ ਅੱਖ ਖੁਲ੍ਹੀ, ਸੁਰਤ ਆਈ, ਹੋਸ਼ ਆਈ। ਨਾਲ ਦੇ ਸਾਥੀਆਂ ਤੋਂ ਪੁੱਛਦਾ ਹੈ, ਮਿੱਤਰਾ ! ਰਾਤ ਦਾ ਤੇ ਹੁਣ ਅੰਤ ਹੋਣ ਲੱਗਾ ਹੈ, ਚੱਪੂ ਮਾਰਦਿਆਂ ਮਾਰਦਿਆਂ ਬਾਹਵਾਂ ਥੱਕ ਗਈਆਂ ਹਨ। ਇਹ ਦੱਸ ਆਪਾਂ ਪਹੁੰਚੇ ਕਿੱਥੇ ਹਾਂ ? ਤੇ ਸਾਰੇ ਕਹਿਣ ਲੱਗੇ, ਮਿੱਤਰਾ ! ਕਿਧਰੇ ਵੀ ਨਹੀਂ ਪਹੁੰਚੇ। ਸਾਰੀ ਰਾਤ ਚੱਪੂ ਤੇ ਮਾਰਦੇ ਰਹੇ ਹਾਂ, ਪਰ ਜਿਨ੍ਹਾਂ ਸੰਗਲਾਂ ਨਾਲ, ਜਿਨ੍ਹਾਂ ਰੱਸਿਆਂ ਨਾਲ ਬੇੜੀ ਬੰਨ੍ਹੀ ਹੋਈ ਸੀ, ਉਹ ਤੇ ਖੋਲ੍ਹੇ ਕੋਈ ਨਹੀਂ। ਐਵੇਂ ਹੀ ਚੱਪੂ ਮਾਰਦੇ ਰਹੇ, ਐਵੇਂ ਹੀ ਬਾਹਵਾਂ ਥਕਾ ਦਿੱਤੀਆਂ। ਐਵੇਂ ਹੀ ਸਰੀਰ ਥਕਾ ਦਿੱਤਾ। ਗੁਸਤਾਖ਼ੀ ਮੁਆਫ਼, ਅਸੀਂ ਕਥਾ ਦੇ, ਕੀਰਤਨ ਦੇ, ਦਾਨ ਦੇ, ਪੁੰਨ ਦੇ, ਲੰਗਰ ਦੇ ਚੱਪੂ ਤਾਂ ਚਲਾਂਦੇ ਰਹਿੰਦੇ ਹਾਂ, ਪਰ ਜਿਹੜੇ ਗ਼ਲਤ ਖ਼ਿਆਲਾਂ ਦੇ ਨਾਲ

ਸਾਡੇ ਜੀਵਨ ਦੀ ਨੌਕਾ ਬੰਨ੍ਹੀ ਪਈ ਏ ਉਹ ਗ਼ਲਤ ਖ਼ਿਆਲ ਤੋੜਦੇ ਨਹੀਂ, ਤੇ ਹੁੰਦਾ ਕੀ ਏ, ਜ਼ਿੰਦਗੀ ਉਥੇ ਦੀ ਉਥੇ ਹੀ ਰਹਿੰਦੀ ਹੈ। ਅਸੀਂ ਕਿਸੇ ਥਾਂ 'ਤੇ ਪਹੁੰਚੇ ਹੋਈਏ, ਨਜ਼ਰ ਨਹੀਂ ਆਉਂਦਾ। ਥੋੜ੍ਹਾ ਜਿਹਾ ਤੁਸੀਂ ਵਿਚਾਰ ਕਰ ਲਵੋ। ਸੋਚੋ!

ਧਾਰਮਿਕ ਬੰਦਾ ਕੌਣ ਹੈ? ਕਹਿੰਦੇ ਨੇ ਜਿਹਦੇ ਦਰਸ਼ਨ ਕੀਤਿਆਂ ਧਰਮ ਚੇਤੇ ਆਵੇ। ਗੁਰੂ ਕਾ ਸਿੱਖ ਕੌਣ ਹੈ? ਜਿਹਦੇ ਦਰਸ਼ਨ ਕੀਤਿਆਂ ਗੁਰੂ ਚੇਤੇ ਆਵੇ। ਸੰਤ ਕੌਣ ਹੈ? ਜਿਹਦੇ ਦਰਸ਼ਨ ਕੀਤਿਆਂ ਰੱਬ ਚੇਤੇ ਆਵੇ।

**ਸਾਧ ਕੈ ਸੰਗਿ ਨਹੀ ਕਛੁ ਘਾਲ॥**
**ਦਰਸਨੁ ਭੇਟਤ ਹੋਤ ਨਿਹਾਲ॥** *(੨੭੨)*

ਸਾਹਿਬ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਨੇ ਜਿਹਦੇ ਦਰਸ਼ਨ ਕੀਤਿਆਂ ਹੀ ਚੇਤੇ ਆਵੇ। ਜਲਦੀ ਹੋਈ ਸ਼ਮ੍ਹਾ ਹੋਵੇ, ਜਲਦਾ ਹੋਇਆ ਦੀਪਕ ਹੋਵੇ, ਰਾਤ ਦਾ ਵਕਤ ਹੋਵੇ ਤੇ ਕਿਆ ਸਾਨੂੰ ਉਸ ਅੱਗੇ ਹੱਥ ਜੋੜਨੇ ਪੈਂਦੇ ਹਨ ਕਿ ਤੂੰ ਸਾਨੂੰ ਰੌਸ਼ਨੀ ਦੇ? ਨਹੀਂ, ਰੌਸ਼ਨੀ ਆਪੇ ਹੀ ਮਿਲਦੀ ਹੈ। ਇਕ ਖਿੜੇ ਹੋਏ ਫੁੱਲ ਦੇ ਕੋਲ ਚਲੇ ਜਾਈਏ, ਤੋ ਕਿਆ ਸਾਨੂੰ ਮਹਿਕ ਮੰਗਣੀ ਪੈਂਦੀ ਹੈ? ਨਹੀਂ, ਮਹਿਕ ਸਾਨੂੰ ਆਪੇ ਹੀ ਮਿਲਦੀ ਹੈ। ਹਿਮਾਲੀਆ ਦੀਆਂ ਬੁਲੰਦ ਚੋਟੀਆਂ 'ਤੇ ਚਲੇ ਜਾਈਏ, ਤੋ ਕਿਆ ਸਾਨੂੰ ਹੱਥ ਜੋੜ ਕੇ ਠੰਡ ਮੰਗਣੀ ਪੈਂਦੀ ਹੈ? ਠੰਡ ਆਪੇ ਹੀ ਮਿਲਦੀ ਹੈ। ਕਿਆ ਸੂਰਜ ਦੇ ਅੱਗੇ ਹੱਥ ਜੋੜਨੇ ਪੈਂਦੇ ਹਨ ਕਿ ਬਈ ਤੂੰ ਸਾਨੂੰ ਰੌਸ਼ਨੀ ਦੇ? ਨਹੀਂ, ਰੌਸ਼ਨੀ ਆਪੇ ਹੀ ਮਿਲਦੀ ਹੈ। ਕਹਿੰਦੇ ਨੇ, ਸੰਤ ਜਿਹੜਾ ਹੈ, ਜੋ ਰੱਬ ਨਾਲ ਜੁੜਿਆ ਹੈ, ਉਹਦੇ ਅੱਗੇ ਹੱਥ ਨਹੀਂ ਜੋੜਨੇ ਪੈਂਦੇ। ਉਹਦੇ ਦਰਸ਼ਨ ਕੀਤਿਆਂ ਹੀ ਸੁਰਤ ਆਪੇ ਰੱਬ ਨਾਲ ਜੁੜਦੀ ਹੈ।

**ਸਾਧ ਕੈ ਸੰਗਿ ਨਹੀ ਕਛੁ ਘਾਲ॥**
**ਦਰਸਨੁ ਭੇਟਤ ਹੋਤ ਨਿਹਾਲ॥**

ਸੁਤ ਅਸੀਂ ਬਣ ਗਏ ਹਾਂ ਤੇ ਸੰਤ ਅਸੀਂ ਬਣਨਾ ਹੈ।

ਧਾਰਮਿਕ ਦੁਨੀਆਂ ਵਿਚ ਪ੍ਰਮਾਰਥ ਦੇ ਰਸਤੇ ਆਖ਼ਰੀ ਮੰਜ਼ਲ ਕੀ ਹੈ? 'ਸੰਤ ਹੋਣਾ ਆਖ਼ਰੀ ਮੰਜ਼ਲ ਹੈ।' ਇਸ ਤੋਂ ਅੱਗੇ ਕੋਈ ਰੁਤਬਾ ਨਹੀਂ, ਜੈਸੇ ਰਾਜਨੀਤਕ ਅਹੁਦਿਆਂ ਵਿਚ ਇਕ ਸਭ ਤੋਂ ਵੱਡਾ ਅਹੁਦਾ ਹੈ, ਉਸ ਤੋਂ ਅੱਗੇ ਹੋਰ ਕੋਈ ਅਹੁਦਾ (Post) ਨਹੀਂ। ਧਾਰਮਿਕ ਦੁਨੀਆ ਵਿਚ, ਪ੍ਰਮਾਰਥ ਦੇ ਰਸਤੇ ਆਖ਼ਰੀ ਮੰਜ਼ਲ ਹੈ ਮਨੁੱਖ ਦਾ 'ਸੰਤ' ਹੋ ਜਾਣਾ, ਮਨੁੱਖ ਦਾ ਗੁਰਮੁਖ ਹੋ ਜਾਣਾ।

ਮਨੁੱਖ ਦਾ ਬ੍ਰਹਮ ਗਿਆਨੀ ਹੋ ਜਾਣਾ। ਤੋ ਮੈਂ ਅੱਜ ਇਹ ਕਹਿ ਰਿਹਾ ਸੀ। ਗੁਰਦਵਾਰੇ ਆਈਏ, ਤੋ ਸਾਨੂੰ ਮਕਸਦ ਦਾ ਹੀ ਪਤਾ ਨਾ ਹੋਵੇ ਬਈ ਅਸੀਂ ਕਿਉਂ ਆ ਰਹੇ ਹਾਂ, ਆਣ ਨਾਲ ਕੀ ਲੱਭਦਾ ਹੈ, ਤੇ ਜੇ ਨਾ ਆਈਏ ਤਾਂ ਕੀ ਘਟਦਾ ਹੈ ਤੋ ਮੈਂ ਦੇਖਦਾ ਹਾਂ, ਬਹੁਤ ਸਾਰੇ ਮਨੁੱਖ ਬਿਨਾਂ ਮਕਸਦ ਤੋਂ ਹੀ ਆਉਂਦੇ ਹਨ।

ਇਥੇ ਭੋਜਨ ਤੇ ਭਜਨ ਦੀ ਗੱਲ ਹੈ। ਸੰਗਤ ਤੇ ਪੰਗਤ ਦੀ ਗੱਲ ਹੈ। ਸੰਗਤ ਦੇ ਵਿਚ ਸਿਮਰਨ ਕਰਨਾ ਹੈ, ਪੰਗਤ ਦੇ ਵਿਚ ਸੇਵਾ ਕਰਨੀ ਹੈ। ਸੇਵਾ ਸਿਮਰਨ ਦੇ ਪੰਖਾਂ ਨਾਲ ਆਪਣੀ ਸੁਰਤ ਨੂੰ ਬੁਲੰਦੀ 'ਤੇ ਲੈ ਜਾਣਾ ਹੈ, ਉਚਾਈਆਂ 'ਤੇ ਲੈ ਜਾਣਾ ਹੈ, ਸਤ ਨਾਲ ਜੋੜਨ ਦੀ ਕੋਸ਼ਿਸ਼ ਕਰਨੀ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੀ ਬਾਣੀ ਫ਼ੁਰਮਾਨ ਕਰਦੀ ਹੈ ਕਿ ਮਨੁੱਖ ਦਾ ਇਹ ਜਿਹੜਾ ਦਸਵਾਂ ਇੰਦਰਾ ਹੈ, ਜਿਸ ਨੂੰ ਦਸਮ ਦੁਆਰ ਕਹਿੰਦੇ ਨੇ, ਧਾਰਮਿਕ ਦੁਨੀਆ ਵਿਚ ਮਨੁੱਖ ਇਸ ਦਾ ਇਸਤੇਮਾਲ ਨਹੀਂ ਕਰਦਾ। ਔਰ ਇਹ ਇੰਦਰਾ ਉਂਜ ਵੀ ਰੱਬ ਨੇ ਗੁਪਤ ਬਣਾ ਦਿੱਤਾ ਹੈ:

**.....ਨਉ ਦੁਆਰੇ ਪਰਗਟੁ ਕੀਏ, ਦਸਵਾ ਗੁਪਤੁ ਰਖਾਇਆ ॥** *(੯੨੨)*

ਬੰਦੇ 'ਤੇ ਸਵਾਲ ਕਰੀਏ, ਬਈ ਤੂੰ ਆਪਣੀ ਜ਼ਬਾਨ ਵਿਖਾਲ। ਤੇ ਉਹ ਕਹਿੰਦਾ ਹੈ ਇਹ ਮੇਰੀ ਜ਼ਬਾਨ ਹੈ, ਇਹ ਮੇਰੀਆਂ ਅੱਖਾਂ ਨੇ, ਇਹ ਮੇਰੀ ਨਾਸਿਕਾ ਹੈ, ਇਹ ਮੇਰੇ ਕੰਨ ਨੇ। ਤੇ ਬੰਦੇ 'ਤੇ ਹੁਣ ਇਹ ਸਵਾਲ ਕਰੀਏ, ਤੂੰ ਆਪਣਾ ਦਿਮਾਗ਼ ਵਿਖਾ, ਆਪਣੀ ਸੋਚਣ-ਸ਼ਕਤੀ ਵਿਖਾ, ਆਪਣੀ ਬੁੱਧ ਦੇ ਦਰਸ਼ਨ ਕਰਵਾ, ਆਪਣੀ ਵਿਚਾਰ-ਸ਼ਕਤੀ ਦੇ ਦਰਸ਼ਨ ਕਰਵਾ। ਤੋ ਦਿਮਾਗ਼ ਦੇ ਦਰਸ਼ਨ ਨਹੀਂ ਕਰਵਾਏ ਜਾ ਸਕਦੇ। ਬੁੱਧ ਦੇ ਦਰਸ਼ਨ ਨਹੀਂ ਕਰਵਾਏ ਜਾ ਸਕਦੇ। ਪਰ ਹੈ ਜ਼ਰੂਰ, ਹਰ ਇਕ ਬੰਦੇ ਦੇ ਅੰਦਰ ਹੈ। ਔਰ ਇਹ ਇੰਦਰਾ ਗੁਪਤ ਹੈ। ਇਹ ਸਾਰੀ ਸ਼ਕਤੀ ਪਰੀਪੂਰਨ ਪਰਮਾਤਮਾ ਨੇ ਗੁਪਤ ਰੱਖੀ ਹੈ। ਸਾਹਿਬਾਂ ਦੀ ਬਾਣੀ ਇਹ ਕਹਿੰਦੀ ਹੈ, ਸੰਸਾਰ ਦੇ ਵਿਚ ਤੇ ਅਸੀਂ ਬੁੱਧ ਦਾ ਇਸਤੇਮਾਲ ਕਰਦੇ ਹਾਂ, ਨਿਰੰਕਾਰ ਦੇ ਰਸਤੇ ਵਿਚ ਇਸ ਦਾ ਇਸਤੇਮਾਲ ਨਹੀਂ ਕਰਦੇ, ਬਿਲਕੁਲ ਨਹੀਂ ਕਰਦੇ, ਇਹ ਬੁੱਧ ਅਚੇਤ ਪਈ ਹੈ, ਕਿਉਂਕਿ ਬੇ-ਮਕਸਦ ਗੁਰਦਵਾਰੇ ਆਉਂਦੇ ਹਾਂ। ਕਈ ਬੰਦੇ ਸਿਰ ਢਾ ਕੇ ਬੈਠੇ ਹਨ, ਕਈ ਬੰਦੇ ਹੌਕੇ ਭਰਦੇ ਪਏ ਹੁੰਦੇ ਹਨ।

ਆਹ ਜਿਹੜਾ ਕੀਰਤਨ ਹੈ, ਸਾਹਿਬਾਂ ਦੀ ਬਾਣੀ ਕਹਿੰਦੀ ਹੈ:

**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥** *(੭੪੭)*

ਇਕ ਨਿਮਖ ਤੂੰ ਕੀਰਤਨ ਕਰ ਤੇ ਸਾਰੇ ਹੀ ਬੰਧਨ ਟੁੱਟ ਜਾਣ। ਇਕ

ਨਿਮਖ ਹੈ ਇਕ ਸੈਕਿੰਡ। ਤੇ ਕੀਰਤਨ ਕਰਦਿਆਂ ਕਈ ਦਫ਼ਾ ਸਾਨੂੰ ਸਾਰੀ ਜ਼ਿੰਦਗੀ ਲੰਘ ਜਾਂਦੀ ਹੈ, ਗੱਲ ਨਹੀਂ ਬਣਦੀ।

ਗੁਰਮਤਿ ਵਿਚ ਈਸ਼ਵਰ-ਪ੍ਰਾਪਤੀ ਦੇ ਦੋ ਸਾਧਨ ਹੀ ਮੰਨੇ ਗਏ ਹਨ: ਕੀਰਤਨ ਤੇ ਕਥਾ। ਲੇਕਿਨ ਪ੍ਰਧਾਨ ਸਾਧਨ ਹੈ—ਕੀਰਤਨ। "ਕਲਜੁਗ ਮਹਿ ਕੀਰਤਨੁ ਪਰਧਾਨਾ॥"[੧] ਕਥਾ ਵਿਚ ਸਿਰਫ਼ ਇਕ ਗੱਲ ਦੀ ਵਿਚਾਰ ਕਰਨੀ ਹੈ ਕਿ ਕੀਰਤਨ ਕਿਸ ਨੇ ਕਰਨਾ ਹੈ? ਕੀਰਤਨ ਕਿਉਂ ਕਰਨਾ ਹੈ? ਕੀਰਤਨ ਕਿਸ ਦਾ ਕਰਨਾ ਹੈ? ਬੱਸ ਇਨ੍ਹਾਂ ਤਿੰਨਾਂ ਗੱਲਾਂ ਦੀ ਵਿਚਾਰ ਕਰਨੀ ਹੈ। ਇਸ ਦੇ ਕਰਨ ਨਾਲ ਕੀ ਹੁੰਦਾ ਹੈ? ਖਿਮਾ ਕਰਨੀ, ਬਹੁਤਿਆਂ ਨੂੰ ਨਹੀਂ ਪਤਾ, ਕੀ ਹੁੰਦਾ ਹੈ? ਇਸ ਦੇ ਕਰਨ ਨਾਲ ਕੁਝ ਲੱਭਿਆ ਹੈ। ਭੋਜਨ ਦੀ ਬੁਰਕੀ ਮੂੰਹ 'ਚ ਪਾਈਏ, ਉਸੇ ਵਕਤ ਸਵਾਦ ਆ ਜਾਂਦਾ ਹੈ, ਤੇ ਜੇ ਭਜਨ ਕਰੀਏ ਤੇ ਉਸੇ ਵਕਤ ਸਵਾਦ ਨਹੀਂ ਆਇਆ ਤਾਂ ਭਜਨ ਨਹੀਂ ਕੀਤਾ ਗਿਆ। ਇੰਨੀ ਮੈਂ ਅਰਜ਼ ਕਰ ਦਿਆਂ। ਫਿਰ ਇਕ ਝੂਠੀ ਤਸੱਲੀ ਦਿੱਤੀ ਜਾਂਦੀ ਹੈ ਧਾਰਮਿਕ ਸਟੇਜਾਂ 'ਤੇ ਕਿ ਅੱਜ ਕੀਰਤਨ ਕਰ, ਇਹਦਾ ਫਲ ਤੈਨੂੰ ਅਗਲੇ ਜਨਮ ਵਿਚ ਮਿਲੇਗਾ। ਅੱਜ ਤੂੰ ਦਾਨ ਪੁੰਨ ਕਰ, ਇਹਦਾ ਫਲ ਤੈਨੂੰ ਦੋ ਚਾਰ ਜਾਂ ਦਸ ਸਾਲ ਬਾਅਦ ਜਾਂ ਫਿਰ ਅਗਲੇ ਜਨਮ ਵਿਚ ਮਿਲੇਗਾ। ਹੱਦ ਹੋ ਗਈ, ਇਹ ਜ਼ਿੰਦਗੀ ਰੋਂਦਿਆਂ ਪਿਟਦਿਆਂ ਗੁਜ਼ਾਰ ਦਈਏ ਤੇ ਇਹਦਾ ਫਲ ਅਗਲੇ ਜਨਮ ਵਿਚ ਮਿਲੇ। ਤੇ ਐਸੇ ਭਜਨ ਦਾ ਜਾਂ ਐਸੇ ਕੀਰਤਨ ਦਾ ਮਤਲਬ ਕੀ ਹੋਇਆ? ਸਤ ਦਿਨ ਦਾ ਭੁੱਖਾ ਬੰਦਾ ਹੋਵੇ, ਉਹਦੇ ਅੱਗੇ ਪਰੋਸਿਆ ਹੋਇਆ ਥਾਲ ਰੱਖ ਦਈਏ ਤੇ ਨਾਲੇ ਸ਼ਰਤ ਇਹ ਲਾ ਦਈਏ ਕਿ ਰੋਟੀ ਖਾ ਤੇ ਲੈ, ਭੁੱਖ ਤੇਰੀ ਇਕ ਮਹੀਨੇ ਬਾਅਦ ਮਿਟੇਗੀ। ਵਿਚਾਰਾ ਇਕ ਮਹੀਨੇ ਤਕ ਜ਼ਿੰਦਾ ਵੀ ਰਹਿ ਸਕੇਗਾ, ਰੋਟੀ ਅੱਜ ਖਾਏ ਤੇ ਭੁੱਖ ਮਹੀਨੇ ਬਾਅਦ ਮਿਟੇ। ਇਕ ਪਿਆਸਾ ਬੰਦਾ ਹੋਵੇ, ਉਹਦੇ ਅੱਗੇ ਭਰਿਆ ਹੋਇਆ ਸ਼ਰਬਤ ਦਾ ਗਲਾਸ ਰੱਖ ਦੇਈਏ ਤਾਂ ਸ਼ਰਤ ਇਹ ਲਾ ਦੇਈਏ, ਪੁਰਖਾ! ਪੀ ਤੇ ਲੈ, ਲੇਕਿਨ ਤੇਰੀ ਪਿਆਸ ਇਕ ਹਫ਼ਤਾ ਬਾਅਦ ਮਿਟੇਗੀ। ਤੇ ਜੇ ਇਕ ਹਫ਼ਤਾ ਬਾਅਦ ਹੀ ਪਿਆਸ ਮਿਟਣੀ ਹੈ ਤੇ ਫਿਰ ਹੁਣ ਪੀਣ ਦਾ ਕੀ ਮਤਲਬ? ਕੀ ਮਨੁੱਖ ਇਕ ਹਫ਼ਤਾ ਇੰਤਜ਼ਾਰ ਨਹੀਂ ਕਰ ਸਕਦਾ? ਮਨੁੱਖ ਇਕ ਮਹੀਨਾ ਇੰਤਜ਼ਾਰ ਨਹੀਂ ਕਰ ਸਕਦਾ? ਤੇ ਧਾਰਮਿਕ ਕੰਮ ਕਰੀਏ ਅੱਜ, ਇਹਦਾ ਫਲ ਮਿਲੇ ਅਗਲੇ ਜਨਮ ਵਿਚ, ਤੇ ਕਰਨ ਦੀ ਲੋੜ ਕੀ ਹੈ?

ਇਹ ਧਰਮ ਕੋਈ ਉਧਾਰ ਦੀ ਚੀਜ਼ ਨਹੀਂ। ਇਹ ਹੁਣੇ ਹੀ ਰਸ ਮਿਲਦਾ ਹੈ।

---

੧. ਮਾਰੂ ਸੋਹਲੇ ਮ: ੫—੧੦੭੫।

**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥**

(੭੪੭)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵਜ਼ਾਹਿਤ ਕਰ ਦਿੱਤੀ :

**ਏਕ ਚਿਤ ਜਿਹ ਇਕ ਛਿਨ ਧਿਆਇਓ॥**
**ਕਾਲ ਫਾਸ ਕੇ ਬੀਚ ਨ ਆਇਓ॥** (ਤ੍ਵ ਪ੍ਰਸਾਦਿ ਚੌਪਈ)

ਇਹ ਅਤਿਕਥਨੀ ਅਲੰਕਾਰ ਨਹੀਂ ਹੈ, ਬਈ ਗੱਲ ਨੂੰ ਵਧਾ ਕੇ ਬਿਆਨ ਕਰਨਾ। ਔਰ ਬੜੀ ਖ਼ੂਬਸੂਰਤੀ ਦੇ ਨਾਲ ਬਿਆਨ ਕਰਨਾ, ਇਸ ਨੂੰ ਕਹਿੰਦੇ ਨੇ ਅਤਿ-ਉਪਮਾ ਅਲੰਕਾਰ। ਇਹ ਅਤਿ-ਉਪਮਾ ਅਲੰਕਾਰ ਨਹੀਂ ਹੈ ਕਿ ਬਈ ਇਕ ਛਿਨ ਦੇ ਵਿਚ ਹੀ ਗੱਲ ਬਣ ਜਾਂਦੀ ਹੈ। ਇਹ ਬਿਲਕੁਲ ਸਚਾਈ ਹੈ ਕਿ ਇਕ ਸੈਕਿੰਡ ਵਿਚ ਗੱਲ ਬਣ ਜਾਂਦੀ ਹੈ। ਬਹੁਤ ਸਾਰੇ ਘੰਟੇ, ਬਹੁਤ ਸਾਰੇ ਮਹੀਨੇ ਅਸੀਂ ਇਸ ਵਾਸਤੇ ਹੀ ਸਤਿ-ਸੰਗਤ ਕਰਦੇ ਹਾਂ, ਬਈ ਉਹ ਇਕ ਸੈਕਿੰਡ ਸਾਡੀ ਜ਼ਿੰਦਗੀ ਵਿਚ ਆ ਸਕੇ। ਸਾਡੀ ਜ਼ਿੰਦਗੀ 'ਚ ਉਹ ਇਕ ਛਿਨ ਆ ਸਕੇ, ਜਿਸ ਵਿਚ ਸਾਰੇ ਬੰਧਨ ਟੁੱਟ ਜਾਂਦੇ ਹਨ। ਜਿਸ ਛਿਨ ਵਿਚ ਸਾਰੀਆਂ ਹੀ ਕੜੀਆਂ ਟੁੱਟ ਜਾਂਦੀਆਂ ਹਨ।

ਤੇ ਖ਼ੈਰ, ਮੈਂ ਅਰਜ਼ ਇਹ ਕਰ ਰਿਹਾ ਸੀ ਕਿ ਮਾਂ ਬਾਪ ਦੇ ਘਰ ਸਾਡਾ ਜਨਮ ਹੋ ਗਿਆ ਹੈ, ਸਤਿਗੁਰੂ ਦੇ ਘਰ ਹੁਣ ਜਨਮ ਲੈਣਾ ਹੈ। ਇਹ ਜਿਹੜੀ ਸਤਿ-ਸੰਗਤ ਹੈ ਨਾ, ਇਹ ਮਾਂ ਹੈ, ਅਸੀਂ ਇਸ ਤੋਂ ਜਨਮ ਲੈਣਾ ਹੈ। ਤੇ ਜਿਸ ਦਿਨ ਇਸ ਥਾਂ ਤੋਂ ਸਾਡਾ ਜਨਮ ਹੋ ਗਿਆ, ਅਸੀਂ ਸੰਤ ਹੋਵਾਂਗੇ। ਭਾਈ ਸਾਹਿਬ ਭਾਈ ਗੁਰਦਾਸ ਸਾਹਿਬ ਦੀ ਇਕ ਪੰਗਤੀ ਮੈਨੂੰ ਚੇਤੇ ਆਈ ਹੈ, ਤੇ ਥੋੜ੍ਹੀ ਜਿਹੀ ਉਸ ਦੀ ਵਿਆਖਿਆ ਮੈਂ ਤੁਹਾਡੇ ਸਾਹਮਣੇ ਰੱਖਾਂ ਤੇ ਗੱਲ ਸਪਸ਼ਟ ਹੋ ਜਾਏਗੀ। ਭਾਈ ਸਾਹਿਬ ਕਹਿੰਦੇ ਨੇ :

**ਬਾਰਹ ਵਰੇ ਗਰਭਾਸਿ ਵਸਿ, ਜੰਮਦੇ ਹੀ ਸੁਕਿ ਲਈ ਉਦਾਸੀ॥**

(ਵਾਰ ੨੫/੧੦)

ਸੁਕਦੇਵ ਇਕ ਬੜਾ ਭਾਰੀ ਰਿਸ਼ੀ ਹੋਇਆ ਹੈ। ਬਹੁਤ ਵਿਦਵਾਨ ਤੇ ਪੰਡਿਤ ਸੀ, ਬਹੁਤ ਵੱਡਾ ਤਪੀਸਰ ਸੀ। ਇਹ ਰਿਸ਼ੀ ਵੇਦ-ਵਿਆਸ ਦਾ ਪੁੱਤਰ ਸੀ। ਇਸ ਬਾਰੇ ਸਾਡੇ ਦੇਸ਼ ਵਿਚ ਇਕ ਕਹਾਣੀ ਪ੍ਰਚਲਿਤ ਹੈ ਕਿ ਇਹ ਬਾਰ੍ਹਾਂ ਸਾਲ ਤਕ ਮਾਤਾ ਦੇ ਗਰਭ ਵਿਚ ਰਿਹਾ ਤੇ ਬਾਰ੍ਹਾਂ ਸਾਲ ਬਾਅਦ ਇਸ ਦਾ ਜਨਮ ਹੋਇਆ। ਲੇਕਿਨ ਇਹ ਗੱਲ ਨੇਚਰ (Nature) 'ਤੇ ਪੂਰੀ ਨਹੀਂ ਉਤਰਦੀ ਕਿ ਕੋਈ ਮਨੁੱਖੀ ਬੱਚਾ ਮਾਂ ਦੇ ਗਰਭ ਵਿਚ ਬਾਰ੍ਹਾਂ ਸਾਲ ਤਕ ਰਿਹਾ ਹੋਵੇ,

ਕਾਬਲੇ-ਕਬੂਲ ਨਹੀਂ ਹੈ। ਤਰਕ ਖੜੀ ਹੋ ਜਾਂਦੀ ਹੈ, ਸੰਸਾ ਖੜਾ ਹੋ ਜਾਂਦਾ ਹੈ, ਦਿਲ ਦਿਮਾਗ਼ ਇਨਕਾਰੀ ਹੋ ਜਾਂਦਾ ਹੈ, ਮੰਨਣ ਤੋਂ, ਸੋਚਣ ਤੋਂ, ਬਈ ਇਹ ਗੱਲ ਹੋ ਹੀ ਨਹੀਂ ਸਕਦੀ, ਗ਼ੈਰ ਕੁਦਰਤੀ ਹੈ। ਤੇ ਅਜੋਕੀ ਸਾਇੰਸ ਕਿਉਂਕਿ ਬਹੁਤ ਤਰੱਕੀ 'ਤੇ ਹੈ, ਤੇ ਜਿਹੜੀ ਸਾਇੰਸ ਧਰਮ ਦੇ ਕਿਸੇ ਨੁਕਤੇ ਬਾਰੇ ਇਨਕਾਰੀ ਜਜ਼ਬਾਤ ਰੱਖ ਦਿੰਦੀ ਹੋਵੇ ਤੇ ਮਨੁੱਖ ਦੀ ਸ਼ਰਧਾ ਨੂੰ ਸੱਟ ਵਜਦੀ ਹੈ। ਕੁਝ ਧਾਰਮਿਕ ਗ੍ਰੰਥਾਂ ਵਿਚ ਐਸਾ ਲਿਖਿਆ ਹੈ ਕਿ ਚੰਦਰਮਾ ਨੂੰ ਪਰਨਾ ਮਾਰਿਆ ਗੌਤਮ ਰਿਸ਼ੀ ਨੇ, ਅਤੇ ਦਾਗ਼ ਲੱਗ ਗਿਆ ਤੇ ਜਿਸ ਦਿਨ ਸਾਇੰਸਦਾਨਾਂ ਨੇ ਆਪਣੇ ਕਦਮ ਚੰਦਰਮਾ 'ਤੇ ਰਖੇ ਤਾਂ ਇਹੋ ਜਿਹੀਆਂ ਕਹਾਣੀਆਂ ਸੁਣਾਉਣ ਵਾਲਿਆਂ ਨੂੰ ਬੜੀ ਸੱਟ ਵੱਜੀ, ਬਈ ਹੁਣ ਕਿਸ ਤਰ੍ਹਾਂ ਆਖੀਏ, ਇਹ ਗੱਲ ਕਿਸ ਤਰ੍ਹਾਂ ਸੁਣਾਈਏ? ਧਰਮ ਗ੍ਰੰਥਾਂ ਵਿਚ ਐਸਾ ਲਿਖਿਆ ਹੈ ਕਿ ਬਈ ਇਕ ਤੀਰ ਮਾਰਿਆ ਚੰਦਰਮਾ ਨੂੰ, ਤੇ ਇਹਦੇ ਸਤ ਟੁਕੜੇ ਹੋ ਗਏ। ਅੱਜ ਇਸ ਤਰ੍ਹਾਂ ਦੀਆਂ ਕਹਾਣੀਆਂ ਕਿਸ ਤਰ੍ਹਾਂ ਸੁਣਾਈਏ। ਅੱਜ ਐਸੀਆਂ ਸਾਖੀਆਂ ਕਿਸ ਤਰ੍ਹਾਂ ਸੁਣਾਈਏ? ਸਾਇੰਸ ਨੇ ਹਿੰਦੂ ਧਰਮ ਦੀਆਂ ਬਹੁਤ ਸਾਰੀਆਂ ਗੱਲਾਂ ਦੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ ਹਨ। ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਨੇ ਕੇਵਲ ਗਿਆਨ ਦੀ ਗੱਲ ਆਖੀ, ਧਰਮ ਦੀ ਗੱਲ ਆਖੀ, ਸਾਇੰਸ ਨੂੰ ਨਹੀਂ ਛੋਹਿਆ, ਇਤਨੀ ਮੈਂ ਅਰਜ਼ ਕਰ ਦਿਆਂ, ਪ੍ਰਕ੍ਰਿਤੀ ਨੂੰ ਨਹੀਂ ਛੋਹਿਆ। ਪਤਾ ਹੈ ਕਿਉਂ ਗੁਰੂ ਗ੍ਰੰਥ ਸਾਹਿਬ ਨਿਰੋਲ ਧਾਰਮਿਕ ਗ੍ਰੰਥ ਨੇ ਆਤਮਾ ਦੀ ਗੱਲ ਕਰਨੀ ਹੈ, ਪਰਮਾਤਮਾ ਦੀ ਗੱਲ ਕਰਨੀ ਹੈ। ਤੇ ਜਦ ਪਰਮਾਤਮਾ ਦੀ ਗੱਲ ਮੁਕੰਮਲ ਹੋ ਗਈ ਤੇ ਸੰਸਾਰ ਦੀ ਗੱਲ ਆਪੇ ਹੀ ਹੋ ਗਈ। ਸੰਸਾਰ ਦੀ ਗੱਲ ਨੂੰ ਗੁਰੂ ਨਾਨਕ ਨੇ ਇਕ ਪਾਸੇ ਰੱਖ ਦਿੱਤਾ ਹੈ। ਇਹੋ ਕਾਰਨ ਹੈ ਕਿ ਅੱਜ ਕੋਈ ਵੀ ਐਸੀ ਗ਼ੈਰ-ਵਿਗਿਆਨਕ ਗੱਲ ਗੁਰੂ ਗ੍ਰੰਥ ਸਾਹਿਬ ਵਿਚੋਂ ਲੱਭਣੀ ਔਖੀ ਹੈ। ਇਥੇ ਸੱਚ ਦੀ ਗੱਲ ਹੈ:

**ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ,**
**ਮਤੁ ਕੋ ਧਰਹੁ ਗੁਮਾਨਾ॥੧॥**

(੭੯੭)

ਇਥੇ ਗੱਲ ਹੀ ਸੱਚ ਦੀ ਹੈ, ਸੱਚ ਦੀ ਵਿਚਾਰ ਹੈ, ਸੱਚ ਸੁਣਨਾ ਹੈ।

ਤੇ ਖ਼ੈਰ, ਮੈਂ ਇਹ ਅਰਜ਼ ਕਰ ਰਿਹਾ ਸੀ ਸਾਡੇ ਦੇਸ ਦਾ ਇਹ ਜੋ ਮਹਾਨ ਰਿਸ਼ੀ ਹੋਇਆ ਹੈ—ਸੁਕਦੇਵ। ਇਸ ਦੀਆਂ ਕਥਾਵਾਂ ਬੜੇ ਸ਼ੌਕ ਨਾਲ ਪੜ੍ਹੀਆਂ ਤੇ ਸੁਣੀਆਂ ਜਾਂਦੀਆਂ ਹਨ। ਔਰ ਗ਼ਜ਼ਬ ਦੀ ਗੱਲ ਹੈ ਕਿ ਇਹ ਆਪ ਵੀ ਰਿਸ਼ੀ ਸੀ ਤੇ ਰਿਸ਼ੀ ਦਾ ਪੁੱਤਰ ਸੀ। ਲੇਕਿਨ ਇਹਦੇ ਬਾਰੇ ਕਹਾਣੀ ਇਹ ਹੈ ਕਿ ਬਾਰ੍ਹਾਂ ਸਾਲ ਤਕ ਮਾਤਾ ਦੇ ਗ਼ਰਭ ਵਿਚ ਰਿਹਾ। ਭਾਈ ਸਾਹਿਬ ਭਾਈ ਗੁਰਦਾਸ

ਜੀ ਦੀ ਇਹ ਪਉੜੀ ਜਦ ਮੈਂ ਕਈ ਸਟੇਜਾਂ 'ਤੇ ਸੁਣਾਈ ਹੈ ਤੋ ਨੌਜਵਾਨ ਤਰਕ 'ਤੇ ਆ ਗਏ। ਅੱਜ ਕਲ੍ਹ ਦਾ ਨੌਜਵਾਨ ਧਰਮ ਤੋਂ ਬੜਾ ਬਾਗ਼ੀ ਹੈ, ਕਿਉਂਕਿ ਇਸ ਦੀ ਤਸੱਲੀ ਨਹੀਂ ਕਰਵਾਈ ਜਾਂਦੀ, ਤਸੱਲੀ ਨਾ ਹੋਣ ਕਰਕੇ ਉਹ ਬਾਗ਼ੀ ਹੋ ਜਾਂਦਾ ਹੈ। ਉਹ ਕਹਿਣ ਲਗੇ, ਹਰ ਜੀਵ ਦੀ ਪੈਦਾਇਸ਼ ਦਾ ਸਮਾਂ ਕੁਦਰਤ ਵਲੋਂ ਫ਼ਿਕਸ ਹੈ। ੨੨ ਦਿਨਾਂ ਵਿਚ ਮੁਰਗੀ ਦੇ ਬੱਚੇ ਅੰਡਿਆਂ ਵਿਚੋਂ ਨਿਕਲ ਆਉਂਦੇ ਹਨ। ਤਿੰਨ ਮਹੀਨਿਆਂ ਪਿਛੋਂ ਸਪਣੀ ਦੇ ਬੱਚੇ ਅੰਡਿਆਂ ਵਿਚੋਂ ਜਨਮ ਲੈ ਲੈਂਦੇ ਹਨ। ਇਸੇ ਪ੍ਰਕਾਰ ਹਿਰਨੀ ਛੇ ਮਹੀਨੇ ਪਿਛੋਂ ਆਪਣੇ ਬੱਚੇ ਨੂੰ ਜਨਮ ਦਿੰਦੀ ਹੈ। ਗਊ ਦੇ ਬੱਚੇ ਤੇ ਮਨੁੱਖੀ ਬੱਚੇ ਦਾ ਜਨਮ ੯ ਤੋਂ ੧੦ ਮਹੀਨਿਆਂ ਦੇ ਅੰਦਰ ਹੋ ਸਕਦਾ ਹੈ। ਇਕ ਦੋ ਮਹੀਨੇ ਘਟ ਜਾਂ ਵਧ ਹੋ ਸਕਦੇ ਹਨ, ਲੇਕਿਨ ਇਹ ਕਹਿਣਾ ਕਿ ਉਹ ਮਹਾਤਮਾ ੧੨ ਸਾਲ ਤਕ ਮਾਤਾ ਦੇ ਗਰਭ ਵਿਚ ਰਿਹਾ, ਤੇ ਸੰਦੇਹ ਜਾਗ ਪੈਂਦਾ ਹੈ, ਤਰਕ ਖੜਾ ਹੋ ਜਾਂਦਾ ਹੈ। ਤੋ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਹ ਗੱਲ ਆਖੀ ਹੈ, ਗੁਰਮਤਿ ਦੇ ਵੇਦ ਵਿਆਸ ਵਿਚ ਜਗਤ ਦੇ ਮਹਾਨ ਦਾਰਸ਼ਨਿਕ ਤੇ ਫ਼ਿਲਾਸਫ਼ਰ, ਜਿਨ੍ਹਾਂ ਨੇ ਜਿਹੜੀ ਗੱਲ ਵੀ ਆਖੀ ਹੈ, ਉਸ ਨੂੰ ਸਿੱਧ ਕਰਨ ਵਾਸਤੇ ਦਲੀਲਾਂ ਦੇ ਅੰਬਾਰ ਲਾ ਦਿੱਤੇ ਕਿ ਜਿਸ ਗੱਲ ਨੂੰ ਸਿੱਧ ਕਰਨ ਵਾਸਤੇ ਬੰਦਾ ਵਧ ਤੋਂ ਵਧ ਇਕ ਦਲੀਲ ਦੇ ਦੇਵੇਗਾ, ਦੋ ਦਲੀਲਾਂ ਦੇ ਦੇਵੇਗਾ, ਪਰ ਭਾਈ ਗੁਰਦਾਸ ਜੀ ਇਕ ਗੱਲ ਨੂੰ ਸਿੱਧ ਕਰਨ ਵਾਸਤੇ ਸੈਂਕੜੇ ਦਲੀਲਾਂ ਸਾਹਮਣੇ ਰੱਖ ਦਿੰਦੇ ਹਨ ਤਾਕਿ ਕੋਈ ਵੀ ਪਹਿਲੂ ਐਸਾ ਨਾ ਰਹਿ ਜਾਏ ਕਿ ਮਨੁੱਖ ਦੇ ਜ਼ਿਹਨ ਵਿਚੋਂ ਤਰਕ ਖੜੀ ਹੋ ਸਕੇ। ਲੇਕਿਨ ਐਸਾ ਮਹਾਨ ਵਿਦਵਾਨ ਇਹ ਵੀ ਉਸ ਸਾਖੀ ਨੂੰ ਸਾਡੇ ਸਾਹਮਣੇ ਰੱਖਦਾ ਹੈ ਕਿ ਸੁਕਦੇਵ ਮਾਤਾ ਦੇ ਗਰਭ ਵਿਚ ਬਾਰ੍ਹਾਂ ਸਾਲ ਤਕ ਰਿਹਾ। ਬਈ ਚਲੋ ਦਿਮਾਗ਼ ਨੂੰ ਇਕ ਪਾਸੇ ਰੱਖ ਕੇ ਮੰਨ ਲੈਂਦੇ ਹਾਂ। ਕਈ ਵਾਰੀ ਦਿਮਾਗ਼ ਨੂੰ ਇਕ ਪਾਸੇ ਰੱਖ ਕੇ ਦਿਲ ਨੂੰ ਰਾਜ਼ੀ ਕਰਨਾ ਪੈਂਦਾ ਹੈ, ਬਈ ਚਲੋ ਮੰਨ ਲਈਏ। ਪਰ ਭਾਈ ਗੁਰਦਾਸ ਜੀ ਨੇ ਦੂਜੀ ਗੱਲ ਪਤਾ ਹੈ ਕੀ ਲਿਖੀ ਹੈ ਕਿ 'ਜੰਮਦੇ ਹੀ ਸੁਕ ਲਈ ਉਦਾਸੀ' ਕਿ ਜੰਮਦਿਆਂ ਹੀ ਸੁਕਦੇਵ ਉਦਾਸੀ ਬਣ ਗਿਆ, ਜੰਮਦਿਆਂ ਹੀ ਘਰ ਛੱਡ ਗਿਆ, ਜੰਮਦਿਆਂ ਹੀ ਜੰਗਲ ਨੂੰ ਚਲਿਆ ਗਿਆ। ਹੁਣ ਅੱਜ ਜੰਮਿਆ ਬੱਚਾ ਹੁਣੇ ਹੀ ਜੰਗਲ ਨੂੰ ਕਿਵੇਂ ਚਲਿਆ ਗਿਆ, ਉਦਾਸੀ ਕਿਸ ਤਰ੍ਹਾਂ ਬਣਿਆ ? ਇਨ੍ਹਾਂ ਦੋ ਗੱਲਾਂ ਦੇ ਸਾਹਮਣੇ ਇਸ ਇਕ ਪੰਗਤੀ ਨੇ ਮੈਨੂੰ ਮਜਬੂਰ ਕੀਤਾ ਹੈ ਕਿ ਇਸ ਦੀ ਤਹਿ ਵਿਚ ਕੀ ਹੈ, ਅਸਲੀਅਤ ਕੀ ਹੈ ? ਭਾਈ ਸਾਹਿਬ ਕਹਿਣਾ ਕੀ ਚਾਹੁੰਦੇ ਹਨ ! ਇਤਨਾ ਵੱਡਾ ਫ਼ਿਲਾਸਫ਼ਰ ਅਤਿ-ਕਥਨੀ ਨਹੀਂ ਕਰ ਸਕਦਾ, ਗੱਲਾਂ ਵਧਾ

ਕੇ ਨਹੀਂ ਕਹਿ ਸਕਦਾ। ਲਾਜ਼ਮੀ ਇਸ ਵਿਚ ਮਹਾਨ ਸਚਾਈ ਹੈ, ਤੋ ਜਿਹੜੀ ਗੱਲ ਮੇਰੇ ਸਾਹਮਣੇ ਆਈ ਹੈ ਉਹ ਮੈਂ ਆਪ ਜੀ ਦੇ ਸਾਹਮਣੇ ਰੱਖਾਂ।

ਇਕ ਜਨਮ ਮਨੁੱਖ ਨੂੰ ਮਾਂ ਤੋਂ ਮਿਲਦਾ ਹੈ, ਇਕ ਜਨਮ ਮਹਿਫ਼ਲ ਤੋਂ, ਸੰਗਤ ਤੋਂ, ਮਾਹੌਲ ਤੋਂ ਮਿਲਦਾ ਹੈ। ਸਾਡੇ ਦੇਸ਼ ਵਿਚ ਬੜਾ ਪ੍ਰਚਲਿਤ ਨਾਹਰਾ ਲਾਇਆ ਜਾਂਦਾ ਹੈ ਕਿ ਜਨਮ ਤੋਂ ਨਾ ਕੋਈ ਸਾਧੂ ਹੈ, ਨਾ ਕੋਈ ਚੋਰ ਹੈ। ਸੰਗਤ ਤੋਂ ਬੰਦਾ ਚੋਰ ਬਣ ਜਾਂਦਾ ਹੈ, ਸਾਧੂ ਬਣ ਜਾਂਦਾ ਹੈ। ਐਸਾ ਹੈ। ਮਹਿਫ਼ਲ, ਇਕੱਠ, ਸੰਗਤ, ਬੰਦੇ ਨੂੰ ਬਦਨਾਮ ਬਣਾ ਦਿੰਦੀ ਹੈ ਤੇ ਬੰਦੇ ਨੂੰ ਸ਼ਰੀਫ਼ ਬਣਾ ਦਿੰਦੀ ਹੈ। ਮਾਂ ਬਾਪ ਤੋਂ ਸੁਤ ਨੇ ਜਨਮ ਲਿਆ ਹੈ। ਮਹਿਫ਼ਲਾਂ ਤੋਂ ਚੋਰ ਜਨਮ ਲੈਂਦੇ ਹਨ, ਸੰਤ ਜਨਮ ਲੈਂਦੇ ਨੇ, ਡਾਕੂ ਜਨਮ ਲੈਂਦੇ ਨੇ, ਰਿਸ਼ੀ ਜਨਮ ਲੈਂਦੇ ਨੇ। ਮਾਹੌਲ ਤੋਂ। ਔਰ ਕੁਦਰਤੀ ਗੱਲ ਹੈ ਮਾਹੌਲ ਦਾ ਅਸਰ ਪੈਂਦਾ ਹੈ। ਇਕ ਗੰਦਗੀ ਦਾ ਢੇਰ ਹੋਵੇ ਤੇ ਉਸ ਕੋਲੋਂ ਮੈਂ ਲੰਘਾਂ ਤੇ ਬਦਬੋ ਨਾ ਮੈਂ ਲੈਣਾ ਚਾਹਵਾਂ, ਪਰ ਬਦਬੂ ਲਾਜ਼ਮੀ ਮਿਲੇਗੀ। ਫੁੱਲਾਂ ਦੇ ਢੇਰ ਕੋਲੋਂ ਲੰਘਾਂ ਤਾਂ ਸੁਗੰਧੀ ਨਾ ਵੀ ਮੈਂ ਲੈਣਾ ਚਾਹਾਂ, ਫਿਰ ਵੀ ਲਾਜ਼ਮੀ ਮਿਲੇਗੀ। ਚੋਰਾਂ ਦੇ ਇਕੱਠ ਵਿਚ ਮੈਂ ਬੈਠ ਜਾਵਾਂ, ਬਦਮਾਸ਼ਾਂ ਦੇ ਇਕੱਠ ਵਿਚ ਮੈਂ ਬੈਠ ਜਾਵਾਂ, ਚੋਰੀ ਨਾ ਵੀ ਮੈਂ ਕਰਨੀ ਚਾਹਵਾਂ ਤਾਂ ਵੀ ਚੋਰਾਂ ਦੀਆਂ ਜੋ ਲਹਿਰਾਂ ਨੇ ਉਹ ਮੇਰੇ ਸਰੀਰ ਨਾਲ ਟਕਰਾਉਣਗੀਆਂ। ਉਹਨਾਂ ਦੇ ਜਜ਼ਬਾਤ, ਉਹਨਾਂ ਦੇ ਖ਼ਿਆਲ, ਮੇਰੇ ਦਿਲ ਦਿਮਾਗ਼ ਨਾਲ ਟਕਰਾਉਣਗੇ। ਔਰ ਆਪਣੀ ਬਦਬੂ ਪਾ ਜਾਣਗੇ।

ਸੋ ਸੁਕਦੇਵ ਬਾਰ੍ਹਾਂ ਸਾਲ ਤਕ ਸਤਿ ਪੁਰਖਾਂ ਦੀ ਸੰਗਤ ਕਰਦਾ ਰਿਹਾ। ਸਤਿ ਸੰਗਤ ਕਰਦਾ ਰਿਹਾ। ਸਤਿ ਸੰਗਤ ਨੂੰ ਤਰਜੀਹ ਮਾਂ ਨਾਲ ਦਿਤੀ ਹੈ। ਗੁਰੂ ਪਿਤਾ ਹੈ। ਸਤਿ ਸੰਗਤ ਮਾਤਾ ਹੈ। ਇਥੋਂ ਜਨਮ ਲੈਣਾ ਹੈ। ਇਥੋਂ ਨਵੀਂ ਜ਼ਿੰਦਗੀ ਲੈਣੀ ਹੈ। ਲੇਕਿਨ ਇਤਨੀ ਅਰਜ਼ ਕਰ ਦਿਆਂ, ਇਥੇ ਸਮਾਂ ਫ਼ਿਕਸ ਕੋਈ ਨਹੀਂ, ਤੁਸੀਂ ਸਾਰੇ ਗਰਭ ਵਿਚ ਬੈਠੇ ਹੋ। ਨਵੀਂ ਜ਼ਿੰਦਗੀ ਲੈਣ ਵਾਸਤੇ। ਜਦੋਂ ਬੱਚਾ ਗਰਭ ਵਿਚ ਹੁੰਦਾ ਹੈ ਤੇ ਮਾਂ ਜੋ ਗ਼ਜ਼ਾ ਖਾਂਦੀ ਏ ਉਸ ਦਾ ਤੱਤ ਉਸ ਨੂੰ ਮਿਲਦਾ ਹੈ। ਗੁਰਬਾਣੀ ਇਕ ਤੱਤਵ ਗਿਆਨ ਹੈ। ਇਹ ਗ਼ਜ਼ਾ ਇਸ ਮਨੁੱਖੀ ਬੱਚੇ ਨੂੰ ਮਿਲਦੀ ਹੈ, ਤਾਕਿ ਸੰਤ ਬਣ ਸਕੇ, ਇਸ ਨੂੰ ਨਵੀਂ ਜ਼ਿੰਦਗੀ ਮਿਲ ਸਕੇ। ਇਹਨੂੰ ਨਵਾਂ ਜੀਵਨ ਮਿਲ ਸਕੇ। ਪਰ ਸਮਾਂ ਇਥੇ ਫ਼ਿਕਸ ਨਹੀਂ। ਸਰੀਰਕ ਰੂਪ ਵਿਚ ਜਨਮ ਦਸ ਮਹੀਨਿਆਂ ਵਿਚ ਹੋ ਜਾਂਦਾ ਹੈ। ਇਥੇ ਨਵੀਂ ਜ਼ਿੰਦਗੀ ਮਨੁੱਖ ਨੂੰ ਕਦੋਂ ਮਿਲਣੀ ਹੈ? ਉਹ ਹੋ ਸਕਦਾ ਹੈ ਇਕ ਸੈਕਿੰਡ ਵਿਚ ਮਿਲ ਜਾਏ। ਬਾਲਮੀਕ ਇਕ ਸੈਕਿੰਡ ਵਿਚ ਰਿਸ਼ੀ ਬਣ ਗਿਆ। ਇਕ ਸੈਕਿੰਡ

ਹੀ ਲਗਿਆ, ਜ਼ਿਆਦਾ ਨਹੀਂ। ਸਪਤ ਰਿਸ਼ੀਆਂ ਨੇ ਇਕ ਗੱਲ ਸਾਹਮਣੇ ਰੱਖੀ ਹੈ। ਦਿਲ ਦਿਮਾਗ਼ ਨੂੰ ਐਸੀ ਚੋਟ ਕਰ ਗਈ ਤੇ ਉਹ ਬਦਲ ਗਿਆ। ਮੈਂ ਦੇਖਦਾ ਹਾਂ, ਉਹ ਸੱਜਣ ਠੱਗ ਜੋ ਦੁਰਾਚਾਰ,ਠੱਗੀ ਤੇ ਜ਼ੁਲਮ ਦੀ ਇੰਤਹਾ ਨੂੰ ਛੂਹ ਗਿਆ ਸੀ, ਇਕੋ ਹੀ ਸ਼ਬਦ ਗੁਰੂ ਨਾਨਕ ਦਾ ਸੁਣਿਆ ਹੈ, ਦੋ ਨਹੀਂ, ਇਕੋ ਹੀ "ਸਜਣ ਸੇਈ ਨਾਲਿ ਮੈ ਚਲਦਿਆ ਨਾਲ ਚਲੰਨਿ੍॥"[੧] ਕਿਸੇ ਵਕਤ ਮੈਂ ਖੁਲਾਸਾ ਕਰਾਂਗਾ। ਕੀਰਤਨ ਗੁਰੂ ਨਾਨਕ ਦੇਵ ਜੀ ਆਪ ਕਰਿਆ ਕਰਦੇ ਸਨ। ਮਰਦਾਨਾ ਸਿਰਫ਼ ਨਾਲ ਰਬਾਬ ਵਜਾਂਦਾ ਸੀ। ਕਿਉਂਕਿ ਜਨਮ ਸਾਖੀ ਵਿਚ ਐਸਾ ਲਿਖਿਆ ਹੈ ਕਿ ਮਹਾਰਾਜ ਕਹਿੰਦੇ ਸਨ 'ਬਾਣੀ ਆਈ ਏ ਮਰਦਾਨਿਆ! ਰਬਾਬ ਛੇੜ।' ਤੇ ਬਾਣੀ ਮਰਦਾਨੇ ਨੂੰ ਨਹੀਂ ਆਈ, ਬਾਣੀ ਗੁਰੂ ਨਾਨਕ ਦੇਵ ਨੂੰ ਆਈ ਹੈ। ਗਾਂਵਦੇ ਗੁਰੂ ਨਾਨਕ ਦੇਵ ਆਪ ਨੇ। ਹਰ ਰਾਗ ਵਿਚ ਗਾਂਵਦੇ ਨੇ। ਪਰ ਜਿਹੜਾ ਰਾਗ ਅਲਾਪਦੇ ਨੇ, ਮਰਦਾਨੇ ਨੂੰ ਪਤਾ ਚਲ ਜਾਂਦਾ ਹੈ ਕਿ ਮੈਂ ਹੁਣ ਕਿਹੜੀ ਸੁਰ ਛੇੜਨੀ ਹੈ, ਕਿਹੜੀ ਧੁਨ ਕੱਢਣੀ ਹੈ। ਮਰਦਾਨਾ ਰਬਾਬ ਦੀਆਂ ਤਾਰਾਂ ਵਿਚੋਂ ਸੰਗੀਤ ਕੱਢਦਾ ਹੈ, ਸੰਬੰਧ ਬੜਾ ਗਹਿਰਾ ਹੈ। ਇਕ ਰੱਬੀ ਮਾਹੌਲ ਪੈਦਾ ਹੁੰਦਾ ਹੈ। ਇਕ ਰੱਬੀ ਫ਼ਿਜ਼ਾ ਪੈਦਾ ਹੋ ਜਾਂਦੀ ਹੈ। ਸੱਜਣ ਠੱਗ ਵਰਗੇ ਪ੍ਰਭਾਵਿਤ ਹੋ ਜਾਂਦੇ ਨੇ। ਇਕੋ ਸ਼ਬਦ ਸੁਣਿਆ ਹੈ, ਸੱਜਣ ਠੱਗ ਸੱਜਣ ਬਣ ਗਿਆ ਹੈ, ਰਿਖੀ ਬਣ ਗਿਆ ਹੈ। ਗੁਸਤਾਖ਼ੀ ਮੁਆਫ਼, ਅਸੀਂ ਗੁਰੂ ਨਾਨਕ ਦੇ ਕਿਤਨੇ ਸ਼ਬਦ ਸੁਣੇ ਹੋਣਗੇ ਤੇ ਕਿਤਨੀ ਦਫ਼ਾ ਸੁਣੇ ਹੋਣਗੇ। ਮੈਂ ਸਮਝਦਾ ਹਾਂ, ਜਿਹੜੀ ਅਵਸਥਾ ਸੱਜਣ ਠੱਗ ਨੂੰ ਮਿਲੀ ਸੀ ਉਹ ਨਹੀਂ ਮਿਲੀ। ਉਹ ਸੱਜਣ ਬਣ ਗਿਆ ਸੀ। ਇਕੋ ਹੀ ਸ਼ਬਦ ਗੁਰੂ ਨਾਨਕ ਦਾ ਕੌਡੇ ਰਾਖਸ਼ਸ਼ ਨੇ ਸੁਣਿਆ ਹੈ, ਸਿਰਫ਼ ਇਕੋ ਹੀ ਸ਼ਬਦ। ਜ਼ਿੰਦਗੀ ਬਦਲ ਗਈ। ਜੀਵਨ ਬਦਲ ਗਿਆ ਹੈ। ਗੱਲ ਹੋਰ ਦੀ ਹੋਰ ਹੋ ਗਈ।

ਸੋ, ਇਕ ਸੈਕਿੰਡ ਵਿਚ ਵੀ ਨਵੀਂ ਜ਼ਿੰਦਗੀ ਮਿਲ ਸਕਦੀ ਹੈ, ਇਕ ਦਿਨ ਵੀ ਲਗ ਸਕਦਾ ਹੈ ਤੇ ਇਕ ਸਾਲ ਵੀ ਲਗ ਸਕਦਾ ਹੈ। ਦਸ ਸਾਲ ਵੀ ਲਗ ਸਕਦੇ ਨੇ, ਪੰਜਾਹ ਸਾਲ ਵੀ ਲਗ ਸਕਦੇ ਨੇ। ਖਿਮਾ ਕਰਨੀ, ਪੂਰਾ ਜਨਮ ਵੀ ਲਗ ਸਕਦਾ ਹੈ ਤੇ ਕਈ ਜਨਮ ਵੀ ਲਗ ਸਕਦੇ ਨੇ। ਸਮਾਂ ਫ਼ਿਕਸ ਕੋਈ ਨਹੀਂ। ਨਿਰਧਾਰਿਤ ਸਮਾਂ ਕਿ ਮਨੁੱਖ ਨੂੰ ਇਥੋਂ ਨਵੀਂ ਜ਼ਿੰਦਗੀ ਕਦੋਂ ਮਿਲਣੀ ਹੈ। ਤੇ ਭਾਈ ਸਾਹਿਬ ਭਾਈ ਗੁਰਦਾਸ ਜੀ ਤਾਂ ਇਥੋਂ ਤਕ ਵੀ ਕਹਿੰਦੇ ਨੇ ਕਿ ਕੁਛ ਐਸੇ ਬੱਚੇ ਵੀ ਨੇ ਕਿ ਕੇਤੇ ਗਰਭ ਗਲੇ ਹੈਂ। ਭਾਈ ਸਾਹਿਬ ਨੇ ਗੱਲ ਨੂੰ ਬੜਾ ਗ਼ਜ਼ਬ ਨਾਲ ਖੋਲ੍ਹਿਆ ਹੈ। ਕਈ ਬੱਚੇ ਐਸੇ ਨੇ ਜੋ ਗਰਭ ਦੇ ਵਿਚ ਹੀ ਗਲ

੧. ਸੂਹੀ ਮਹਲਾ ੧—੭੨੯

ਜਾਂਦੇ ਨੇ, ਸੜ ਜਾਂਦੇ ਨੇ, ਮਰ ਜਾਂਦੇ ਨੇ, ਤੇ ਉਹਨਾਂ ਦਾ ਜਦ ਜਨਮ ਹੁੰਦਾ ਹੈ ਤਾਂ ਮਰੇ ਹੋਏ ਹੁੰਦੇ ਨੇ। ਹੁਣ ਮਾਤਾ ਦੇ ਗਰਭ ਵਿਚੋਂ ਤਾਂ ਜਨਮ ਮਿਲਣਾ ਚਾਹੀਦਾ ਹੈ। ਮੌਤ ਮਿਲ ਗਈ। ਜੰਮਿਆ ਹੈ, ਮਰਿਆ ਹੋਇਆ ਜੰਮਿਆ। ਗੁਰਦੁਆਰੇ ਆ ਕੇ ਨਵੀਂ ਜ਼ਿੰਦਗੀ ਲੈਣੀ ਹੈ। ਖਿਮਾ ਕਰਨੀ, ਕਈ ਗੁਰਦਵਾਰੇ ਆ ਕੇ ਹੀ ਜ਼ਿਆਦਾ ਈਰਖਾਲੂ ਹੋ ਜਾਂਦੇ ਨੇ। ਜ਼ਿਆਦਾ ਹੰਕਾਰੀ ਹੋ ਜਾਂਦੇ ਨੇ। ਜ਼ਿਆਦਾ ਜੋ ਹੈ ਤ੍ਰਿਸ਼ਨਾਲੂ ਹੋ ਜਾਂਦੇ ਨੇ। ਜ਼ਿਆਦਾ ਹੀ ਲੋਭੀ ਹੋ ਜਾਂਦੇ ਨੇ। ਇਥੇ ਹੀ ਆ ਕੇ ਜ਼ਿਆਦਾ ਤਰਕਸ਼ੀਲ ਹੋ ਜਾਂਦੇ ਨੇ। ਭਾਈ ਸਾਹਿਬ ਕਹਿੰਦੇ ਨੇ, ਜ਼ਰੂਰੀ ਨਹੀਂ ਕਿ ਮਾਂ ਦੇ ਗਰਭ ਵਿਚ ਹੀ ਬੱਚੇ ਮਰ ਜਾਂਦੇ ਹਨ। ਧਰਮ-ਮੰਦਰਾਂ ਦੇ ਵਿਚ ਵੀ ਕਈ ਮਰ ਜਾਂਦੇ ਨੇ, ਐਸਾ ਹੈ, ਬਾਬੇ ਫਰੀਦ ਨੂੰ ਭੀ ਕਹਿਣਾ ਪਿਆ :

**ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ ॥**
**ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ ॥੬੨॥** (੧੩੮੧)

ਬਾਬੇ ਫਰੀਦ ਨੇ ਇਥੇ ਤਸ਼ਬੀਹ ਬੜੀ ਗ਼ਜ਼ਬ ਦੀ ਦਿੱਤੀ ਹੈ, ਉਹ ਕਹਿੰਦੇ ਨੇ ਜਿਹੜੀ ਜ਼ਮੀਨ ਸੁੱਕੀ ਪਈ ਹੈ, ਬਿਲਕੁਲ ਸੁੱਕੀ ਪਈ ਏ, ਸੋਕਾ ਪੈ ਚੁਕਿਆ ਹੈ, ਪਾਣੀ ਦੇ ਕੇ, ਬਰਖਾ ਜ਼ੋਰ ਦੀ ਹੋ ਜਾਏ, ਉਸ ਜ਼ਮੀਨ ਨੂੰ ਕਾਬਲੇ-ਕਾਸ਼ਤ ਬਣਾਇਆ ਜਾ ਸਕਦਾ ਹੈ। ਉਹ ਹਰੀ-ਭਰੀ ਹੋ ਸਕਦੀ ਹੈ। ਤੇ ਬਾਬਾ ਫਰੀਦ ਜੀ ਕਹਿੰਦੇ ਨੇ ਜਿਹੜੀ ਖੇਤੀ ਪਾਣੀ ਦੀ ਹੀ ਮਾਰੀ ਹੋਵੇ, ਉਸ ਨੂੰ ਕਿਸ ਤਰ੍ਹਾਂ ਠੀਕ ਕਰੋਗੇ ? ਆਪ ਨੂੰ ਪਤਾ ਹੋਵੇ, ਪਾਣੀ ਜ਼ਮੀਨ ਨੂੰ ਜ਼ਿੰਦਗੀ ਦਿੰਦਾ ਹੈ, ਪਾਣੀ ਜ਼ਮੀਨ ਨੂੰ ਮਾਰ ਵੀ ਦਿੰਦਾ ਹੈ, ਪਾਣੀ ਦੇ ਵਿਚ ਜੀਵਨ ਵੀ ਛੁਪਿਆ ਪਿਆ ਹੈ, ਪਾਣੀ ਵਿਚ ਮੌਤ ਵੀ ਛੁਪੀ ਪਈ ਹੈ :

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥** (੪੭੨)

ਪਰ ਇਹ ਪਾਣੀ ਹੜ੍ਹਾਂ ਦੇ ਰੂਪ ਵਿਚ ਆ ਜਾਵੇ ਤਾਂ ਪਿੰਡਾਂ ਦੇ ਪਿੰਡ ਤਬਾਹ ਹੋ ਜਾਂਦੇ ਨੇ, ਸ਼ਹਿਰਾਂ ਦੇ ਸ਼ਹਿਰ ਗ਼ਰਕ ਹੋ ਜਾਂਦੇ ਨੇ। ਪਾਣੀ ਜਗਤ ਦਾ ਜੀਵਨ ਹੈ, ਪਾਣੀ ਜਗਤ ਦੀ ਮੌਤ ਵੀ ਬਣ ਸਕਦਾ ਹੈ। ਐਸਾ ਹੈ। ਪਾਣੀ ਨਾਲ ਜ਼ਮੀਨ ਹਰੀ ਭਰੀ ਹੁੰਦੀ ਹੈ, ਪਾਣੀ ਨਾਲ ਜ਼ਮੀਨ ਮਰ ਭੀ ਜਾਂਦੀ ਹੈ। ਬਹੁਤ ਸਾਰੀਆਂ ਖੇਤੀਆਂ ਨੇ ਜੋ ਪਾਣੀ ਨਾਲ ਮਰੀਆਂ ਹੋਈਆਂ ਨੇ, ਸੇਮ ਲਗ ਜਾਂਦਾ ਹੈ। ਪਾਣੀ ਮਾਰ ਜਾਂਦਾ ਹੈ। ਖਿਮਾ ਕਰਨੀ, ਗਿਆਨ ਨਵੀਂ ਜ਼ਿੰਦਗੀ ਦਿੰਦਾ ਹੈ, ਪਰ ਕਈ ਬੰਦਿਆਂ ਨੂੰ ਗਿਆਨ ਹੀ ਮਾਰ ਜਾਂਦਾ ਹੈ। ਗੁਰਦਵਾਰੇ ਤੋਂ ਨਵੀਂ ਜ਼ਿੰਦਗੀ ਮਿਲਦੀ ਏ, ਪਰ ਕਈ ਗੁਰਦਵਾਰੇ ਆ ਕੇ ਕਥਾ ਕੀਰਤਨ ਸੁਣ ਕੇ ਇੰਜ ਹੋ ਜਾਂਦੇ ਨੇ

ਜਿਵੇਂ ਕਿ ਪਾਣੀ ਦੀ ਮਾਰੀ ਹੋਈ ਜ਼ਮੀਨ। "ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ" ਬਾਬਾ ਫਰੀਦ ਕਹਿੰਦੇ ਨੇ ਜਿਹੜੀ ਪਾਣੀ ਦੀ ਮਾਰੀ ਹੋਈ ਧਰਤੀ ਹੈ ਉਹਦਾ ਕੀ ਇਲਾਜ ਕਰੀਏ। ਬਈ ਜਿਸ ਪਾਣੀ ਨੇ ਹਰਾ ਭਰਾ ਕਰਨਾ ਸੀ ਉਸ ਤੋਂ ਹੀ ਇਸ ਨੇ ਮੌਤ ਲੈ ਲਈ ਹੈ। "ਕੇਤੇ ਗਰਬ ਗਲੇ ਹੈ॥" ਸੋ ਭਾਈ ਸਾਹਿਬ ਕਹਿੰਦੇ ਨੇ, ਮਾਂ ਦੇ ਗਰਭ ਤੋਂ ਨਵੀਂ ਜ਼ਿੰਦਗੀ ਲੈਣੀ ਹੈ, ਪਰ ਕਈ ਬੱਚੇ ਮਾਂ ਦੇ ਗਰਭ ਵਿਚ ਹੀ ਮਰ ਜਾਂਦੇ ਨੇ। ਗੁਰਦਵਾਰੇ ਤੋਂ ਨਵੀਂ ਜ਼ਿੰਦਗੀ ਲੈਣੀ ਹੈ, ਕਥਾ ਕੀਰਤਨ ਤੋਂ ਨਵੀਂ ਜ਼ਿੰਦਗੀ ਲੈਣੀ ਹੈ।

ਤੇ ਪਤਾ ਹੈ ਨਵੀਂ ਜ਼ਿੰਦਗੀ ਕਦੋਂ ਮਿਲਦੀ ਹੈ ? ਭਗਤ ਕਬੀਰ ਜੀ ਮਹਾਰਾਜ ਕਹਿੰਦੇ ਨੇ :

**ਕਬੀਰ ਜਾ ਦਿਨ ਹਉ ਮੂਆ ਪਾਛੈ ਭਇਆ ਅਨੰਦੁ ॥**
**ਮੋਹਿ ਮਿਲਿਓ ਪ੍ਰਭੁ ਆਪਨਾ ਸੰਗੀ ਭਜਹਿ ਗੋੁਵਿੰਦੁ ॥੬॥** *(੧੩੬੪)*

ਨਵੀਂ ਜ਼ਿੰਦਗੀ ਮਿਲ ਗਈ, ਕਿਸ ਤਰ੍ਹਾਂ ਮਿਲ ਗਈ, ਮੈਂ ਮਰ ਗਿਆ ਤੇ ਮੈਂ ਦੇ ਵਿਚੋਂ ਤੂੰ ਪੈਦਾ ਹੋ ਗਿਆ। ਹੁਣ ਮੈਂ ਮਰ ਗਿਆ ਹਾਂ ਤੇ ਤੂੰ ਨੇ ਜਨਮ ਲੈ ਲਿਆ ਹੈ।

**ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥**
**ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥੨੦੪॥**
*(੧੩੭੫)*

ਜਿਸ ਦਿਨ ਸੁਰਤ ਤੂੰ ਦੇ ਵਿਚ ਲੀਨ ਹੋ ਗਈ, ਸਮਝ ਲੈਣਾ, ਮੈਂ ਮਰ ਗਿਆ ਹੈ। ਜਦ ਮੈਂ ਮਰ ਗਿਆ ਤੇ ਤੂੰ ਪੈਦਾ ਹੋ ਗਿਆ ਤਾਂ ਨਵੀਂ ਜ਼ਿੰਦਗੀ ਪੈਦਾ ਹੋ ਗਈ, ਜਿਸ ਦਿਨ ਤੂੰ ਦੇ ਵਿਚ ਸੁਰਤ ਜੁੜ ਗਈ ਉਸ ਦਿਨ ਪਤਾ ਹੈ ਬੰਦਾ ਪੂਰਨ ਗੁਰੂ ਕਾ ਸਿਖ ਬਣ ਜਾਂਦਾ ਹੈ। ਤੇ ਸਾਹਿਬ ਕਹਿੰਦੇ ਨੇ, ਆ ਤੂੰ ਤੇ ਗੁਰੂ ਦੇ ਘਰ ਵਿਚ ਜਨਮ ਲੈ। ਮਾਂ ਬਾਪ ਤੋਂ ਤਾਂ ਜਨਮ ਲੈ ਚੁਕਿਆ ਹੈਂ। ਹੁਣ ਸਤਿਗੁਰੂ ਦੇ ਘਰ ਵਿਚ ਜਨਮ ਲੈ। "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥" ਆ ਸਤਿਗੁਰ ਦੇ ਘਰ ਵਿਚ ਤੇ ਆਨਾ ਜਾਵਣਾ ਮਿਟਾ, ਬਾਰ ਬਾਰ ਦਾ ਜਨਮ ਮਿਟਾ।

ਇਕ ਦਿਨ ਕਬੀਰ ਦੀ ਮਾਤਾ ਨੇ ਭਗਤ ਕਬੀਰ ਨੂੰ ਆਖਿਆ, 'ਪੁਰਖਾ ! ਤੂੰ ਸਾਡੇ ਨਾਲ ਮੋਹ ਨਹੀਂ ਕਰਦਾ, ਉਪਰਾਮ ਜਿਹਾ ਰਹਿੰਦਾ ਹੈਂ। ਬੇਦਾਰ ਜਿਹਾ ਤੇ ਬੇਚੈਨ ਜਿਹਾ ਰਹਿੰਦਾ ਹੈਂ। ਸਾਡੇ ਨਾਲ ਗੱਲਬਾਤ ਨਹੀਂ ਕਰਦਾ।

ਗੋਸ਼ਾ-ਤਨਹਾਈ ਵਿਚ ਬੈਠਾ ਰਹਿੰਦਾ ਹੈਂ। ਸਾਰਾ ਦਿਨ ਸੋਚਾਂ ਵਿਚ ਪਿਆ ਰਹਿੰਦਾ ਹੈਂ। ਗੱਲ ਕੀ ਹੈ ?' ਭਗਤ ਕਬੀਰ ਕਹਿੰਦੇ ਨੇ, ਮਾਂ, ਜਿਸ ਦਿਨ ਦਾ ਮੈਂ ਰਾਮ ਦੇ ਗਰਭ ਵਿਚ ਗਿਆ ਹਾਂ ਤੇ ਰਾਮ ਦੇ ਗਰਭ ਤੋਂ ਮੈਂ ਜਨਮ ਲਿਆ ਹੈ, ਇਕ ਗੱਲ ਦੀ ਮੈਨੂੰ ਸਮਝ ਪੈ ਗਈ। ਭਗਤ ਜੀ ਕਹਿੰਦੇ ਨੇ :

**ਐਸੇ ਘਰ ਹਮ ਬਹੁਤੁ ਬਸਾਏ ॥**
**ਜਬ ਹਮ ਰਾਮ ਗਰਭ ਹੋਇ ਆਏ ॥** (੩੨੬)

ਜਿਸ ਦਿਨ ਦਾ ਮੈਂ ਰਾਮ ਦੇ ਗਰਭ ਵਿਚ ਆਇਆ ਹਾਂ ਤੇ ਰਾਮ ਤੋਂ ਮੈਂ ਜਨਮ ਲਿਆ ਹੈ, ਮੈਨੂੰ ਪਤਾ ਚਲਿਆ ਹੈ ਇਹੋ ਜਿਹਿਆਂ ਦੇ ਘਰ ਕਈ ਬਸਾ ਚੁਕਿਆ ਹਾਂ। ਕਈਆਂ ਦਾ ਪਿਉ ਬਣਿਆ ਹਾਂ। ਕਈਆਂ ਦਾ ਪੁੱਤਰ ਬਣਿਆ ਹਾਂ ਤੇ ਹੁਣ ਇਤਨੀ ਦਫ਼ਾ ਪਿਉ ਬਣ ਚੁਕਿਆ ਹਾਂ। ਅਗਾਂਹ ਨਹੀਂ ਬਣਨਾ। ਬੱਸ ਅੱਗੋਂ ਗੱਲ ਖ਼ਤਮ। ਮੈਂ ਮਿਟ ਗਿਆ, ਤੂੰ ਪੈਦਾ ਹੋ ਗਿਆ। ਹੁਣ ਰਾਮ ਤੋਂ ਰਾਮ ਨੇ ਹੀ ਜਨਮ ਲਿਆ ਹੈ। ਕਬੀਰ ਕਹਿੰਦੇ ਨੇ, ਮੈਂ ਰਾਮ ਹੋ ਗਿਆ ਹਾਂ।

**ਅਬ ਤਉ ਜਾਇ ਚਢੇ ਸਿੰਘਾਸਨਿ, ਮਿਲੇ ਹੈ ਸਾਰਿੰਗਪਾਨੀ ॥**
**ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ ॥੬॥੩॥** (੯੬੯)

ਉਹ ਜਿਹੜੀ ਬੂੰਦ ਵੱਖ ਸੀ, ਉਹ ਸਾਗਰ ਦੇ ਵਿਚ ਲੀਨ ਹੋ ਗਈ ਹੈ। ਉਹ ਜਿਹੜੀ ਲਹਿਰ ਵੱਖ ਪਈ ਦਿਸਦੀ ਸੀ, ਉਹ ਸਾਗਰ ਦੇ ਵਿਚ ਲੀਨ ਹੋ ਗਈ। ਉਹ ਕਬੀਰ ਜਿਹੜਾ ਵੱਖ ਦਿਖਦਾ ਪਿਆ ਸੀ, ਉਹ ਰਾਮ ਦੇ ਵਿਚ ਲੀਨ ਹੋ ਗਿਆ। ਤੇ ਕਬੀਰ ਨੇ ਇਕ ਗੱਲ ਬੜੇ ਗ਼ਜ਼ਬ ਦੀ ਕਰ ਦਿੱਤੀ। ਉਹ ਕਹਿੰਦੇ ਨੇ, ਦੁਨੀਆ ਰੱਬ ਨੂੰ ਲੱਭਦੀ ਹੈ, ਰੱਬ ਮੈਨੂੰ ਲੱਭਦਾ ਹੈ। ਇਹ ਗੱਲ ਤੁਸੀਂ ਕਿਸੇ ਹੱਦ ਤਕ ਐਸਾ ਵੀ ਆਖੋਗੇ ਕਿ ਹੰਕਾਰ ਦੀ ਹੈ। ਹੰਕਾਰ ਦੀ ਨਹੀਂ, ਇਹ ਬੜੀ ਹੀ ਧਾਰਮਿਕ ਦੁਨੀਆ ਦੀ ਸਿਖਰ ਦੀ ਗੱਲ ਹੈ। ਦੁਨੀਆ ਰੱਬ ਨੂੰ ਟੋਲਦੀ ਹੈ, ਪਰ ਕਬੀਰ ਕਹਿੰਦੇ ਨੇ, ਰੱਬ ਮੈਨੂੰ ਲੱਭਦਾ ਹੈ ਤੇ ਆਪ ਕਹਿੰਦੇ ਨੇ :

**ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥**
**ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥੫੫॥** (੧੩੬੭)

ਉਹ ਲੋਗਾਂ ਦੀ ਜਿਸ ਰਸਨਾ ਦੇ ਉਪਰ ਰਾਮ ਦਾ ਨਾਮ ਹੁੰਦਾ ਹੈ, ਉਹਨਾਂ ਹੀ ਜ਼ਬਾਨਾਂ 'ਤੇ ਹੁਣ ਲੋਗਾਂ ਦੇ ਕਬੀਰ ਦਾ ਨਾਮ ਹੈ। ਕਬੀਰ ਕਬੀਰ ਕਹੀ ਜਾਂਦੇ ਨੇ। ਬਈ ਹੱਦ ਹੋ ਗਈ, ਲੱਭਣਾ ਰੱਬ ਨੂੰ ਸੀ, ਲੱਭਦੇ ਕਬੀਰ ਨੂੰ ਪਏ ਨੇ। ਐਸਾ

ਕਿਉਂ ? ਕਿਉਂਕਿ ਕਬੀਰ ਹੀ ਰੱਬ ਹੋ ਗਿਆ। ਕਬੀਰ ਹੀ ਰੱਬ ਦੀ ਅੰਸ ਬਣ ਗਿਆ। ਕਬੀਰ ਹੀ ਈਸ਼ਵਰ ਦਾ ਸਰੂਪ ਬਣ ਗਿਆ।

ਤੇ ਖ਼ੈਰ, ਕਿਸੇ ਨਾਲ ਵੀ ਸੰਬੰਧ ਬਣਾਈਏ ਤੇ ਉਸ ਵਰਗਾ ਬਣਨਾ ਪੈਂਦਾ ਹੈ। ਕਹਿੰਦੇ ਨੇ, ਕਿਸੇ ਨਾਲ ਸੰਬੰਧ ਜੋੜਨਾ ਹੋਵੇ, ਜਾਂ ਤੇ ਉਸ ਨੂੰ ਆਪਣੇ ਵਰਗਾ ਬਣਾਉਣਾ ਪੈਂਦਾ ਹੈ ਜਾਂ ਫਿਰ ਆਪ ਉਸ ਵਰਗਾ ਬਣਨਾ ਪੈਂਦਾ ਹੈ। ਹੋਰ ਕੋਈ ਦੂਜਾ ਤਰੀਕਾ ਨਹੀਂ ਹੈ ਸੰਬੰਧ ਜੋੜਨ ਦਾ। ਹੁਣ ਅਸੀਂ ਗੁਰੂ ਨਾਲ ਸੰਬੰਧ ਜੋੜਨਾ ਹੈ। ਰਾਮ ਨਾਲ ਸੰਬੰਧ ਜੋੜਨਾ ਹੈ। ਜਾਂ ਤੇ ਅਸੀਂ ਰਾਮ ਵਰਗੇ ਬਣੀਏ ਜਾਂ ਫਿਰ ਰਾਮ ਨੂੰ ਆਪਣੇ ਵਰਗਾ ਬਣਾਈਏ। ਹੋਰ ਤੇ ਕੋਈ ਤਰੀਕਾ ਹੈ ਨਹੀਂ ਨਾ। ਜਾਂ ਤੇ ਗੁਰੂ ਵਰਗੇ ਬਣੀਏ ਜਾਂ ਗੁਰੂ ਨੂੰ ਆਪਣੇ ਵਰਗਾ ਬਣਾਈਏ। ਤੇ ਮੈਂ ਦੇਖਦਾ ਹਾਂ, ਐ ਗੁਰੂ, ਤੇਰੇ ਵਰਗਾ ਤਾਂ ਬਣਨਾ ਬੜਾ ਔਖਾ ਹੈ, ਜੇ ਹੋ ਸਕੇ ਤਾਂ ਤੂੰ ਵੀ ਸਾਡੇ ਵਰਗਾ ਬਣ ਜਾ। ਤੇ ਮੈਂ ਇਹ ਵੇਖਿਆ ਹੈ, ਸਿਖ ਗੁਰੂ ਵਰਗਾ ਬਣਨ ਦੀ ਕੋਸ਼ਿਸ਼ ਨਹੀਂ ਕਰ ਰਿਹਾ, ਗੁਰੂ ਨੂੰ ਆਪਣੇ ਵਰਗਾ ਬਣਾਣ ਦੀ ਕੋਸ਼ਿਸ਼ ਪਿਆ ਕਰਦਾ ਹੈ। ਤੇ ਗੁਰੂ ਨੇ ਇਸ ਵਰਗਾ ਬਣਨਾ ਨਹੀਂ। ਸਿੱਖ ਨੇ ਗੁਰੂ ਵਰਗਾ ਨਹੀਂ ਬਣਨਾ। ਸੰਬੰਧ ਕਿਸ ਤਰ੍ਹਾਂ ਜੁੜੇ ? ਸੰਬੰਧ ਜੁੜਦੇ ਨੇ, ਜਦੋਂ ਆਪ ਉਸ ਵਰਗੇ ਹੋਈਏ ਜਾਂ ਫਿਰ ਉਸ ਨੂੰ ਆਪਣੇ ਵਰਗਾ ਬਣਾਈਏ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ਿਸ਼ ਕਰਨ, ਗੁਰੂ ਗੋਬਿੰਦ ਸਿੰਘ ਮਹਾਰਾਜ ਮਿਹਰ ਕਰਨ, ਸਾਡਾ ਗੁਰੂ ਗ੍ਰੰਥ ਸਾਹਿਬ ਨਾਲ ਤੇ ਬਾਣੀ ਨਾਲ ਸੰਬੰਧ ਜੁੜੇ। ਤੇ ਫਿਰ ਗੁਰਬਾਣੀ ਦੇ ਆਸਰੇ 'ਤੇ ਗੁਰੂ ਦਾ ਬਾਣਾ ਬਣਿਆ ਰਹੇਗਾ। ਗੁਰੂ ਦਾ ਸਰੂਪ ਬਣਿਆ ਰਹੇਗਾ। ਸਿਖ ਨੇ ਗੁਰੂ ਦਾ ਸਰੂਪ ਬਣ ਜਾਣਾ ਹੈ। ਸਾਡਾ ਫਿਰ ਜਨਮ ਹੋਣਾ ਹੈ। ਔਰ ਜਨਮ ਉਹ ਹੋਣਾ ਹੈ 'ਸਚ', ਬਈ ਇਹ ਮਨੁੱਖ ਸੱਚ ਦਾ ਮੁਜੱਸਮਾ ਬਣ ਗਿਆ ਹੈ। ਸੱਚ ਦੀ ਮੂਰਤੀ ਬਣ ਗਿਆ ਹੈ। ਜੈਸੇ ਫੁੱਲ ਦੇ ਦਰਸ਼ਨ ਕੀਤਿਆਂ ਹੀ ਸੁੰਦਰਤਾ ਸਾਹਮਣੇ ਆਉਂਦੀ ਹੈ, ਜਿਵੇਂ ਠੰਢੇ ਪਹਾੜਾਂ 'ਤੇ ਜਾਂਦਿਆਂ ਹੀ ਠੰਢ ਮਿਲਦੀ ਹੈ, ਜਿਵੇਂ ਜਲਦੀ ਹੋਈ ਸ਼ਮ੍ਹਾ ਪਾਸ ਜਾਈਏ ਤੇ ਰੌਸ਼ਨੀ ਮਿਲਦੀ ਏ, ਐਸੇ ਤਰੀਕੇ ਨਾਲ ਸੰਤ ਦੇ ਦਰਸ਼ਨ ਕੀਤਿਆਂ ਹੀ 'ਸਤਿ' ਚੇਤੇ ਆਉਂਦਾ ਹੈ। ਈਸ਼ਵਰ ਚੇਤੇ ਆਉਂਦਾ ਹੈ :

**ਸਾਧ ਕੈ ਸੰਗਿ ਨਹੀ ਕਛੁ ਘਾਲ ॥**
**ਦਰਸਨੁ ਭੇਟਤ ਹੋਤ ਨਿਹਾਲ ॥** (੨੭੨)

# ਨਿਸ਼ਾਨਿ ਸਿੱਖੀ ਈਂ ਪੰਜ ਹਰਫ਼ ਕਾਫ਼ (੨)

ਕੁਦਰਤ ਨੇ ਹਰ ਚੀਜ਼ ਦੀ ਪਹਿਚਾਣ ਵਾਸਤੇ ਕੁਝ ਚਿੰਨ੍ਹ ਰੱਖੇ ਨੇ। ਉਹਨਾਂ ਚਿੰਨ੍ਹਾਂ ਤੋਂ ਹੀ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਇਹ ਚੀਜ਼ ਕੀ ਹੈ ? ਇਹ ਜੀਵ ਕੀ ਹੈ, ਇਹ ਵਣਸਪਤੀ ਕੀ ਹੈ ? ਕੁਝ ਵਿਸ਼ੇਸ਼ ਤਰ੍ਹਾਂ ਦੇ ਫੁਲ ਤੇ ਪੱਤਿਆਂ ਨੂੰ ਵੇਖ ਕੇ ਅਸੀਂ ਕਹਿ ਦੇਂਦੇ ਹਾਂ ਕਿ ਇਹ ਫ਼ਲਾਣੇ ਫਲ ਦਾ ਦਰੱਖ਼ਤ ਹੈ। ਔਰ ਏਸੇ ਤਰੀਕੇ ਦੇ ਨਾਲ ਕਿਸੇ ਵਿਸ਼ੇਸ਼ ਰੰਗ-ਰੂਪ ਤੇ ਚਿੰਨ੍ਹ ਨੂੰ ਹੀ ਵੇਖ ਕੇ ਅਸੀਂ ਕਹਿ ਦੇਂਦੇ ਹਾਂ ਕਿ ਇਹ ਫ਼ਲਾਣਾ ਪਸ਼ੂ ਹੈ ਜਾਂ ਪੰਛੀ ਹੈ। ਪਸ਼ੂਆਂ ਵਿਚ ਵੀ ਨਰ ਤੇ ਮਦੀਨ ਦੇ ਅਲੱਗ ਅਲੱਗ ਚਿੰਨ੍ਹ ਨੇ। ਧਾਰਮਿਕ ਮੰਦਰਾਂ ਨੂੰ ਵੇਖੀਏ, ਜਿਥੇ ਮਹਿਰਾਬ ਬਣੀ ਹੋਵੇ, ਅਸੀਂ ਕਹਿ ਦਿੰਦੇ ਹਾਂ ਇਹ ਮਸਜਿਦ ਹੈ, ਕਿਉਂਕਿ ਮਹਿਰਾਬ ਇਕ ਚਿੰਨ੍ਹ ਹੈ, ਔਰ ਏਸੇ ਚਿੰਨ੍ਹ ਤੋਂ ਪਤਾ ਚਲਦਾ ਹੈ ਕਿ ਇਹ ਜਿਹੜੀ ਇਬਾਦਤਗਾਹ ਹੈ ਇਹ ਕਿਸ ਮਜ਼ਹਬ ਦੀ ਹੈ ? ਕਰਾਸ ਜਿਸ ਬਿਲਡਿੰਗ 'ਤੇ ਬਣਿਆ ਹੋਵੇ ਉਸਨੂੰ ਵੇਖਦਿਆਂ ਹੀ ਪਤਾ ਚਲਦਾ ਹੈ ਕਿ ਇਹ ਗਿਰਜਾਘਰ ਹੋਵੇਗਾ। ਕੇਸਰੀ ਨਿਸ਼ਾਨ ਜਿਸ ਥਾਂ 'ਤੇ ਝੂਲ ਰਿਹਾ ਹੋਵੇ, ਵੇਖਦਿਆਂ ਹੀ ਗੁਰਦਵਾਰੇ ਸਾਹਿਬ ਦੀ ਤਸਵੀਰ ਅੱਖਾਂ ਸਾਹਮਣੇ ਆ ਜਾਂਦੀ ਹੈ। ਸੋ ਹਰ ਧਾਰਮਿਕ ਮੰਦਿਰ ਦੀ ਆਪਣੀ ਆਪਣੀ ਪਹਿਚਾਣ ਦੇ ਖ਼ਾਸ ਚਿੰਨ੍ਹ ਹਨ।

ਮਿਲਟਰੀ ਵਿਚ ਮੋਢੇ 'ਤੇ ਲੱਗੇ ਹੋਏ ਚਿੰਨ੍ਹਾਂ ਤੋਂ ਹੀ ਪਤਾ ਚਲਦਾ ਹੈ ਕਿ ਇਸ ਮਨੁੱਖ ਦਾ ਕੀ ਅਹੁਦਾ (ਰੈਂਕ) ਹੈ ? ਸਿਪਾਹੀ ਹੈ ਯਾ ਆਫ਼ੀਸਰ ਹੈ। ਏਸੇ ਪ੍ਰਕਾਰ ਕੁਝ ਕੁ ਧਾਰਮਿਕ ਚਿੰਨ੍ਹ ਵੀ ਐਸੇ ਹਨ ਜਿਨ੍ਹਾਂ ਨੂੰ ਵੇਖਦਿਆਂ ਹੀ ਪਤਾ ਚਲਦਾ ਹੈ ਕਿ ਇਹ ਮਨੁੱਖ ਕੌਣ ਹੈ ? ਗੇਰੂਵੇ ਵਸਤਰ ਪਹਿਨੇ ਹੋਣ, ਹੱਥ ਵਿਚ ਵਿਸ਼ੇਸ਼ ਤਰ੍ਹਾਂ ਦੀ ਸੋਟੀ ਹੋਵੇ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਇਹ ਸੰਨਿਆਸੀ ਸਾਧੂ ਹੈ। ਹੱਥ ਵਿਚ ਚੌਰ ਹੋਵੇ, ਇਕ ਖੱਪਰ ਹੋਵੇ, ਚਿੱਟੇ ਕਪੜੇ ਪਾਏ ਹੋਣ, ਪੈਰੋਂ ਨੰਗਾ ਹੋਵੇ, ਮੂੰਹ 'ਤੇ ਪੱਟੀ ਬੰਨ੍ਹੀ ਹੋਵੇ, ਤੇ ਸਿਰ ਦੇ ਵਾਲ ਘਸਾ ਕੇ ਮੁੰਨੇ ਹੋਣ ਤਾਂ ਸਿਆਣਾ ਆਦਮੀ ਸਮਝ ਜਾਂਦਾ ਹੈ ਕਿ ਇਹ ਜੈਨ ਸਾਧੂ ਹੋਵੇਗਾ। ਏਸੇ ਪ੍ਰਕਾਰ ਸਿਰ 'ਤੇ ਜਟਾਵਾਂ ਹੋਣ, ਹੱਥ ਵਿਚ ਖੱਪਰ ਹੋਵੇ, ਮੋਢੇ 'ਤੇ ਝੋਲੀ ਹੋਵੇ

ਤੇ ਹੱਥ ਵਿਚ ਚਿਮਟਾ ਹੋਵੇ ਤਾਂ ਅਸੀਂ ਕਹਿ ਦੇਂਦੇ ਹਾਂ ਕਿ ਇਹ ਜੋਗੀ ਹੈ।

ਸੋ ਵੱਖ ਵੱਖ ਧਰਮਾਂ ਦੇ ਆਪਣੇ ਆਪਣੇ ਚਿੰਨ੍ਹ ਨੇ। ਹਰ ਸੰਪ੍ਰਦਾ ਦੀ ਪਹਿਚਾਣ ਕਿਸੇ ਵਿਸ਼ੇਸ਼ ਚਿੰਨ੍ਹ ਤੋਂ ਹੁੰਦੀ ਹੈ। ਮੁਸਲਮਾਨਾਂ ਦਾ ਖ਼ਾਸ ਚਿੰਨ੍ਹ ਸੁੰਨਤ ਹੈ ਤੇ ਈਸਾਈ ਆਪਣੇ ਗਲ ਵਿਚ ਕਰਾਸ ਲਟਕਾ ਕੇ ਰੱਖਦੇ ਹਨ ਤੇ ਹਿੰਦੂਆਂ ਦੀ ਪਹਿਚਾਣ ਉਨ੍ਹਾਂ ਦੇ ਗਲ ਵਿਚ ਪਾਏ ਹੋਏ ਜਨੇਊ ਤੇ ਮੱਥੇ 'ਤੇ ਲੱਗੇ ਹੋਏ ਤਿਲਕ ਤੋਂ ਫੱਟ ਹੋ ਜਾਂਦੀ ਹੈ। ਔਰ ਏਸੇ ਹੀ ਪ੍ਰਕਾਰ ਕੁਝ ਕੁ ਖ਼ਾਸ ਐਸੇ ਚਿੰਨ੍ਹ ਨੇ, ਜੋ ਕਿਸੇ ਮਨੁੱਖ ਨੇ ਧਾਰਨ ਕੀਤੇ ਹੋਵਣ ਤਾਂ ਅਸੀਂ ਕਹਿ ਦਿੰਦੇ ਹਾਂ, ਇਹ ਸਿੱਖ ਹੈ। ਕਿਉਂਕਿ ਚਿੰਨ੍ਹ ਹੀ ਦੱਸਦੇ ਪਏ ਹਨ ਕਿ ਇਹ ਸਿੱਖ ਹੋਵੇਗਾ। ਇਹ ਜੋ ਧਾਰਮਿਕ ਚਿੰਨ੍ਹ ਹਨ, ਵਖ ਵਖ ਮਜ਼ਹਬੀ ਰਹਿਬਰ ਆਪਣੇ ਤਜਰਬੇ ਨੂੰ ਮੁੱਖ ਰੱਖ ਕੇ, ਸਾਧਨਾ ਨੂੰ ਮੁਖ ਰੱਖ ਕੇ ਆਪਣੀ ਉੱਮਤ ਨੂੰ ਦਿੰਦੇ ਹਨ। ਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪਹਿਲੇ ਮਨੁੱਖਤਾ ਨੂੰ ਤਿਆਰ ਕੀਤਾ ਹੈ। ਤੇ ਜਦ ਬੰਦਾ ਤਿਆਰ ਹੋ ਗਿਆ, ਮੁਕੰਮਲ ਹੋ ਗਿਆ ਤਾਂ ਉਸ ਉਪਰ ਇਨ੍ਹਾਂ ਚਿੰਨ੍ਹਾਂ ਦੀ ਮੋਹਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਲਾ ਦਿੱਤੀ ਤੇ ਆਖਿਆ, ਇਹ ਚਿੰਨ੍ਹ ਜਿਸ ਦੇ ਵੀ ਤਨ 'ਤੇ ਹੋਵਣ, ਉਹ ਬੰਦਾ ਸਿੱਖ ਹੋਵੇਗਾ, ਗੁਰੂ ਕਾ ਸਿੱਖ ਹੋਵੇਗਾ।

**ਕੇਸ** : ਪਹਿਲਾ ਚਿੰਨ੍ਹ 'ਕੇਸ'। ਇਹ ਤੇ ਕੁਦਰਤ ਵਲੋਂ ਹੀ ਸਾਨੂੰ ਅਤਾ ਹੋਏ ਹਨ। ਕੇਸਾਂ ਵਿਚ ਧਾਰਮਿਕ ਗਿਆਨੀਆਂ ਨੇ ਇਸ ਗੱਲ ਨੂੰ ਤਸਲੀਮ ਕੀਤਾ ਹੈ ਕਿ ਜਿਸ ਵਕਤ ਬੰਦਾ ਪ੍ਰਭੂ ਦੀ ਬੰਦਗੀ ਕਰਨ ਲਗਦਾ ਹੈ, ਭਜਨ ਕਰਨ ਲਗਦਾ ਹੈ ਤਾਂ ਇਹ ਕੇਸ ਈਸ਼ਵਰ-ਸ਼ਕਤੀ ਨਾਲ ਸੰਬੰਧ ਜੋੜਨ ਵਿਚ ਬਹੁਤ ਸਹਾਈ ਹੁੰਦੇ ਹਨ। ਉਂਜ ਵੀ ਸਰਦੀ, ਗਰਮੀ ਤੇ ਮੌਸਮ ਦੀਆਂ ਵੱਖ ਵੱਖ ਤਬਦੀਲੀਆਂ, ਜੋ ਮਨੁੱਖ ਦੇ ਸਰੀਰ ਉੱਤੇ ਵਿਸ਼ੇਸ਼ ਅਸਰ ਪਾਉਂਦੀਆਂ ਨੇ, ਉਸ ਦੇ ਭੈੜੇ ਅਸਰ ਤੋਂ ਇਹ ਕੇਸ ਬਚਾਉਂਦੇ ਨੇ। ਚੂੰਕਿ ਜਿਸਮ ਦਾ ਸਭ ਤੋਂ ਕੀਮਤੀ ਹਿੱਸਾ ਸਿਰ ਹੈ ਤੇ ਸਿਰ ਦੀ ਹਿਫ਼ਾਜ਼ਤ ਚਾਹੀਦੀ ਸੀ। ਔਰ ਕੁਦਰਤ ਵਲੋਂ ਇਹ ਇਕ ਮਹਾਨ ਹਿਫ਼ਾਜ਼ਤ ਕੀਤੀ ਗਈ ਹੈ। ਸਿਰ ਦੇ ਅੰਦਰ ਇਹ ਪਿਆ ਹੋਇਆ ਦਿਮਾਗ਼ ਸਹੀ ਸੋਚੇ, ਔਰ ਇਹਦੇ 'ਚ ਰੱਬੀ ਤੇਜ ਪੈਦਾ ਹੋ ਸਕੇ ਔਰ ਇਸ ਦੀ ਹਿਫ਼ਾਜ਼ਤ ਹੋ ਸਕੇ, ਰੱਬ ਨੇ ਸਾਨੂੰ ਕੇਸ ਦਿੱਤੇ। ਫਿਰ ਇਸਤ੍ਰੀ ਤੇ ਪੁਰਖ ਦੀ ਪਹਿਚਾਣ ਹੋ ਸਕੇ। ਜੈਸੇ ਕਿ ਪਸ਼ੂਆਂ ਵਿਚ ਨਰ ਤੇ ਮਦੀਨ ਦੇ ਕੁਝ ਕੁ ਖ਼ਾਸ ਚਿੰਨ੍ਹ ਐਸੇ ਹੁੰਦੇ ਹਨ ਜਿਨ੍ਹਾਂ ਤੋਂ ਪਤਾ ਚਲਦਾ ਹੈ। ਗਲੇ ਵਿਚ ਬਹੁਤ ਲੰਬੇ ਲੰਬੇ ਵਾਲ ਹੋਵਣ ਤੇ ਅਸੀਂ ਕਹਿ ਦੇਂਦੇ ਹਾਂ ਕਿ ਇਹ ਸ਼ੇਰ ਨਰ ਹੋਵੇਗਾ ਔਰ ਜਿਸ ਦੇ ਗਲੇ ਵਿਚ ਵਾਲ ਨਹੀਂ ਉਹ ਮਦੀਨ ਸ਼ੇਰਨੀ ਹੈ। ਤੇ ਕੁਦਰਤ ਨੇ ਮਨੁੱਖਤਾ

ਅੰਦਰ ਇਹ ਥੋੜ੍ਹਾ ਜਿਹਾ ਭੇਦ ਪਹਿਚਾਣ ਰੱਖਣ ਵਾਸਤੇ ਪੁਰਸ਼ ਦੇ ਮੁਖੜੇ ਦੀ ਬਨਾਵਟ ਔਰ ਦਾੜ੍ਹੀ ਇਸ ਢੰਗ ਦੀ ਬਣਾਈ ਹੈ, ਕਿ ਵੇਖਦਿਆਂ ਹੀ ਇਹ ਪਤਾ ਚਲਦਾ ਹੈ ਕਿ ਇਹ ਨਰ ਹੈ ਜਾਂ ਮਦੀਨ ਹੈ। ਲੇਕਿਨ ਸਿਰ ਦੇ ਕੇਸ ਦੋਹਾਂ ਦੇ ਇਕ-ਸਮਾਨ ਨੇ, ਔਰ ਇਕ-ਸਾਰ ਨੇ। ਗੁਰੂ ਗੋਬਿੰਦ ਸਿੰਘ ਜੀ ਨੇ ਫ਼ੁਰਮਾਨ ਕੀਤਾ ਹੈ ਕਿ ਕੁਦਰਤ ਨੇ ਹੱਥ ਜੇ ਕਿਸੇ ਕੰਮ ਵਾਸਤੇ ਬਣਾਏ ਨੇ, ਪੈਰ, ਅੱਖਾਂ, ਕੰਨ, ਨੱਕ ਆਦਿਕ ਸਰੀਰ ਦੇ ਸਾਰੇ ਅੰਗ ਕਿਸੇ ਵਿਸ਼ੇਸ਼ ਕੰਮ ਦੀ ਪੂਰਤੀ ਕਰ ਰਹੇ ਨੇ ਤੇ ਸਰੀਰ ਲਈ ਲਾਭਕਾਰੀ ਨੇ ਤਾਂ ਕੇਸ ਵੀ ਕਿਸੇ ਕੰਮ ਦੀ ਪੂਰਤੀ ਕਰ ਰਹੇ ਨੇ ਤੇ ਸਰੀਰ ਲਈ ਲਾਭਕਾਰੀ ਨੇ ਤਾਂ ਕੇਸ ਵੀ ਕਿਸੇ ਕੰਮ ਦੀ ਪੂਰਤੀ ਲਈ ਬਣਾਏ ਗਏ ਨੇ। ਇਹ ਗੱਲ ਵੱਖਰੀ ਹੈ ਕਿ ਕੋਈ ਮਨੁੱਖ ਹੱਥਾਂ ਤੋਂ ਕੰਮ ਨਾ ਲਵੇ, ਪੈਰਾਂ ਤੋਂ ਕੰਮ ਨਾ ਲਵੇ, ਆਪਣੀਆਂ ਅੱਖਾਂ ਬੰਦ ਕਰ ਕੇ ਹੀ ਬੈਠੇ, ਦਿਮਾਗ਼ ਤੋਂ ਕੰਮ ਨਾ ਲਵੇ। ਇਹ ਵੀ ਮਨੁੱਖ ਨੂੰ ਸੁਤੰਤਰਤਾ ਹੈ ਕਿ ਉਹ ਕੇਸਾਂ ਤੋਂ ਕੰਮ ਲਵੇ। ਬਲਕਿ ਕਿਸੇ ਹੱਦ ਤਕ ਕੇਸਾਂ ਨੂੰ ਪਰੇ ਸੁੱਟ ਦੇਵੇ। ਲੇਕਿਨ ਉਸ ਪਰਮਾਤਮਾ ਨੇ ਕੇਸ ਬਣਾਏ ਇਕ ਮਹਾਨ ਕੰਮ ਵਾਸਤੇ ਨੇ। ਔਰ ਇਸ ਸੂਖਸ਼ਮ ਕੰਮ ਨੂੰ ਜਿਸ ਸਾਧਨਾ ਵਿਚ ਕੇਸਾਂ ਦੀ ਇਕ ਖ਼ਾਸ ਮਹਾਨਤਾ ਹੈ ਉਸ ਨੂੰ ਜੋਗੀਆਂ ਨੇ, ਸਾਧੂਆਂ ਨੇ, ਰਹਿਬਰਾਂ ਨੇ, ਤੇ ਰਿਸ਼ੀਆਂ ਮੁਨੀਆਂ ਨੇ ਸਮਝਿਆ ਸੀ। ਤਦੇ ਤੇ ਜਗਤ ਦੇ ਤਮਾਮ ਰਹਿਬਰ, ਸਾਧੂ, ਸੰਤ, ਰਿਸ਼ੀ ਮੁਨੀ, ਅਤੇ ਸਾਰੇ ਮਹਾਂਪੁਰਖ ਕੇਸਾਧਾਰੀ ਸਨ। ਚਾਹੇ ਉਹ ਕਿਸੇ ਵੀ ਮਜ਼ਹਬ ਦੇ ਬਾਨੀ ਨੇ, ਪਰ ਹੈਨ ਕੇਸਾਧਾਰੀ। ਔਰ ਉਹਨਾਂ ਨੇ ਮਹਿਸੂਸ ਕੀਤਾ ਕਿ ਇਹਨਾਂ ਕੇਸਾਂ ਵਿਚ ਹੀ ਰੱਬੀ ਜੋਤਿ ਝਲਕਦੀ ਹੈ। ਤਰਕਬਾਜ਼ ਮਨੁੱਖ ਇਹ ਤਰਕ ਕਰਦੇ ਨੇ ਕਿ ਪੈਰਾਂ ਤੇ ਹੱਥਾਂ ਦੀਆਂ ਉਂਗਲੀਆਂ ਦੇ ਨਾਖ਼ੁਨ ਕਿਉਂ ਕੱਟਦੇ ਹਾਂ ? ਦਰ-ਅਸਲ ਨਾਖ਼ੁਨ ਦਾ ਜੋ ਮਰਿਆ ਹੋਇਆ ਹਿੱਸਾ ਓਹੀ ਕੱਟਿਆ ਜਾਂਦਾ ਹੈ, ਜਿਸ ਦਾ ਖ਼ੂਨ ਨਾਲ ਕੋਈ ਸੰਬੰਧ ਨਹੀਂ ਰਹਿੰਦਾ ਤੇ ਮਰ ਚੁੱਕਿਆ ਹੈ। ਜ਼ਿੰਦਾ ਨਾਖ਼ੁਨ ਕਦੀ ਨਹੀਂ ਕਟਿਆ ਜਾਂਦਾ। ਕੰਘਾ ਫੇਰਦਿਆਂ ਹੋਇਆਂ ਜਿਹੜੇ ਕੇਸ ਮੁਰਦਾ ਹਨ, ਉਹ ਝੜ ਜਾਂਦੇ ਹਨ ਤੇ ਜੀਵਤ ਕੇਸ ਲਗੇ ਰਹਿੰਦੇ ਹਨ। ਔਰ ਇਨ੍ਹਾਂ ਕੇਸਾਂ ਵਿਚ ਨਵੇਂ ਕੇਸ ਪੈਦਾ ਹੁੰਦੇ ਰਹਿੰਦੇ ਹਨ ਔਰ ਮੁਰਦਾ ਝੜਦੇ ਰਹਿੰਦੇ ਹਨ। ਜਿਨ੍ਹਾਂ ਜਿਨ੍ਹਾਂ ਕੇਸਾਂ ਜਾਂ ਵਾਲਾਂ ਦਾ ਸਾਡੇ ਸਰੀਰ ਨਾਲ ਸੰਬੰਧ ਹੁੰਦਾ ਹੈ ਉਹ ਆਪਣੀ ਕ੍ਰਿਆ ਜਾਰੀ ਰੱਖਦੇ ਹਨ ਅਤੇ ਮਿਰਤਕ ਕੇਸ ਹੀ ਡਿੱਗਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਇਹ ਇਕ ਅਟੱਲ ਹੁਕਮ ਹੈ ਕਿ ਕੇਸ ਖਾਲਸੇ ਦਾ ਇਕ ਵਿਸ਼ੇਸ਼ ਚਿੰਨ੍ਹ ਹੈ, ਲੇਕਿਨ ਜੈਸੇ ਚੰਦਰਮਾ, ਤਾਰਿਆਂ ਨਾਲ

ਸ਼ੋਭਾ ਪਾਂਦਾ ਹੈ ਤੋ ਤਾਰੇ ਚੰਦਰਮਾ ਨਾਲ, ਕੇਸ ਵੀ ਬਾਕੀ ਚਿੰਨ੍ਹਾਂ ਨਾਲ ਹੀ ਸ਼ੋਭਾ ਪਾਉਂਦੇ ਹਨ। ਕੇਸ ਧਾਰਨ ਕਰ ਲਏ, ਪਰ ਦੀਕਸ਼ਿਕ (ਕੋਈ ਗੁਰੂ ਧਾਰਨ ਨਾ ਕੀਤਾ ਹੋਵੇ) ਕੋਈ ਨਾ ਹੋਵੇ, ਅੰਮ੍ਰਿਤ ਨਾ ਛਕੇ, ਦੂਜੇ ਚਿੰਨ੍ਹ ਨਾ ਧਾਰਨ ਕਰੇ, ਐਸੇ ਸਿਖ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪ੍ਰਵਾਨ ਨਹੀਂ ਕੀਤਾ :

**ਧਰੇ ਕੇਸ ਪਾਹੁਲ ਬਿਨ, ਭੇਖੀ ਮੂਰਖ ਸਿਖ॥**
**ਤਿਸ ਕਾ ਦਰਸਨ ਨਾਹੀ ਮੋਹਿ, ਪਾਪੀ ਤਿਆਗੇ ਬਿਖ॥੮॥**

ਇਹੋ ਜਿਹੇ ਬੇ-ਅੰਮ੍ਰਿਤੀ ਸਿਖ ਨੂੰ ਮੇਰੇ ਦਰਸ਼ਨ ਨਹੀਂ ਹੋ ਸਕਦੇ, 'ਜਿਸ ਨੇ ਕੇਸ ਤੇ ਧਾਰਨ ਕੀਤੇ ਹਨ ਪਰ ਬਾਕੀ ਚਿੰਨ੍ਹ ਨਹੀਂ ਧਾਰਨ ਕੀਤੇ।' ਇਹਨਾਂ ਹੀ ਕਕਾਰਾਂ ਬਾਰੇ ਭਾਈ ਸਾਹਿਬ ਭਾਈ ਨੰਦ ਲਾਲ ਜੀ ਦਾ ਫ਼ੁਰਮਾਨ ਹੈ :

**ਨਿਸ਼ਾਨਿ ਸਿੱਖੀ ਈਂ ਪੰਜ ਹਰਫ਼ ਕਾਫ਼॥**
**ਹਰਗਿਜ਼ ਨਾ ਬਾਸ਼ਿਦ ਈਂ ਪੰਜ ਮੁਆਫ਼॥**

**ਕੰਘਾ :** ਕੇਸਾਂ ਦੀ ਚੂੰਕਿ ਸਫ਼ਾਈ ਵੀ ਚਾਹੀਦੀ ਹੈ, ਇਹ ਸਾਫ਼ ਰਹਿਣ ਤਾਂ ਹੀ ਲਾਭਕਾਰੀ ਨੇ। ਪਰ ਜੇ ਇਹ ਮਲੀਨ ਰਹਿਣ, ਮੈਲ ਨਾਲ ਭਰ ਜਾਣ ਤਾਂ ਕਿਸੇ ਹੱਦ ਤਕ ਇਹ ਸੜ ਜਾਂਦੇ ਹਨ ਤੇ ਜੂੰਆਂ ਆਦਿ ਪੈ ਜਾਂਦੀਆਂ ਹਨ ਤੇ ਇਹਨਾਂ ਤੋਂ ਕਈ ਤਰ੍ਹਾਂ ਦੀ ਔਖਿਆਈ ਵੀ ਪੈਦਾ ਹੋ ਸਕਦੀ ਹੈ। ਤੋ ਇਹ ਕੇਸ ਸਾਫ਼ ਰਹਿਣ ਤੇ ਖ਼ਰਾਬ ਨਾ ਹੋਣ, ਇਸ ਲਈ ਸਾਹਿਬਾਂ ਨੇ ਸਾਨੂੰ ਕੰਘਾ ਬਖ਼ਸ਼ਿਆ ਤੇ ਕੇਸਾਂ ਦੀ ਹਰ ਰੋਜ਼ ਸਫ਼ਾਈ ਕਰਨੀ ਲਾਜ਼ਮੀ ਕਿਹਾ। ਤੋ ਕੰਘਾ ਕੇਸਾਂ ਦੀ ਹਿਫ਼ਾਜ਼ਤ ਵਾਸਤੇ ਹੈ। ਕਿਧਰੇ ਕੇਸਾਂ ਨੂੰ ਸਵਾਰਨ ਵਿਚ ਢਿੱਲ ਨਾ ਪੈ ਜਾਏ, ਤੋ ਕੰਘੇ ਨੂੰ ਹਰ ਵਕਤ ਨਾਲ, ਕੇਸਾਂ ਵਿਚ ਰੱਖਣਾ ਲਾਜ਼ਮੀ ਕਰਾਰ ਦਿੱਤਾ। ਕਿਉਂਕਿ ਢਿੱਲ ਬੰਦਾ ਇਕ ਦਿਨ ਵਰਤ ਲਵੇ ਤੇ ਮਨੁੱਖ ਨੂੰ ਆਪਣੇ ਮਨ ਦਾ ਨਹੀਂ ਪਤਾ ਹੁੰਦਾ। ਫਿਰ ਇਹ ਆਲਸੀ ਹੀ ਹੋ ਜਾਂਦਾ ਹੈ, ਇਕ ਦਿਨ ਦੀ ਢਿੱਲ ਪਛਾੜ ਕੇ ਰੱਖ ਦਿੰਦੀ ਹੈ। 'ਸੋ ਮਨੁੱਖ ਕੇਸਾਂ ਨੂੰ ਸਵਾਰਨ ਵਾਸਤੇ ਆਲਸੀ ਨਾ ਹੋਵੇ, ਕੰਘਾ ਕੇਸਾਂ ਵਿਚ ਰੱਖਣਾ ਲਾਜ਼ਮੀ ਕਰਾਰ ਦਿੱਤਾ ਹੈ।'

**ਕੜਾ :** ਇਹ ਪ੍ਰਣ ਮਾਤਰ ਵਾਸਤੇ ਹੈ, ਕਿਉਂਕਿ ਮਨੁੱਖ ਹਰ ਕੰਮ ਵਾਸਤੇ ਅਕਸਰ ਸੱਜਾ ਹੱਥ ਅਗੇ ਕਰਦਾ ਹੈ। ਤੇ ਹੁਕਮ ਵੀ ਹੋਇਆ : ਇਸ ਨੂੰ ਸੱਜੇ ਹੱਥ ਵਿਚ ਪਾਣਾ ਹੈ। ਜਦ ਵੀ ਕਿਸੇ ਕੰਮ ਨੂੰ ਅਸੀਂ ਹੱਥ ਪਾਈਏ, ਤੋ ਕੜਾ ਇਕ ਪ੍ਰਣ ਦੇ ਰੂਪ ਵਿਚ ਅਸਾਡੇ ਸਾਹਮਣੇ ਆ ਜਾਂਦਾ ਹੈ ਕਿ ਤੂੰ ਗੁਰੂ ਕਾ ਸਿੱਖ ਹੈਂ, ਇਸ ਹੱਥ ਨਾਲ ਗ਼ਲਤ ਕੰਮ ਨਹੀਂ ਕਰਨਾ। ਇਸ ਹੱਥ ਨਾਲ ਉਹ ਤਲਵਾਰ

ਚੁਕਣੀ ਹੈ, ਜੋ ਜ਼ਾਲਮ ਦਾ ਸਿਰ ਕੱਟੇ, ਮਜ਼ਲੂਮ ਦਾ ਨਾ। ਇਸ ਹੱਥ ਨਾਲ ਪਰਉਪਕਾਰ ਕਰਨਾ ਹੈ, ਦੁਰਾਚਾਰ ਨਹੀਂ। ਇਸ ਹੱਥ ਦੇ ਨਾਲ ਤੂੰ ਸੇਵਾ ਕਰਨੀ ਹੈ, ਭੋਜਨ ਛਕਣਾ ਹੈ। ਇਸ ਹੱਥ ਦੇ ਵਿਚ ਸ਼ਰਾਬ ਦੀ ਬੋਤਲ ਨਹੀਂ ਚਾਹੀਦੀ। ਇਹ ਕੜਾ ਐਸੀ ਪ੍ਰੇਰਨਾ ਦੇਂਦਾ ਹੈ ਗੁਰੂ ਕੇ ਸਿੱਖ ਨੂੰ। ਦੂਸਰਾ ਕਾਇਨਾਤ ਦੇ ਅੰਦਰ ਅਣਗਿਣਤ ਸੂਖਸ਼ਮ ਰੂਹਾਂ ਮਲੀਨ ਤੇ ਅਪਵਿੱਤਰ ਅਤੇ ਦੇਵ ਰੂਹਾਂ ਘੁੰਮ ਰਹੀਆਂ ਨੇ। ਕਦੀ ਕਦਾਈਂ ਇਹਨਾਂ ਦਾ ਮਨੁੱਖ ਨਾਲ ਸੰਬੰਧ ਵੀ ਜੁੜ ਜਾਂਦਾ ਹੈ। ਦੇਵ ਰੂਹਾਂ ਦਾ ਸੰਬੰਧ ਮਹਾਂ ਪੁਰਖਾਂ ਨਾਲ ਜੁੜਦਾ ਹੈ ਅਤੇ ਉਹ ਸਹਾਇਤਾ ਵੀ ਕਰਦੀਆਂ ਨੇ। ਲੇਕਿਨ ਮਲੀਨ ਰੂਹਾਂ ਅਕਸਰ ਮਲੀਨ ਬੰਦਿਆਂ ਨੂੰ ਚੰਬੜਦੀਆਂ ਨੇ। ਔਰ ਬਹੁਤ ਹਾਨੀਕਾਰਕ ਸਾਬਤ ਹੁੰਦੀਆਂ ਨੇ। ਕਦੀ ਕਦੀ ਕੋਈ ਮਲੀਨ ਰੂਹ ਕਿਸੇ ਪਵਿੱਤਰ ਆਤਮਾ ਨੂੰ ਵੀ ਚੰਬੜ ਸਕਦੀ ਹੈ। ਤੇ ਇਕ ਬਚਾਉ ਤੇ ਮਹਾਤਮਾ ਪਾਸ ਇਹ ਹੈ ਕਿ ਉਸ ਪਾਸ ਗੁਰੂ ਦਾ ਸ਼ਬਦ ਹੈ ਜਿਸ ਨਾਲ ਉਸ ਮਲੀਨ ਰੂਹ ਤੋਂ ਆਪਣੀ ਰਖਿਆ ਕੀਤੀ ਜਾ ਸਕਦੀ ਹੈ। ਪਰ ਜੇਕਰ ਕੋਈ ਗੁਰਬਾਣੀ ਨਾ ਪੜ੍ਹ ਸਕਦਾ ਹੋਵੇ ਤਾਂ ਇਹ ਜਿਹੜਾ ਹੱਥ ਦਾ ਕੜਾ ਹੈ ਇਹ ਵੀ ਬਹੁਤ ਸਾਰੀਆਂ ਮਲੀਨ ਰੂਹਾਂ ਤੋਂ ਹਿਫ਼ਾਜ਼ਤ ਕਰਦਾ ਹੈ। ਅੱਜ ਦੇਸ਼ ਵਿਚ, ਚਾਹੇ ਉਹ ਕਿਸੇ ਵੀ ਮਜ਼ਹਬ ਨਾਲ ਤੁਅੱਲਕ ਰੱਖਦਾ ਹੋਵੇ, ਆਪਣੇ ਬੱਚੇ ਦੇ ਹੱਥ ਵਿਚ ਕੜਾ ਪਵਾਣਾ ਜ਼ਰੂਰੀ ਸਮਝਦਾ ਹੈ, ਤਾਕਿ ਬੱਚਾ ਗਾਹੇ-ਬਗਾਹੇ ਡਰੇ ਨਾ। ਇਹ ਸਰਬ ਲੋਹ ਰਛਿਆ ਕਰਦਾ ਹੈ। ਇਸੇ ਲਈ ਸ਼ਿਵਜੀ ਨੇ ਆਪਣੇ ਚੇਲਿਆਂ ਦੇ ਹੱਥ ਵਿਚ ਤ੍ਰਿਸ਼ੂਲ ਪਕੜਾਇਆ ਸੀ ਤੇ ਅੱਜ ਵੀ ਹਿੰਦੂ ਧਰਮ ਵਿਚ ਜਦ ਲੜਕੇ ਦਾ ਵਿਆਹ ਰੱਖ ਦਿੱਤਾ ਜਾਂਦਾ ਹੈ ਤਾਂ ਉਸ ਦੇ ਹੱਥ ਵਿਚ ਲੋਹੇ ਦੀ ਛੜੀ ਪਕੜਾ ਦਿੱਤੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸੇ ਲਈ ਕਿਹਾ ਸੀ ਕਿ "ਸਰਬ ਲੋਹ ਕੀ ਰਛਿਆ ਹਮਨੈ ॥" ਸੂਖਸ਼ਮ ਰੂਪ ਵਿਚ ਵੇਖਾਂਗੇ ਤਾਂ ਪਤਾ ਚਲੇਗਾ ਕਿ ਇਸ ਕੜੇ ਨੇ ਸਾਨੂੰ ਕਿਤਨੇ ਵਿਘਨਾਂ ਤੋਂ ਬਚਾਈ ਰਖਿਆ ਹੈ, ਕਿਤਨੀਆਂ ਮਲੀਨ ਰੂਹਾਂ ਤੋਂ ਬਚਾਈ ਰਖਿਆ ਹੈ, ਜੋ ਸਾਡੇ ਨੇੜੇ ਨਹੀਂ ਆ ਸਕਦੀਆਂ, ਸਿਰਫ਼ ਇਸ ਵਾਸਤੇ ਕਿ ਅਸੀਂ ਆਪਣੇ ਹੱਥ ਵਿਚ ਕੜਾ ਪਾਇਆ ਹੈ। ਕਦੀ ਕਦਾਈਂ ਜਦ ਕੋਈ ਮਨੁੱਖ ਕਿਸੇ ਦੂਸਰੇ ਮਨੁੱਖ 'ਤੇ ਆਪਣੇ ਕਿਸੇ ਮਾਨਸਿਕ ਬਲ ਦਾ ਪ੍ਰਭਾਵ ਪਾਣਾ ਚਾਹੁੰਦਾ ਹੈ ਤਾਂ ਲੋਹੇ ਦੀ ਕੋਈ ਵੀ ਚੀਜ਼ ਉਸ ਦੇ ਹੱਥ ਵਿਚ ਜਾਂ ਸਰੀਰ 'ਤੇ ਹੋਵੇ ਤਾਂ ਉਸ ਚੀਜ਼ ਨੂੰ ਉਹ ਵੱਖ ਕਰਵਾ ਦਿੰਦਾ ਹੈ, ਤਾਕਿ ਉਹ ਆਪਣਾ ਪ੍ਰਭਾਵ ਸਹੀ ਢੰਗ ਨਾਲ ਪਾ ਸਕੇ ਤੇ ਉਹਨਾਂ ਦੇ ਪਾਏ ਹੋਏ ਪ੍ਰਭਾਵ ਵਿਚ ਇਹ ਕੜਾ ਵਿਘਨਕਾਰੀ ਸਾਬਤ ਨਾ ਹੋ ਸਕੇ। ਤੇ

ਜਾਣੀ-ਜਾਣ ਮਹਾਨ ਆਲਮ ਪੂਰਨ ਰਹਿਬਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੜਾ ਸਾਨੂੰ ਮਹਾਨ ਬਖ਼ਸ਼ਿਸ਼ ਦੇ ਰੂਪ ਵਿਚ ਦਿੱਤਾ ਹੈ।

**ਕਛਹਿਰਾ** : ਇਕ ਐਸਾ ਮਹਾਨ ਪੜਦਾ ਸਾਹਿਬਾਂ ਨੇ ਸਾਨੂੰ ਦਿੱਤਾ। ਔਰ ਅੱਜ ਵੀ ਸਿਆਣੇ ਬੰਦੇ ਕਹਿੰਦੇ ਨੇ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਮਹਾਨ ਦੇਣ ਹੈ। ਕਹਿੰਦੇ ਨੇ, ਲੰਕਾ ਨੂੰ ਜਿੱਤ ਕੇ, ਰਾਵਣ ਨੂੰ ਮਾਰ ਕੇ, ਰਾਮ ਚੰਦਰ ਜੀ ਅਯੁਧਿਆ ਨੂੰ ਵਾਪਸ ਆਏ ਤਾਂ ਪ੍ਰਸੰਨ ਹੋ ਕੇ ਸੀਤਾ ਨੇ ਆਪਣੇ ਗਲੇ ਦਾ ਮੋਤੀਆਂ ਦਾ ਹਾਰ ਹਨੂੰਮਾਨ ਨੂੰ ਦਿੱਤਾ, ਉਸ ਦੀ ਬਹਾਦਰੀ 'ਤੇ ਖ਼ੁਸ਼ ਹੋ ਕੇ। ਲੇਕਿਨ ਉਹ ਇਕ ਇਕ ਮੋਤੀ ਨੂੰ ਤੋੜਨ ਲੱਗ ਪਿਆ ਤੇ ਤੋੜਦਿਆਂ ਤੋੜਦਿਆਂ ਉਹ ਕਹਿੰਦਾ ਹੈ ਕਿ ਇਹਨਾਂ ਵਿਚ ਰਾਮ ਨਹੀਂ, ਤੇ ਜਿਸ ਵਿਚ ਰਾਮ ਨਹੀਂ ਉਹ ਮੈਂ ਨਹੀਂ ਲੈਣਾ। ਇਤਿਹਾਸ ਐਸਾ ਕਹਿੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵੀ ਇਕ ਪੰਕਤੀ ਹੈ :

**ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ**
**ਸਲਿ ਬਿਸਲਿ ਆਣਿ ਤੋਖੀਲੇ ਹਰੀ ॥**
**ਕਰਮ ਕਰਿ ਕਛਉਟੀ ਮਫੀਟਸਿ ਰੀ ॥੫॥** *(੬੯੫)*

ਲੇਕਿਨ ਰਾਮ ਨੇ ਬਖ਼ਸ਼ਿਸ਼ ਕਰ ਕੇ ਇਕ ਕਛਹਿਰਾ ਹਨੂੰਮਾਨ ਨੂੰ ਦਿੱਤਾ, ਜੋ ਉਹਨੇ ਬਹੁਤ ਹੀ ਖ਼ੁਸ਼ੀ ਨਾਲ ਲੈ ਲਿਆ ਤੇ ਪਹਿਣ ਲਿਆ। ਔਰ ਕਿਸੇ ਹੱਦ ਤਕ ਇਹ ਕਛਹਿਰਾ ਹਨੂੰਮਾਨ ਦੀ ਸ਼ਰਮ ਤੇ ਧਰਮ ਸੀ। ਸਹਿਜੇ ਸਹਿਜੇ ਜਦ ਕੋਈ ਮਰਯਾਦਾ ਸਿਰਫ਼ ਫੋਕੀ ਰਸਮ ਵਿਚ ਰਹਿ ਜਾਂਦੀ ਹੈ ਤਾਂ ਫਿਰ ਮਨੁੱਖ ਉਸ ਦੇ ਤਿਆਗੀ ਵੀ ਹੋ ਜਾਂਦੇ ਨੇ। ਅੱਜ ਹਿੰਦੂ ਧਰਮ ਕੋਲ ਭਾਵੇਂ ਮਹਾਨ ਰਾਮ ਦੀ ਦਿੱਤੀ ਹੋਈ ਦਾਤ ਨਹੀਂ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਦੀ ਦਿੱਤੀ ਇਹ ਦਾਤ ਅੱਜ ਵੀ ਖਾਲਸੇ ਪਾਸ ਹੈ, ਔਰ ਰਹੇਗੀ। ਇਸ ਵਿਚ ਸ਼ਰਮ ਹੈ ਔਰ ਪੜਦੇ ਦਾ ਇਕ ਮਹਾਨ ਲਿਬਾਸ ਹੈ। ਸਾਹਿਬਾਂ ਦਾ ਇਕ ਇਹ ਵੀ ਹੁਕਮ ਸੀ ਕਿ ਮੇਰਾ ਸਿੱਖ ਸਿਲੇ (ਸੀਤੇ) ਹੋਏ ਕਪੜੇ ਪਾਏ, ਬਿਨਾਂ ਸਿਲੇ ਨਹੀਂ। ਖ਼ਾਸ ਕਰਕੇ ਇਸਤ੍ਰੀ ਤੇ ਬਿਲਕੁਲ ਹੀ ਸਿਲੇ ਹੋਏ ਕਪੜੇ ਪਾਵੇ, ਹੁਕਮ ਹੈ। ਇਹਨਾਂ ਪੜਦਿਆਂ ਵਿਚ ਸ਼ਰਮ ਹੈ। ਔਰ ਜਿਥੇ ਸ਼ਰਮ ਹੈ ਉਥੇ ਧਰਮ ਹੈ, ਉਥੇ ਸੱਚ ਹੈ। ਸ਼ਰਮ ਗਈ ਤੇ ਇੱਜ਼ਤ ਵੀ ਗਈ, ਕਿਉਂਕਿ ਇਹ ਉਹਦੇ ਨਾਲ ਰਹਿੰਦੀ ਏ। ਹੁਕਮ ਹੈ :

**ਸਰਮੁ ਗਇਆ ਘਰਿ ਆਪਣੈ, ਪਤਿ ਉਠਿ ਚਲੀ ਨਾਲਿ ॥**
**ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ ॥** *(੧੨੮੩)*

ਦੂਜੀ ਗੱਲ ਇਹ ਕਛਹਿਰਾ ਸਾਨੂੰ ਜਤ ਸਤ ਵਿਚ ਪੱਕੇ ਰਹਿਣ ਦੀ ਪ੍ਰੇਰਨਾ ਦਿੰਦਾ ਹੈ। "ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ।" ਅਤੇ "ਦੇਖਿ ਪਰਾਈਆਂ ਚੰਗੀਆਂ ਮਾਵਾਂ, ਭੈਣਾਂ, ਧੀਆਂ ਜਾਣੈ।"

ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਕ ਥਾਂ 'ਤੇ ਜ਼ਿਕਰ ਕਰਦੇ ਹਨ :

**ਸੁਧ ਜਬ ਤੇ ਹਮ ਧਰੀ, ਬਚਨ ਗੁਰ ਦਏ ਹਮਾਰੇ॥**
**ਪੂਤ! ਇਹੈ ਪ੍ਰਣ ਤੋਹਿ, ਪ੍ਰਾਣ ਜਬ ਲਗ ਘਟਿ ਥਾਰੇ॥**
**ਨਿਜ ਨਾਰੀ ਕੇ ਸੰਗਿ ਨੇਹੁ ਤੁਮ ਨਿਤ ਬਢਈਅਹੁ॥**
**ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂ ਨ ਜਈਅਹੁ॥**

ਸਿੱਖ ਕੌਮ ਦਾ ਇਤਿਹਾਸ ਦੱਸਦਾ ਹੈ ਕਿ ਕਿਸੇ ਵਿਰੋਧੀ ਨੇ ਵੀ ਕਦੇ ਇਹ ਖ਼ਿਆਲ ਨਹੀਂ ਲਿਖਿਆ ਕਿ ਸਿੱਖਾਂ ਦੇ ਆਚਰਨ ਵਿਚ ਕਿਤੇ ਉਕਾਈ ਹੋਵੇ, ਜਿਸ ਕਰਕੇ ਪਰ-ਇਸਤ੍ਰੀ ਵਿਕਾਰ ਦੇ ਵਿਰੁੱਧ ਇਹ ਇਕਰਾਰ ਲੈਣ ਦੀ ਲੋੜ ਪਈ ਹੋਵੇ। ਸੋ ਇਹ ਕਛਹਿਰਾ ਸਿੱਖ ਦੇ ਉੱਚੇ ਆਚਰਨ ਲਈ ਪ੍ਰਣ ਹੈ ਤੇ ਪ੍ਰੇਰਨਾ ਹੈ ਕਿ ਐ ਸਿੱਖ! ਤੂੰ ਆਪਣੇ ਆਚਰਨ ਨੂੰ ਉੱਚਾ ਬਣਾਉਣਾ ਹੈ।

ਦੂਜੀ ਗੱਲ, ਕਛਹਿਰਾ ਇਕ ਫ਼ੌਜੀ ਵਰਦੀ ਵੀ ਹੈ, ਜਿਸ ਦਾ ਵਰਣਨ ਮਹਾਂਭਾਰਤ ਦੇ ਸਮੇਂ ਲਿਖੀ ਪੁਸਤਕ *ਨਲਚੰਪੂ* ਵਿਚ ਮਿਲਦਾ ਹੈ। ਉਸ ਵਿਚ ਲਿਖਿਆ ਹੈ ਕਿ ਰਾਜੇ ਨਲ ਦੀ ਫ਼ੌਜ ਦੀ ਵਰਦੀ ਵਿਚ ਕਛਹਿਰਾ ਲਾਜ਼ਮੀ ਸੀ।

**ਕ੍ਰਿਪਾਨ** : ਮਨੁੱਖ ਦੀ ਗ਼ੈਰਤ ਦੀ, ਸੂਰਬੀਰਤਾ ਦੀ ਪ੍ਰੇਰਨਾ ਹੈ। ਇਹ ਸੂਰਬੀਰਤਾ, ਇਹ ਅਣਖ, ਇਹ ਗ਼ੈਰਤ ਮਿਟ ਨਾ ਜਾਏ। ਇਸ ਵਾਸਤੇ ਕ੍ਰਿਪਾਨ ਨੂੰ ਹਰ ਵਕਤ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅੰਮ੍ਰਿਤ ਛਕਾਉਣ ਤੋਂ ਪਹਿਲਾਂ ਦੀਕਸ਼ਿਤ ਕਰਨ ਦਾ ਇਹ ਢੰਗ ਸੀ ਕਿ ਗੁਰੂ ਆਪਣੇ ਚਰਨ ਧੋ ਕੇ ਆਪਣੇ ਚੇਲਿਆਂ ਨੂੰ ਪਿਲਾਂਦੇ ਸਨ। ਪੁਰਾਤਨ ਰਿਖੀ ਮੁਨੀ ਇਹ ਢੰਗ ਵਰਤਿਆ ਕਰਦੇ ਸਨ। ਲੇਕਿਨ ਜਦ ਗੁਰੂ ਗੋਬਿੰਦ ਸਿੰਘ ਜੀ ਦਾ ਜ਼ਮਾਨਾ ਆਇਆ ਤੇ ਉਹਨਾਂ ਵੇਖਿਆ ਕਿ ਹੁਣ ਸਿੱਖ ਪੂਰਨ ਹੋ ਗਿਆ ਹੈ ਤੇ ਜਿਸ ਮਨੁੱਖ ਦੀ ਕਲਪਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ ਵੈਸਾ ਮਨੁੱਖ ਇਹ ਬਣ ਗਿਆ ਹੈ, ਤੇ ਦਸਵੇਂ ਗੁਰੂ ਨੇ ਮੋਹਰ ਲਾ ਦਿਤੀ। ਤੇ ਮੋਹਰ ਸੀ ਇਹ ਪੰਜ ਚਿੰਨ੍ਹ। ਜੈਸੇ ਖੇਤੀ ਦੇ ਆਲੇ-ਦੁਆਲੇ ਵਾੜ ਚਾਹੀਦੀ ਏ, ਵੈਸੇ ਹੀ ਗੁਰਸਿਖੀ ਔਰ ਗੁਰਬਾਣੀ ਦੇ ਰਸ ਦੇ ਆਲੇ-ਦੁਆਲੇ ਵੀ ਵਾੜ ਚਾਹੀਦੀ ਹੈ, ਭਾਵ ਸਿੱਖੀ ਬਚੀ ਰਹੇ, ਗੁਰਬਾਣੀ

ਦਾ ਰਸ ਹਿਰਦੇ ਵਿਚ ਟਿਕਿਆ ਰਹੇ। ਤੋ ਇਹ ਕਕਾਰ ਇਕ ਵਾੜ ਦਾ ਕੰਮ ਵੀ ਕਰਦੇ ਨੇ।

ਕੜਾ ਚੰਗੀ ਪ੍ਰੇਰਨਾ ਦੇਂਦਾ ਰਹਿੰਦਾ ਹੈ, ਕੇਸ ਸ਼ੁਭ ਪ੍ਰੇਰਨਾ ਦੇਂਦੇ ਰਹਿੰਦੇ ਨੇ, ਔਰ ਉਸ ਪ੍ਰਭੂ ਦੀ ਜਿਉਤੀ ਨੂੰ ਆਪਣੇ ਦਸਮ ਦੁਆਰੇ ਵਿਚ ਪ੍ਰਗਟ ਕਰਨਾ ਇਹ ਕੇਸਾਂ ਦੀ ਮਹਾਨਤਾ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹਨਾਂ ਪੰਜਾਂ ਕਕਾਰਾਂ ਦੀ ਮੋਹਰ ਲਾ ਕੇ ਕਹਿ ਦਿੱਤਾ ਕਿ ਖਾਲਸਾ ਹੁਣ ਸੰਪੂਰਨ ਹੋ ਗਿਆ ਹੈ, ਮੁਕੰਮਲ ਹੋ ਗਿਆ ਹੈ ਅਤੇ ਇਸ ਦਾ ਸਰੂਪ ਵੇਖ ਕੇ ਅਕਾਲ ਪੁਰਖ ਚੇਤੇ ਆਉਂਦਾ ਹੈ। ਸਾਹਿਬ ਦਾ ਹੁਕਮ ਹੈ:

**ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥**

ਭਾਵ ਇਹ ਹੈ ਕਿ ਖਾਲਸਾ ਅਕਾਲ ਪੁਰਖ ਦੀ ਇੱਛਾ ਨਾਲ ਪ੍ਰਗਟਿਆ ਹੈ। ਜਿਨ੍ਹਾਂ ਦੇ ਸਿਰ 'ਤੇ ਕੇਸ ਨਹੀਂ, ਸ਼ਸਤਰ ਨਹੀਂ ਧਾਰਨ ਕੀਤੇ, ਵਸਤਰ ਨਹੀਂ ਧਾਰਨ ਕੀਤੇ, ਉਹਨਾਂ ਲਈ ਮਹਾਰਾਜ ਨੇ ਕਿਹਾ ਕਿ:

**ਬਿਨਾ ਸ਼ਸਤਰ ਕੇਸੰ ਨਰੰ ਭੇਡ ਜਾਨੋ॥**
**ਗਹੇ ਕਾਨ ਤਾ ਕੋ ਕਿਤੈ ਲੈ ਸਿਧਾਨੋ॥**
**ਯਹੀ ਮੋਰ ਆਗਿਆ ਸੁਣੋ ਹੇ ਪਿਆਰੇ॥**
**ਬਿਨਾ ਸ਼ਸਤਰ ਕੇਸੰ ਦੇਵੋ ਨ ਦਿਦਾਰੇ॥**

ਬਗ਼ੈਰ ਸ਼ਸਤਰ ਕੇਸਾਂ ਤੋਂ ਸਿੱਖੋ, ਮੈਨੂੰ ਦਰਸ਼ਨ ਨਾ ਦੇਵੋ, ਜੇ ਮੇਰੇ ਦਰਸ਼ਨ ਕਰਨੇ ਹਨ ਅਤੇ ਮੈਨੂੰ ਦਰਸ਼ਨ ਦੇਣੇ ਹਨ ਤਾਂ ਆਪਣੇਂ ਤਨ 'ਤੇ ਪੰਜੇ ਕਕਾਰ ਸਜਾ ਕੇ ਆਵੋ।

ਡਾ. ਤਾਰਨ ਸਿੰਘ ਜੀ ਨੇ ਕਕਾਰਾਂ ਬਾਰੇ ਇਕ ਥਾਂ 'ਤੇ ਲਿਖਿਆ ਹੈ ਕਿ ਕਕਾਰਾਂ ਨੂੰ ਧਾਰਨ ਕਰਨਾ ਤੇ ਕੇਸਾਂ ਸਵਾਸਾਂ ਨਾਲ ਨਿਭਾਉਣਾ ਇਹ ਇਕ ਕਰਤਵ ਗੁਰ-ਭਗਤੀ ਹੈ। ਜਿਸ ਦੇ ਅਰਥ ਹਨ—ਪ੍ਰੇਮ ਕਰਨਾ। ਜਦੋਂ ਅਸੀਂ ਸੰਸਾਰਕ ਪ੍ਰੇਮੀਆਂ ਦੀਆਂ ਦਿੱਤੀਆਂ ਹੋਈਆਂ ਚੀਜ਼ਾਂ ਸਾਂਭ ਕੇ ਰੱਖਦੇ ਹਾਂ ਤੇ ਉਸ ਨੂੰ ਦੇਖ ਕੇ ਪਿਆਰ ਪੈਦਾ ਕਰਦੇ ਹਾਂ ਤੇ ਆਪਣੇ ਮਿੱਤਰਾਂ ਨੂੰ ਯਾਦ ਕਰਦੇ ਹਾਂ, ਉਸੇ ਪ੍ਰਕਾਰ ਕਕਾਰਾਂ ਨੂੰ ਸਾਂਭਣਾ ਗੁਰੂ-ਭਗਤੀ ਹੈ। ਕੇਵਲ ਗੁਰੂ ਗੋਬਿੰਦ ਸਿੰਘ ਜੀ ਦਾ ਭਗਤ ਹੀ ਕਕਾਰ ਸਾਂਭ ਕੇ ਰੱਖ ਸਕਦਾ ਹੈ, ਹੋਰ ਕੋਈ ਨਹੀਂ। ਕਕਾਰ-ਭਗਤੀ ਨੇ ਹੀ ਸਾਰਾ ਸਿੱਖ ਇਤਿਹਾਸ ਬਣਾਇਆ ਹੈ। ਕਕਾਰ-ਭਗਤੀ ਨੇ ਹੀ ਸਿੱਖਾਂ ਵਿਚ ਸ਼ਕਤੀ ਪੈਦਾ ਕੀਤੀ ਹੈ। ਸਿੱਖ ਇਤਿਹਾਸ ਸ਼ਹੀਦਾਂ ਦਾ

ਇਤਿਹਾਸ ਹੈ। 'ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਜਾਨਾਂ ਵਾਰੀਆਂ, ਚਰਖੜੀਆਂ 'ਤੇ ਚੜ੍ਹੇ, ਬੰਦ ਬੰਦ ਕਟਵਾਏ, ਤਿਨ੍ਹਾਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।' ਇਹ ਸ਼ਹੀਦੀਆਂ ਕੀ ਸਨ, ਸਿਰਫ਼ ਕਕਾਰ-ਭਗਤੀ ਦੇ ਕਾਰਨ ਸਨ ਤੇ ਕਕਾਰ ਗੁਰੂ-ਭਗਤੀ ਦੇ ਕਾਰਨ ਸਨ। ਓਸ ਸ਼ਹੀਦਾਂ ਦੇ ਸਾਹਮਣੇ ਹਮੇਸ਼ਾਂ ਦੋ ਰਾਹ ਹੁੰਦੇ ਸਨ। ਜੇ ਉਹ ਕਕਾਰਾਂ ਨੂੰ ਤਲਾਂਜਲੀ ਦੇ ਦਿੰਦੇ ਤਾਂ ਉਹ ਰਾਜ ਪ੍ਰਾਪਤ ਕਰ ਸਕਦੇ ਸਨ ਪਰ ਉਹਨਾਂ ਕਕਾਰ ਗੁਰ-ਭਗਤੀ ਨਹੀਂ ਛੱਡੀ ਤੇ ਸ਼ਹੀਦ ਹੋਏ। ਇਨ੍ਹਾਂ ਸ਼ਹਾਦਤਾਂ ਨੇ ਸ਼ਹੀਦਾਂ ਦੀ ਆਤਮਾ ਨੂੰ ਤੇ ਬਲ ਦੇਣਾ ਹੀ ਸੀ, ਸਗੋਂ ਇਹਨਾਂ ਨਾਲ ਸਾਰੇ ਪੰਥ ਨੂੰ ਬਲ ਪ੍ਰਾਪਤ ਹੋਇਆ।

ਜਿਸ ਨਾਲ ਸਾਡਾ ਪਿਆਰ ਹੋਵੇ ਉਸ ਦੀਆਂ ਚੀਜ਼ਾਂ ਵੀ ਪਿਆਰੀਆਂ ਲੱਗਣ ਲੱਗ ਜਾਂਦੀਆਂ ਹਨ। ਜਿਸ ਕਰਕੇ ਸਾਨੂੰ ਇਹ ਪੰਜੇ ਕੱਕੇ ਅਜੇ ਪਿਆਰੇ ਨਹੀਂ ਲੱਗਣ ਲੱਗੇ ਜਾਂ ਸਾਡਾ ਇਹਨਾਂ ਨਾਲ ਪਿਆਰ ਨਹੀਂ ਤਾਂ ਇਸ ਦਾ ਸਿੱਧਾ ਅਰਥ ਹੈ ਕਿ ਸਾਡਾ ਗੁਰੂ ਨਾਲ ਕੋਈ ਵੀ ਪਿਆਰ ਨਹੀਂ। ਭਗਤ ਨਾਮਦੇਵ ਜੀ ਦਾ ਸ੍ਰੀ ਕ੍ਰਿਸ਼ਨ ਨਾਲ ਅਤੀ ਪਿਆਰ ਸੀ ਤੇ ਭਗਤ ਜੀ ਆਪਣਾ ਪਿਆਰ ਪ੍ਰਗਟ ਕਰਨ ਵੇਲੇ ਉਹਨਾਂ ਚੀਜ਼ਾਂ ਦਾ ਜ਼ਿਕਰ ਕਰਦੇ ਹਨ ਜਿਨ੍ਹਾਂ ਚੀਜ਼ਾਂ ਦਾ ਵਾਹ ਕ੍ਰਿਸ਼ਨ ਜੀ ਨਾਲ ਪੈਂਦਾ ਸੀ। ਨਾਮਦੇਵ ਜੀ ਬੰਸਰੀ ਤੇ ਕਮਲੀ ਤੋਂ ਸਦਕੇ ਜਾਂਦੇ ਹਨ, ਬਿੰਦ੍ਰਾਬਨ ਤੋਂ ਕੁਰਬਾਨ ਹੁੰਦੇ ਹਨ। ਉਹਨਾਂ ਦਾ ਇਕ ਸ਼ਬਦ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ:

**ਧਨਿ ਧੰਨਿ ਓ ਰਾਮ ਬੇਨੁ ਬਾਜੈ ॥**
**ਮਧੁਰ ਮਧੁਰ ਧੁਨਿ ਅਨਹਤ ਗਾਜੈ ॥੧॥ਰਹਾਉ॥**
**ਧਨਿ ਧਨਿ ਮੇਘਾ ਰੋਮਾਵਲੀ ॥**
**ਧਨਿ ਧਨਿ ਕ੍ਰਿਸਨ ਓਢੈ ਕਾਂਬਲੀ ॥੧॥**
**ਧਨਿ ਧਨਿ ਤੂ ਮਾਤਾ ਦੇਵਕੀ ॥**
**ਜਿਹ ਗ੍ਰਿਹ ਰਮਈਆ ਕਵਲਾਪਤੀ ॥੨॥**
**ਧਨਿ ਧਨਿ ਬਨ ਖੰਡ ਬਿੰਦ੍ਰਾਬਨਾ ॥**
**ਜਹ ਖੇਲੈ ਸ੍ਰੀ ਨਾਰਾਇਨਾ ॥੩॥**
**ਬੇਨੁ ਬਜਾਵੈ ਗੋਧਨੁ ਚਰੈ ॥**
**ਨਾਮੇ ਕਾ ਸੁਆਮੀ ਆਨਦ ਕਰੈ ॥੪॥੧॥** *(੯੮੮)*

ਭਾਵ, ਭਗਵਾਨ ਕ੍ਰਿਸ਼ਨ ਦੀ ਇਕ ਇਕ ਚੀਜ਼ ਤੋਂ ਭਗਤ ਜੀ ਕੁਰਬਾਨ ਜਾਂਦੇ ਹਨ। ਕ੍ਰਿਸ਼ਨ ਦੇ ਭਗਤ ਅੱਗੇ ਕ੍ਰਿਸ਼ਨ ਦਾ ਨਾਮ ਲੈਣ ਦੀ ਲੋੜ ਨਹੀਂ। ਕੇਵਲ

ਬੰਸਰੀ ਤੇ ਕਮਲੀ ਦਾ ਹੀ ਜ਼ਿਕਰ ਕਰੀਏ ਤਾਂ ਭਗਤ ਦੇ ਰੋਮ ਰੋਮ ਵਿਚ ਕ੍ਰਿਸ਼ਨ ਜੀ ਦੇ ਪਿਆਰ ਦੀ ਝਰਨਾਹਟ ਛਿੜ ਪੈਂਦੀ ਹੈ। ਪਰ ਅੱਜ ਕਿਸੇ ਸਿੱਖ ਅੱਗੇ ਜੇ ਗੁਰੂ ਦੇ ਪੰਜਾਂ ਕੱਕਿਆਂ ਦੀ ਗੱਲ ਕਰੀਏ ਤਾਂ ਉਹ ਅੱਗੋਂ ਸੌ ਤਰਕਾਂ ਪੇਸ਼ ਕਰਦਾ ਹੈ, ਜਿਸ ਦਾ ਭਾਵ ਹੈ ਉਸ ਦਾ ਗੁਰੂ ਨਾਲ ਕੋਈ ਪ੍ਰੇਮ ਨਹੀਂ।

ਹਜ਼ਰਤ ਈਸਾ ਨੇ ਭੁੱਲੇ ਭਟਕਿਆਂ ਦੀ ਖ਼ਾਤਰ ਆਪਣਾ ਆਪ ਕੁਰਬਾਨ ਕੀਤਾ, ਸਲੀਬ ਉਤੇ ਚੜ੍ਹੇ, ਅੱਜ ਉਹ ਸਲੀਬ ਉਹਨਾਂ ਦੇ ਨਾਮ-ਲੇਵਾ ਦੇ ਗਲ ਵਿਚ ਉਸ ਪਿਆਰੇ ਦੇ ਪਿਆਰ ਦਾ ਚਿੰਨ੍ਹ ਬਣੀ ਹੋਈ ਹੈ। ਸਾਡੇ ਗੁਰੂ ਨੇ ਗ਼ਰੀਬ ਦੀ ਰੱਖਿਆ ਵਾਸਤੇ, ਹਿੰਦੁਸਤਾਨ ਦੇ ਧਰਮ ਵਾਸਤੇ ਆਪਣਾ ਸਰਬੰਸ ਕੁਰਬਾਨ ਕੀਤਾ, ਪਿਤਾ ਸ਼ਹੀਦ ਹੋਇਆ, ਚਾਰ ਬੱਚੇ ਸ਼ਹੀਦ ਹੋਏ ਤੇ ਖ਼ੁਦ ਵੀ ਕੁਰਬਾਨ ਹੋ ਗਏ ਤੇ ਅੱਜ ਦੇ ਸਿੱਖ ਨੂੰ ਉਸ ਮਹਾਨ ਸੂਰਬੀਰ ਦੀਆਂ ਕੁਰਬਾਨੀਆਂ ਯਾਦ ਨਹੀਂ, ਭੁੱਲਦੀਆਂ ਜਾ ਰਹੀਆਂ ਹਨ, ਤੇ ਯਾਦ ਕਰਨ ਦੀ ਕੋਸ਼ਿਸ਼ ਵੀ ਨਹੀਂ ਕੀਤੀ ਜਾਂਦੀ। ਇਹ ਪੰਜ ਕੱਕੇ ਕੀ ਹਨ ? ਓਸ ਮਹਾਨ ਸੂਰਬੀਰ ਦੀ ਯਾਦ ਹੈ। ਨਿਰੀ ਯਾਦ ਹੀ ਨਹੀਂ, ਉਸ ਦਾ ਪਿਆਰ ਹੈ, ਤੇ ਨਿਰਾ ਪਿਆਰ ਹੀ ਨਹੀਂ, ਇਹਨਾਂ ਪੰਜਾਂ ਕੱਕਿਆਂ ਵਿਚ ਬਹੁਤ ਕੁਛ ਰਹੱਸ ਲੁਕਿਆ ਹੋਇਆ ਹੈ। ਔਰ ਇਸ ਪਿਆਰ ਨੂੰ, ਗੁਰੂ ਗੋਬਿੰਦ ਸਿੰਘ ਦੇ ਪਿਆਰ ਨੂੰ ਕੋਈ ਗੁਰੂ ਗੋਬਿੰਦ ਸਿੰਘ ਦਾ ਪਿਆਰਾ ਹੀ ਪ੍ਰਾਪਤ ਕਰ ਸਕਦਾ ਹੈ।

# ਪਵਿੱਤਰ ਲਹੂ

ਸਾਡੇ ਸਰੀਰ ਦੇ ਹਰ ਇੰਦਰੇ ਦਾ ਭੋਜਨ ਅੱਡ ਅੱਡ ਹੈ। ਜੋ ਖ਼ੁਰਾਕ ਮੂੰਹ ਦੇ ਰਾਹੀਂ ਸਰੀਰ ਦੇ ਅੰਦਰ ਜਾਂਦੀ ਹੈ, ਉਹ ਭੋਜਨ ਪਚ ਕੇ ਅੰਦਰ ਖ਼ੂਨ ਬਣਦਾ ਹੈ ਤੇ ਖ਼ੂਨ ਦੀ ਗਰਦਿਸ਼ ਹੀ ਜੀਵਨ ਦੀ ਗਰਦਿਸ਼ ਹੈ। ਪਰ ਜੋ ਅੱਖਾਂ ਦੇ ਰਾਹੀਂ ਅੰਦਰ ਜਾਂਦਾ ਹੈ ਅਤੇ ਕੰਨਾਂ ਤੇ ਨਾਸਕਾਂ ਤੇ ਖਲੜੀ ਦੇ ਰਾਹੀਂ ਜੋ ਅੰਦਰ ਜਾਂਦਾ ਹੈ, ਉਹ ਵੀ ਸਾਡੇ ਖ਼ੂਨ ਵਿਚ ਰਚ-ਮਿਚ ਜਾਂਦਾ ਹੈ। ਅੱਖ ਜੋ ਵੇਖਦੀ ਹੈ, ਸਾਰੇ ਦ੍ਰਿਸ਼ ਅੰਦਰ ਚਲੇ ਜਾਂਦੇ ਹਨ ਤੇ ਸਹਿਜੇ ਸਹਿਜੇ ਖ਼ੂਨ ਦਾ ਹਿੱਸਾ ਬਣਦੇ ਹਨ ਤੇ ਇਹ ਗੱਲ ਸਪੱਸ਼ਟ ਹੈ ਕਿ ਜੋ ਸਾਡੇ ਅੰਦਰ ਖ਼ੂਨ ਹੈ ਉਹ ਬਾਹਰ ਦੇ, ਜੋ ਪਦਾਰਥ ਅੰਦਰ ਚਲੇ ਜਾਂਦੇ ਹਨ, ਉਨ੍ਹਾਂ ਨਾਲ ਹੀ ਬਣਦਾ ਹੈ। ਖ਼ੂਨ ਜੈਸਾ ਹੁੰਦਾ ਹੈ ਮਨੁੱਖ ਦਾ ਸੁਭਾਵ ਵੈਸਾ ਹੁੰਦਾ ਹੈ। ਤੇ ਜੈਸਾ ਸੁਭਾਵ ਹੁੰਦਾ ਹੈ ਵੈਸੇ ਹੀ ਕਰਮ ਹੁੰਦੇ ਹਨ। ਤੇ ਜੈਸੇ ਮਨੁੱਖ ਦੇ ਕਰਮ ਹੁੰਦੇ ਹਨ ਉਸ ਦਾ ਪ੍ਰਤੀਕਰਮ ਵੀ ਵੈਸਾ ਹੀ ਹੁੰਦਾ ਹੈ। ਜੇਕਰ ਇਕ ਮਨੁੱਖ ਦਾ ਭੋਜਨ (ਆਹਾਰ) ਗ਼ਲਤ ਹੈ ਤੇ ਵੇਖਣਾ, ਸੁਣਨਾ, ਬੋਲਣਾ ਇਹ ਵੀ ਗ਼ਲਤ ਹਨ ਤਾਂ ਖ਼ੂਨ ਐਸਾ ਬਣੇਗਾ ਜਿਸ ਨਾਲ ਉਸ ਦਾ ਸੁਭਾਵ ਗ਼ਲਤ ਹੋਵੇਗਾ, ਔਰ ਉਸ ਆਧਾਰ 'ਤੇ ਉਸ ਦੇ ਕਰਮ ਵੀ ਵੈਸੇ ਹੀ ਹੋਣਗੇ।

ਭਾਵੇਂ ਸੁਭਾਵ ਤੇ ਕੁਝ ਪੂਰਬਲੇ ਜਨਮ ਦੇ ਸੰਸਕਾਰਾਂ ਦਾ ਵੀ ਪ੍ਰਭਾਵ ਹੁੰਦਾ ਹੈ, ਲੇਕਿਨ ਪੂਰਬਲੇ ਜਨਮ ਦੇ ਬਣੇ ਸੰਸਕਾਰਾਂ ਦਾ ਆਧਾਰ ਵੀ ਇੰਦਰਿਆਂ ਦਾ ਭੋਜਨ ਹੀ ਹੈ। ਸਮੁਚੇ ਧਰਮ ਦਾ ਮਤਲਬ ਇਤਨਾ ਹੀ ਹੈ ਕਿ ਆਪਣੇ ਹਰ ਇੰਦਰੇ ਦਾ ਭੋਜਨ ਠੀਕ ਕਰੀਏ ਤੇ ਜਿਸ ਦੇ ਸਰੀਰਕ ਇੰਦਰੇ ਤੇ ਮਨ-ਬੁੱਧੀ ਦਾ ਆਹਾਰ ਤੇ ਵਿਚਾਰ ਠੀਕ ਹੋ ਜਾਂਦੇ ਹਨ, ਕਿਰਦਾਰ ਆਪਣੇ ਆਪ ਠੀਕ ਹੋ ਜਾਂਦਾ ਹੈ ਤੇ ਐਸੇ ਮਹਾਂ ਪੁਰਖ ਦਾ ਖ਼ੂਨ ਅੰਮ੍ਰਿਤ ਹੁੰਦਾ ਹੈ।

ਭਗਤ ਨਾਮਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਜਿਸ ਦਿਨ ਤੋਂ ਮੈਂ ਆਪਣੇ ਸਰੀਰ ਦੇ ਦਸਾਂ ਹੀ ਇੰਦਰਿਆਂ ਨੂੰ ਵਸ ਵਿਚ ਕਰ ਲਿਆ ਹੈ ਭਾਵ ਇਨ੍ਹਾਂ ਦਾ ਆਹਾਰ ਸ਼ੁੱਧ ਕਰ ਲਿਆ ਹੈ, ਉਸ ਦਿਨ ਤੋਂ ਮੇਰੇ ਸਰੀਰ ਦੇ ਅੰਦਰ ਬਹੱਤਰ ਮੋਟੀਆਂ

ਨਾੜਾਂ ਦੇ ਅੰਦਰ ਚਲ ਰਿਹਾ ਖ਼ੂਨ ਅੰਮ੍ਰਿਤ ਬਣ ਗਿਆ ਹੈ। ਤੇ ਲਹੂ ਹੀ ਜੀਵਨ ਹੈ। ਸਾਰਾ ਲਹੂ ਨਿਕਲ ਜਾਏ ਤਾਂ ਜੀਵਨ ਦਾ ਰਹਿਣਾ ਔਖਾ ਹੈ ਤੇ ਜੇ ਲਹੂ ਹੀ ਅੰਮ੍ਰਿਤ ਬਣ ਗਿਆ ਤਾਂ ਜੀਵਨ ਆਪੇ ਹੀ ਅੰਮ੍ਰਿਤ ਹੈ। ਤੇ ਅੰਮ੍ਰਿਤ ਜੀਵਨ ਹੀ ਮੁਰਦਾ ਕੌਮ ਨੂੰ ਜੀਵਨ ਦੇ ਸਕਦਾ ਹੈ। ਅਸੀਂ ਵੇਖਦੇ ਹਾਂ ਜਦ ਵੀ ਕੋਈ ਮਰੀਜ਼ ਕਿਸੇ ਘਟਨਾ ਕਾਰਨ ਆਖ਼ਰੀ ਦਮਾਂ 'ਤੇ ਹੁੰਦਾ ਹੈ ਤਾਂ ਡਾਕਟਰ ਕਹਿੰਦੇ ਹਨ ਕਿ ਇਸ ਨੂੰ ਲਹੂ ਦੇਣਾ ਪਵੇਗਾ ਤੇ ਉਸ ਦੇ ਲਹੂ ਨਾਲ ਮਿਲਦਾ ਲਹੂ ਦੇ ਕੇ ਮੁੜ ਦੁਬਾਰਾ ਜ਼ਿੰਦਗੀ ਦਿੱਤੀ ਜਾਂਦੀ ਹੈ।

• ਭਾਰਤ ਦੀ ਧਾਰਮਿਕ ਜ਼ਿੰਦਗੀ ਆਖ਼ਰੀ ਦਮਾਂ 'ਤੇ ਹੋਣ ਕਾਰਨ, ਮੁਰਦੇ ਦੀ ਤਰ੍ਹਾਂ ਮੁਰਝਾਈ ਹੋਈ ਸੀ। ਦੇਸ਼ ਦੀ ਧਾਰਮਿਕ ਜ਼ਿੰਦਗੀ ਨੂੰ ਬਚਾਣ ਵਾਸਤੇ ਕਿਸੇ ਐਸੇ ਲਹੂ ਦੀ ਲੋੜ ਸੀ ਜਿਸ ਦੇ ਰਾਹੀਂ ਸਮੁੱਚੇ ਦੇਸ਼ ਦੀ ਧਾਰਮਿਕ ਸੰਸਕ੍ਰਿਤੀ ਨੂੰ ਬਚਾਇਆ ਜਾ ਸਕੇ।

ਸਾਡੇ ਦੇਸ਼ ਦੀ ਕਸ਼ਮੀਰ ਦੀ ਵਾਦੀ ਇਕ ਐਸੀ ਰਮਣੀਕ ਤੇ ਸਰਸਬਜ਼ ਹੈ ਕਿ ਵੇਖਣ ਵਾਲੇ ਦਾ ਮਨ ਆਪੇ ਹੀ ਖਿਚਿਆ ਜਾਂਦਾ ਹੈ। ਇਸ ਵਾਦੀ ਨੂੰ ਵੇਖ ਕੇ ਜਹਾਂਗੀਰ ਦੀ ਮਲਕਾ-ਏ-ਨੂਰਜਹਾਂ ਨੇ ਕਹਿ ਦਿੱਤਾ ਸੀ ਕਿ ਕਸ਼ਮੀਰ ਜ਼ਮੀਨ ਦੀ ਜੰਨਤ ਹੈ।

**ਅਗਰ ਫ਼ਿਰਦੌਸ ਬਰ ਰੂਇ ਜ਼ਮੀਂ ਅਸਤ,**
**ਹਮੀਂ ਅਸਤੋ, ਹਮੀਂ ਅਸਤੋ, ਹਮੀਂ ਅਸਤ।**

ਕਸ਼ਮੀਰ ਦੇ ਉੱਚੇ ਪਹਾੜਾਂ ਤੋਂ ਠੰਢੇ ਪਾਣੀ ਦੇ ਅਣਗਿਣਤ ਝਰਨੇ ਵਗਦੇ ਹਨ। ਓਥੇ ਕਸ਼ਮੀਰ ਦੇ ਪਹਾੜਾਂ ਦੀਆਂ ਚੋਟੀਆਂ ਦੀ ਤਰ੍ਹਾਂ ਹੀ ਉੱਚੇ ਕਸ਼ਮੀਰੀ ਬ੍ਰਾਹਮਣਾਂ ਦੇ ਦਿਮਾਗ਼ ਸਨ। ਇਨ੍ਹਾਂ ਵਿਚੋਂ ਅਥਾਹ ਗਿਆਨ ਦੇ ਝਰਨੇ ਨਿਕਲਦੇ ਸਨ। ਜਿਵੇਂ ਕਸ਼ਮੀਰ ਦੇ ਪਹਾੜਾਂ 'ਚੋਂ ਨਿਕਲੇ ਹੋਏ ਝਰਨੇ ਮੈਦਾਨੀ ਇਲਾਕਿਆਂ ਨੂੰ ਤੇ ਸਾਰੇ ਦੇਸ਼ ਨੂੰ ਖ਼ੁਸ਼ਹਾਲ ਤੇ ਸਰਸਬਜ਼ ਰੱਖਦੇ ਹਨ, ਤਿਵੇਂ ਹੀ ਬ੍ਰਾਹਮਣਾਂ ਦੇ ਦਿਮਾਗ਼ 'ਚੋਂ ਨਿਕਲਿਆ ਹੋਇਆ ਗਿਆਨ ਸਾਰੇ ਦੇਸ਼-ਵਾਸੀਆਂ ਵਾਸਤੇ ਧਾਰਮਿਕ ਜੀਵਨ ਦੇਣ ਦਾ ਕਾਰਨ ਬਣਦਾ ਸੀ। ਵਕਤ ਦਾ ਹੁਕਮਰਾਨ ਭਾਵੇਂ ਪਹਾੜਾਂ ਦੇ ਝਰਨੇ ਤਾਂ ਨਾ ਬੰਦ ਕਰ ਸਕਿਆ, ਪਰ ਬ੍ਰਾਹਮਣਾਂ ਦੇ ਜ਼ਿਹਨ 'ਚੋਂ ਠੰਢੇ ਨਿਕਲ ਰਹੇ ਗਿਆਨ ਦੇ ਸੋਮਿਆਂ ਨੂੰ ਬੰਦ ਕਰਨ ਵਿਚ ਕੁਛ ਕਾਮਯਾਬੀ ਹਾਸਲ ਕਰ ਲਈ। ਇਹਨਾਂ ਕੁਛ ਸੋਮਿਆਂ ਦੇ ਬੰਦ ਹੋਣ ਨਾਲ ਬਾਕੀ ਦੇਸ਼-ਵਾਸੀਆਂ ਦੀ ਧਾਰਮਿਕ ਜ਼ਿੰਦਗੀ ਵਿਚ ਖ਼ੁਸ਼ਕੀ ਛਾਣ ਲੱਗੀ ਤੇ ਸਮੁੱਚੇ ਦੇਸ਼ ਵਿਚ ਇਕ ਹਲਚਲ ਜਿਹੀ ਮੱਚ ਗਈ। ਕਸ਼ਮੀਰ ਦੇ ਬਚੇ ਹੋਏ ਚੰਦ ਬ੍ਰਾਹਮਣ

ਪਰੇਸ਼ਾਨੀ ਦੀ ਹਾਲਤ ਵਿਚ ਮਦਦਗਾਰ ਦੀ ਟੋਲ ਵਿਚ ਸਨ, ਜੋ ਇਹਨਾਂ ਦੇ ਦਿਮਾਗ਼ ਵਿਚੋਂ ਨਿਕਲ ਰਹੀ ਗਿਆਨ ਦੀ ਗੰਗਾ ਸਮੁੱਚੇ ਦੇਸ਼ ਤਕ ਪਹੁੰਚਾਣ ਵਾਸਤੇ ਸਹਾਇਕ ਹੋ ਸਕੇ। ਸਮੁੱਚੇ ਦੇਸ਼ ਅੰਦਰ ਇਕ ਹੀ ਐਸੀ ਵੈਰਾਗ ਤੇ ਤਿਆਗ ਦੀ ਮੂਰਤੀ ਸੀ, ਜਿਸ ਦਾ ਲਹੂ ਅੰਮ੍ਰਿਤ ਦੀ ਤਰ੍ਹਾਂ ਪਾਵਨ ਤੇ ਪਵਿੱਤਰ ਸੀ, ਉਹ ਸਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ। ਭਾਵੇਂ ਦੇਸ਼ ਵਿਚ ਸਾਧੂ ਸੰਤਾਂ ਤੇ ਸੰਨਿਆਸੀਆਂ ਦੀ ਘਾਟ ਨਹੀਂ ਸੀ, ਪਰ ਜ਼ੁਲਮ ਦੇ ਚਲ ਰਹੇ ਤੂਫ਼ਾਨ ਦੇ ਸਾਹਮਣੇ ਇਹ ਤਿਨਕਿਆਂ ਦੀ ਤਰ੍ਹਾਂ ਸਨ। ਇਕ ਮਜ਼ਬੂਤ ਆਹਨੀ ਚਟਾਨ ਦੀ ਲੋੜ ਸੀ, ਜੋ ਜ਼ੁਲਮ ਦੀ ਚਲ ਰਹੀ ਇਸ ਤੂਫ਼ਾਨੀ ਰੌ ਨੂੰ ਰੋਕ ਪਾ ਸਕੇ। ਚਟਾਨ ਦੀ ਤਰ੍ਹਾਂ ਮਜ਼ਬੂਤ ਹਿਰਦਾ ਰੱਖਣ ਵਾਲੇ ਗੁਰੂ ਤੇਗ ਬਹਾਦਰ ਸਾਹਿਬ ਪਾਸ ਜਦ ਕਸ਼ਮੀਰ ਦੇ ਠੰਢੇ ਪਹਾੜਾਂ ਦੇ ਠੰਢੇ ਦਿਮਾਗ਼ ਰੱਖਣ ਵਾਲੇ ਬ੍ਰਾਹਮਣਾਂ ਨੇ ਹਉਕਿਆਂ ਦੇ ਨਾਲ ਆਪਣੀ ਬਿਪਤਾ ਦੀ ਦਾਸਤਾਨ ਸੁਣਾਈ ਤਾਂ ਸਾਹਿਬ ਸੋਚਾਂ ਦੇ ਡੂੰਘੇ ਸਾਗਰ ਵਿਚ ਲੀਨ ਹੋ ਗਏ। ਸੋਚ ਸਾਗਰ ਤੋਂ ਬਾਹਰ ਆਂਦਿਆਂ ਹੀ ਸਤਿਗੁਰੂ ਨੇ ਫ਼ੁਰਮਾਇਆ ਕਿ ਕੋਈ ਮਹਾਨ ਬਲੀ ਤੇ ਪਾਵਨ ਪਵਿੱਤਰ ਮੂਰਤੀ ਆਪਣਾ ਪਵਿੱਤਰ ਹੋਇਆ ਖ਼ੂਨ ਦੇਣ ਨੂੰ ਤਿਆਰ ਹੋ ਜਾਏ ਤਾਂ ਦੇਸ਼ ਦਾ ਧਾਰਮਿਕ ਜੀਵਨ ਬਚਾਇਆ ਜਾ ਸਕਦਾ ਹੈ। ਇਹ ਇਕ ਆਮ ਸਚਾਈ ਹੈ ਕਿ ਕਿਸੇ ਨੂੰ ਪਾਣੀ ਵਿਚ ਤਰਨ ਦੀ ਜਾਚ ਸਿਖਾਣੀ ਹੋਵੇ ਤਾਂ ਪਹਿਲੇ ਆਪ ਤਰਨਾ ਪੈਂਦਾ ਹੈ ਤੇ ਜੇ ਕਿਸੇ ਨੂੰ ਮਰਨ ਦੀ ਜਾਚ ਸਿਖਾਣੀ ਹੋਵੇ ਤਾਂ ਲਾਜ਼ਮੀ ਆਪ ਮਰਨਾ ਪੈਂਦਾ ਹੈ। ਦੇਸ਼ ਨੂੰ ਤਰਨ ਦੀ ਜਾਚ ਸਿਖਾਣ ਵਾਸਤੇ ਗੁਰੂ ਤੇਗ ਬਹਾਦਰ ਸਾਹਿਬ ਆਪ ਤਰਨ ਲਈ ਚਲ ਪਏ। ਅਨੰਦਪੁਰ ਸਾਹਿਬ ਤੋਂ ਦਿੱਲੀ ਤਕ ਆਉਂਦਿਆਂ ਆਉਂਦਿਆਂ ਰਸਤੇ ਵਿਚ ਆਪ ਧਾਰਮਿਕ ਉਪਦੇਸ਼ ਰਾਹੀਂ ਜੀਵਨ ਤੇ ਮਰਨ ਦੀ ਜਾਚ ਸਿਖਾਂਦੇ ਰਹੇ। ਅੱਜ ਉਹ ਦਿਨ ਆ ਗਿਆ ਜਿਸ ਦਿਨ ਸਾਹਿਬ ਗੁਰੂ ਤੇਗ ਬਹਾਦਰ ਜੀ ਨੇ ਉਹ ਸਰੀਰ ਦਾ ਘੜਾ, ਜੋ ਅੰਮ੍ਰਿਤ ਨਾਲ ਭਰਿਆ ਹੋਇਆ ਸੀ, ਦਿੱਲੀ ਨਰੇਸ਼ ਦੇ ਸਿਰ 'ਤੇ ਭੰਨ ਕੇ ਪਵਿੱਤਰ ਖ਼ੂਨ ਡੋਲ੍ਹ ਦਿੱਤਾ। ਉਸ ਡੁਲ੍ਹੇ ਹੋਏ ਖ਼ੂਨ ਦੇ ਬਾਇਸ ਸ਼ਾਨਦਾਰ ਗੁਰਦਵਾਰਾ ਸੀਸ ਗੰਜ ਪ੍ਰਗਟ ਹੋਇਆ। ਉਥੇ ਦੇਸ਼ ਦੇ ਮੰਦਰਾਂ ਦੇ ਕਲਸ ਟੁੱਟਣ ਤੋਂ ਬਚ ਗਏ। ਸਵਾਸਾਂ ਦੀ ਚਲ ਰਹੀ ਧਾਰਾ ਨੂੰ ਤੋੜ ਕੇ ਗੁਰੂ ਜੀ ਨੇ ਸੂਤ-ਧਾਰਾ (ਜਨੇਊ) ਬਚਾਇਆ ਤੇ ਆਪ ਸਮੁੱਚੇ ਧਰਮ ਦੇ ਮਸਤਕ ਦਾ ਟਿੱਕਾ ਬਣਿਆ :

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥**

ਇਸ ਮਹਾਨ ਸਾਕੇ ਨਾਲ ਦੇਸ਼ ਦੀ ਮਹਾਨ ਧਾਰਮਿਕ ਸੰਸਕ੍ਰਿਤੀ ਨੂੰ ਗੁਰੂ ਜੀ ਨੇ ਬਚਾਇਆ। ਇਹ ਡੁਲ੍ਹਿਆ ਹੋਇਆ ਖ਼ੂਨ ਹਮੇਸ਼ਾ ਲਈ ਦੇਸ਼ ਦਾ ਜੀਵਨ ਬਣੇਗਾ ਤੇ ਦੇਸ਼-ਵਾਸੀ ਇਸ ਡੁਲ੍ਹੇ ਹੋਏ ਖ਼ੂਨ ਤੋਂ ਧਾਰਮਿਕ ਜੀਵਨ ਦੀ ਉਸਾਰੀ ਦੀ ਜਾਚ ਸਿੱਖਦੇ ਰਹਿਣਗੇ। ਉਂਜ ਤਾਂ ਪਵਿੱਤਰ ਖ਼ੂਨ ਦੀ ਇਕ ਬੂੰਦ ਹੀ ਕਾਫ਼ੀ ਹੈ, ਪਰ ਜਿਸ ਥਾਂ 'ਤੇ ਸਾਰਾ ਖ਼ੂਨ ਡੁਲ੍ਹ ਜਾਏ, ਓਥੇ ਦੇਸ਼ ਦੀ ਧਾਰਮਿਕ ਜ਼ਿੰਦਗੀ ਨੂੰ ਕੋਈ ਖ਼ਤਰਾ ਨਹੀਂ ਹੋ ਸਕਦਾ। ਇਕ ਆਲਮ ਦਾ ਖ਼ਿਆਲ ਹੈ ਕਿ ਬੂੰਦ ਅਗਰ ਚਾਹੇ ਤਾਂ ਸਾਗਰ ਬਣ ਸਕਦੀ ਹੈ। ਇਕ ਫੁਲ ਨੂੰ ਜੇ ਆਪਣੇ ਗੁਣਾਂ ਦੀ ਮਹਿਕ ਨੂੰ ਲੁਟਾਣ ਦੀ ਜਾਚ ਆ ਜਾਏ ਤਾਂ ਸਮੁੱਚਾ ਗੁਲਸਤਾਨ ਬਣ ਸਕਦਾ ਹੈ। ਇਕ ਚਿੰਗਾੜੀ ਜਵਾਲਾਮੁਖੀ ਬਣ ਸਕਦੀ ਹੈ, ਹੂਬਹੂ ਇਸੇ ਤਰ੍ਹਾਂ ਪਵਿੱਤਰ ਖ਼ੂਨ ਦੀ ਇਕ ਬੂੰਦ ਵਿਚ ਜੇ ਕਿਧਰੇ ਉਛਾਲ ਆ ਜਾਏ ਤਾਂ ਉਹ ਸਮੁੱਚੇ ਦੇਸ਼ ਦੇ ਧਾਰਮਿਕ ਸਾਹਿਤ ਦਾ ਅਨੁਵਾਨ (ਸਿਰਲੇਖ) ਬਣ ਜਾਂਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਸਮੁੱਚੇ ਦੇਸ਼ ਦੇ ਧਾਰਮਿਕ ਸਾਹਿਤ ਦਾ ਅਨੁਵਾਨ ਹੈ ਔਰ ਉਹਨਾਂ ਦੇ ਤਿਆਗ ਲਈ ਤਾਂ ਆਪ ਜੀ ਨੂੰ 'ਧਰਮ ਦੀ ਚਾਦਰ' ਆਖਿਆ ਹੈ।

ਵੈਰਾਗ ਤੇ ਕੁਰਬਾਨੀ ਨੂੰ ਵੇਖ ਕੇ ਧਰਮ ਦੀ ਮੂਰਤ ਪਹਿਚਾਨੀ ਜਾ ਸਕਦੀ ਹੈ।

98150-03075

# ਪੂਰਨ ਮਨੁੱਖ

ਧਾਰਮਿਕ ਦੁਨੀਆ ਵਿਚ ਇਕ ਖ਼ਿਆਲ ਬੜਾ ਪ੍ਰਚਲਿਤ ਹੈ, ਉਹ ਇਹ ਕਿ ਅਧੂਰਾ ਕੁਛ ਵੀ ਚੰਗਾ ਨਹੀਂ ਲਗਦਾ। ਜਦ ਵੀ ਕੋਈ ਵਸਤੂ ਵੇਖਣ ਨੂੰ, ਖਾਣ ਪੀਣ ਨੂੰ, ਚੰਗੀ ਲੱਗੀ ਏ, ਤੇ ਸਿਆਣਿਆਂ ਦਾ ਕਹਿਣਾ ਹੈ ਕਿ ਇਹ ਸ਼ਰਤ ਹੈ, ਉਹ ਸੰਪੂਰਨ ਹੋਵੇ, ਮੁਕੰਮਲ ਹੋਵੇ। ਅਧੂਰੀ ਕਵਿਤਾ ਨਹੀਂ ਚੰਗੀ ਲਗਦੀ, ਅਧੂਰੀ ਸੰਗੀਤ ਦੀ ਧੁਨ ਨਹੀਂ ਚੰਗੀ ਲਗਦੀ, ਅਧੂਰਾ ਬਣਿਆ ਹੋਇਆ ਮਕਾਨ ਕਿਸੇ ਕੰਮ ਦਾ ਨਹੀਂ, ਅੱਧ-ਸਿਲਾ (ਸੀਤਾ) ਕਪੜਾ ਮਨੁੱਖ ਦਾ ਤਨ ਨਹੀਂ ਢੱਕ ਸਕਦਾ ਤੇ ਅੱਧ-ਕੱਚਾ ਭੋਜਨ ਅਧੂਰਾ ਹੀ ਬਣਿਆ ਹੋਇਆ ਮਨੁੱਖ ਦੀ ਭੁੱਖ ਮਿਟਾਣ ਵਿਚ ਸਮਰੱਥ ਨਹੀਂ। ਇਹ ਤੇ ਹੁਣ ਚੰਦ ਗੱਲਾਂ ਨੇ। ਸੰਸਾਰ ਦੇ ਵਿਚ ਜੋ ਕੁਛ ਵੀ ਅਧੂਰਾ ਹੋਵੇ ਉਹ ਚੰਗਾ ਨਹੀ ਲਗਦਾ। ਅਧੂਰੀ ਵਿਦਿਆ, ਅਧੂਰਾ ਇਲਮ ਕਿਸੇ ਕੰਮ ਦਾ ਨਹੀਂ, ਅਧੂਰਾ ਸਿਖਿਆ ਹੋਇਆ ਹੁਨਰ ਕਿਸੇ ਕੰਮ ਦਾ ਨਹੀਂ। ਤੇ ਫਿਰ ਜਿਥੇ ਅਧੂਰਾ ਮਕਾਨ ਤੇ ਅਧੂਰੀ ਕਵਿਤਾ ਨਹੀਂ ਚੰਗੀ ਲਗਦੀ, ਸਾਹਿਬਾਂ ਦੀ ਬਾਣੀ ਐਸਾ ਕਹਿੰਦੀ ਹੈ ਕਿ ਅਧੂਰਾ ਮਨੁੱਖ ਵੀ ਨਹੀਂ ਚੰਗਾ ਲਗਦਾ। ਮਨੁੱਖ ਦਾ ਸੰਪੂਰਨ ਹੋਣਾ ਬੜਾ ਲਾਜ਼ਮੀ ਹੈ। ਬੰਦੇ ਦਾ ਮੁਕੰਮਲ ਹੋਣਾ ਬੜਾ ਲਾਜ਼ਮੀ ਹੈ। ਲੇਕਿਨ ਇਕ ਖ਼ਾਮੀ ਰਹਿ ਜਾਂਦੀ ਹੈ। ਉਹ ਇਹ ਕਿ ਬੰਦਾ ਮਕਾਨ ਮੁਕੰਮਲ ਕਰਨ ਦੇ ਵਿਚ, ਦੁਕਾਨ ਮੁਕੰਮਲ ਕਰਨ ਦੇ ਵਿਚ ਜਾਂ ਬਾਕੀ ਚੀਜ਼ਾਂ ਦੇ ਮੁਕੰਮਲ ਕਰਨ ਦੇ ਵਿਚ ਇਸ ਹੱਦ ਤਕ ਲਗ ਜਾਂਦਾ ਹੈ ਕਿ ਆਪਣਾ ਆਪ ਇਸ ਦਾ ਅਧੂਰਾ ਰਹਿ ਜਾਂਦਾ ਹੈ। ਅੱਜ ਸੰਸਾਰ ਵਿਚ ਅਸੀਂ ਦੇਖਦੇ ਹਾਂ ਕਿ ਐਸੇ ਘਟ ਹੀ ਮਕਾਨ ਹਨ ਜੋ ਅਧੂਰੇ ਹੋਣ, ਮੁਕੰਮਲ ਹੋ ਜਾਂਦੇ ਹਨ। ਐਸੀਆਂ ਘਟ ਹੀ ਕਵਿਤਾਵਾਂ ਨੇ ਜੋ ਅਧੂਰੀਆਂ ਹੋਣ। ਕੁਛ ਕਵੀਆਂ ਦੀਆਂ ਕਵਿਤਾਵਾਂ ਅਧੂਰੀਆਂ ਰਹਿ ਜਾਂਦੀਆਂ ਹਨ। ਭਾਈ ਸਾਹਿਬ ਭਾਈ ਵੀਰ ਸਿੰਘ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਲੱਗੇ ਸਨ, ਪਰ ਉਹ ਸਿਰਫ਼ ਸਤ ਸੰਚੀਆਂ ਦਾ ਹੀ ਕਰ ਸਕੇ, ਚਲਾਣਾ ਕਰ ਗਏ, ਗੱਲ ਅਧੂਰੀ ਰਹਿ ਗਈ।

ਭਾਵੇਂ ਅਗਾਹ ਚੱਲ ਕੇ ਡਾਕਟਰ ਬਲਬੀਰ ਸਿੰਘ[1] ਨੇ ਇਹ ਟੀਕਾ ਪੂਰਾ ਕੀਤਾ ਹੈ, ਪਰ ਉਹ ਗੱਲ ਨਹੀਂ ਬਣੀ, ਸਿਆਣੇ ਬੰਦੇ ਕਹਿੰਦੇ ਹਨ ਕਿ ਗੱਲ ਅਧੂਰੀ ਰਹਿ ਗਈ। ਕਿਉਂਕਿ ਅਧੂਰਾ ਕੁਛ ਵੀ ਚੰਗਾ ਨਹੀਂ ਲਗਦਾ। ਅਧੂਰੀ ਵਿਦਿਆ, ਅਧੂਰੀ ਸੜਕ, ਅਧੂਰੀ ਬਿਲਡਿੰਗ, ਅਧੂਰੀ ਕਵਿਤਾ, ਅਧੂਰੀ ਸੰਗੀਤ ਦੀ ਧੁਨ ਨਹੀਂ ਚੰਗੀ ਲਗਦੀ। ਤੇ ਫਿਰ ਬੰਦਾ ਅਧੂਰਾ ਕਿਸ ਤਰ੍ਹਾਂ ਚੰਗਾ ਲਗੇਗਾ ? ਮਨੁੱਖ ਹੁਣ ਮੁਕੰਮਲ ਹੋਵੇ, ਇਸ ਦੀ ਕੋਸ਼ਿਸ਼ ਹੈ। ਸਤਿਸੰਗ ਦੇ ਵਿਚ ਆਣ ਦਾ ਪਤਾ ਹੈ, ਮਤਲਬ ਕੀ ਹੈ ? ਜਿਸ ਪਾਸਿਓਂ ਸਾਡੀ ਜ਼ਿੰਦਗੀ ਵਿਚ ਘਾਟ ਹੈ, ਅਸੀਂ ਨਾ-ਮੁਕੰਮਲ ਹਾਂ, ਉਹਨੂੰ ਮੁਕੰਮਲ ਕਰਨਾ ਹੈ, ਪੂਰਨ ਕਰਨਾ ਹੈ।

ਤੇ ਹੁਣ ਜਦ ਇਕ ਮਕਾਨ ਬਣਾਉਣਾ ਹੈ ਤਾਂ ਉਹਦਾ ਪਹਿਲੇ ਨਕਸ਼ਾ ਬਣਾਉਂਦੇ ਹਾਂ ਤੇ ਫਿਰ ਅਸੀਂ ਉਹਨੂੰ ਜ਼ਮੀਨ 'ਤੇ ਬਣਾਉਂਦੇ ਹਾਂ ਅਤੇ ਮੁਕੰਮਲ ਕਰਦੇ ਹਾਂ। ਮੁਕੰਮਲ ਮਨੁੱਖ ਦਾ ਇਕ ਨਕਸ਼ਾ ਗੁਰੂ ਨਾਨਕ—ਗੁਰੂ ਗੋਬਿੰਦ ਸਿੰਘ ਨੇ ਸਾਡੇ ਸਾਹਮਣੇ ਰੱਖਿਆ ਹੈ। ਪੂਰਨ ਮਨੁੱਖ ਕੈਸਾ ਹੋਣਾ ਚਾਹੀਦਾ ਹੈ ? ਮੁਕੰਮਲ ਇਨਸਾਨ ਕੈਸਾ ਹੋਣਾ ਚਾਹੀਦਾ ਹੈ ? ਸਾਹਿਬ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਆਪਣੀ ਜ਼ਿੰਦਗੀ ਪੇਸ਼ ਕੀਤੀ। ਤੇ ਮੈਂ ਚੰਦ ਮਹਾਂਪੁਰਖਾਂ ਦੇ ਹਵਾਲੇ ਦੇ ਕੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਜ਼ਿੰਦਗੀ ਤੁਹਾਡੇ ਸਾਹਮਣੇ ਰੱਖਣੀ ਹੈ।

ਲਾਲਾ ਦੌਲਤ ਰਾਏ ਨੇ ੧੯੦੬ ਵਿਚ ਇਕ ਕਿਤਾਬ ਲਿਖੀ ਸੀ, ਜਿਸ ਦਾ ਨਾਮ ਹੈ *ਸੁਆਨੇ ਉਮਰੀ ਗੁਰੂ ਗੋਬਿੰਦ ਸਿੰਘ*। ਉਰਦੂ ਵਿਚ ਲਿਖੀ ਸੀ ਤੇ ਲਾਹੌਰ ਵਿਚ ਛਪੀ ਸੀ। ਇਹ ਆਰੀਆ ਸਮਾਜ ਦਾ ਉੱਘਾ ਪ੍ਰਚਾਰਕ ਸੀ, ਲੇਕਿਨ ਕਥਾ ਲਿਖ ਰਿਹਾ ਹੈ ਗੁਰੂ ਗੋਬਿੰਦ ਸਿੰਘ ਦੀ। ਇਸ ਤੋਂ ਪੁਛਿਆ ਗਿਆ ਹੈ 'ਪੁਰਖਾ, ਪ੍ਰਚਾਰਕ ਤੂੰ ਆਰੀਆ ਸਮਾਜ ਦਾ, ਗੱਲ ਤੂੰ ਦਇਆ ਨੰਦ ਦੀ ਕਰਨੀ ਸੀ, ਜੀਵਨ ਤੂੰ ਦਇਆ ਨੰਦ ਦਾ ਲਿਖਣਾ ਸੀ, ਤੇ ਤੇਰੀ ਕਲਮ ਗੁਰੂ ਗੋਬਿੰਦ ਸਾਹਿਬ ਦਾ ਸਾਹਿਤ ਲਿਖਣ ਲਗ ਪਈ ਹੈ। ਤੇਰੀ ਕਲਮ 'ਚੋਂ ਗੁਰੂ ਦਾ ਇਤਿਹਾਸ ਨਿਕਲਣ ਲਗ ਪਿਆ ਹੈ, ਕਿਉਂ ?' ਤੇ ਲਾਲਾ ਦੌਲਤ ਰਾਏ ਦੇ ਅਲਫ਼ਾਜ਼ ਸਨ ਕਿ ਅਧੂਰੇ ਪੁਰਖਾਂ ਦੀ ਕੋਈ ਗੱਲ ਲਿਖਣ ਲਗਿਆਂ ਕੋਈ ਸਵਾਦ ਨਹੀਂ ਆਉਂਦਾ, ਮੈਂ ਗੱਲ ਲਿਖਣੀ ਹੈ ਕਿਸੇ ਪੂਰਨ ਪੁਰਖ ਦੀ, ਮੁਕੰਮਲ ਬੰਦੇ ਦੀ, ਜਿਹੜਾ ਅੰਦਰੋਂ ਬਾਹਰੋਂ ਮੁਕੰਮਲ ਹੈ।

ਮੈਂ ਇਹ ਨਹੀਂ ਕਹਿੰਦਾ ਕਿ ਭਜਨੀਕ ਬੰਦੇ ਅਧੂਰੇ ਹੁੰਦੇ ਹਨ, ਉਹ ਭਜਨ

---

੧. ਡਾ. ਬਲਬੀਰ ਸਿੰਘ ਜੀ ਨੇ ਉੱਦਮ ਅਰੰਭਿਆ ਜ਼ਰੂਰ ਸੀ, ਪਰ ਉਹ ਸਫਲ ਨਾ ਹੋ ਸਕੇ ਅਤੇ ਉਸ ਤੋਂ ਅੱਗੇ ਕੁਝ ਵੀ ਨਹੀਂ ਹੋ ਸਕਿਆ। —*ਪ੍ਰਕਾਸ਼ਕ*

ਕਰਕੇ ਅੰਦਰੋਂ ਤਾਂ ਸੰਪੂਰਨ ਹੋ ਗਏ, ਪਰ ਬਾਹਰੋਂ ਅਧੂਰੇ ਰਹੇ। ਜੋਗੀ ਬੰਦਗੀ ਵਿਚ ਤਾਂ ਸਫਲ ਹੋ ਗਏ, ਪਰ ਸੰਸਾਰ ਨਾਲੋਂ ਸੰਬੰਧ ਤੋੜ ਬੈਠੇ। ਆਪ ਨੂੰ ਪਤਾ ਹੋਵੇ, ਜਦ ਬਾਬਰ ਹਿੰਦੁਸਤਾਨ 'ਤੇ ਚੜ੍ਹ ਕੇ ਆਇਆ ਤਾਂ ਰਾਜਸਥਾਨ ਦੇ ਰਜਵਾੜੇ ਜੋਗੀਆਂ ਕੋਲ ਗਏ ਕਿ ਦੱਸੋ ਹੁਣ ਕੀ ਕਰੀਏ ? ਉਹ ਬੜਾ ਲੰਬਾ ਚੌੜਾ ਲਾਓ ਲਸ਼ਕਰ ਲੈ ਕੇ ਆ ਰਿਹਾ ਹੈ ਤੇ ਜਿਹੜੇ ਥੋੜ੍ਹੇ ਬਹੁਤ ਲੜਨ ਵਾਲੇ ਸਨ, ਉਹ ਫ਼ਕੀਰਾਂ ਪਾਸ ਗਏ ਕਿ ਦੱਸੋ ਕੀ ਕਰੀਏ ? ਬਾਬਰ ਲੰਬੇ ਚੌੜੇ ਲਾਓ ਲਸ਼ਕਰ ਨਾਲ ਅਬਾਦੀਆਂ ਸਾੜਦਾ ਹੋਇਆ, ਬੰਦਿਆਂ ਨੂੰ ਮਾਰਦਾ ਹੋਇਆ, ਅਸਮਤ ਲੁੱਟਦਾ ਹੋਇਆ, ਦੌਲਤ ਲੁੱਟਦਾ ਹੋਇਆ, ਇਸ ਢੰਗ ਨਾਲ ਆ ਰਿਹਾ ਹੈ, ਦੱਸੋ ਕੀ ਕਰੀਏ ? ਜੋਗੀਆਂ ਨੇ, ਪਤਾ ਹੈ, ਕੀ ਆਖਿਆ ? ਕੋਈ ਫ਼ਿਕਰ ਨਾ ਕਰੋ, 'ਅਸੀਂ ਇੰਜ ਮੰਤਰ ਪੜ੍ਹਾਂਗੇ ਕਿ ਸਾਰੇ ਹੀ ਅੰਨ੍ਹੇ ਹੋ ਜਾਣਗੇ।' ਤੇ ਜਿਨ੍ਹਾਂ ਨੇ ਮਾੜਾ ਮੋਟਾ ਲੜਨਾ ਵੀ ਸੀ, ਉਹ ਵੀ ਹੱਥ 'ਤੇ ਹੱਥ ਧਰ ਕੇ ਬੈਠੇ ਰਹੇ। ਬਈ ਠੀਕ ਹੈ ਮੰਤਰ ਪੜ੍ਹਨਗੇ ਜੋਗੀ, ਲੋਕੀ ਆਪੇ ਅੰਨ੍ਹੇ ਹੋ ਜਾਣਗੇ। ਪਰ ਅੰਨ੍ਹੇ ਕੀ ਹੋਣਾ ਸੀ, ਉਹ ਮਾਰੋ ਮਾਰ ਕਰਦਾ ਅਗਾਂਹ ਵਧਦਾ ਗਿਆ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਜੋਗੀਆਂ 'ਤੇ ਗੁਰਬਾਣੀ ਵਿਚ ਕਟਾਖਸ਼ ਕੀਤਾ ਹੈ ਕਿ :

**ਕੋਈ ਮੁਗਲੁ ਨ ਹੋਆ ਅੰਧਾ**
**ਕਿਨੈ ਨ ਪਰਚਾ ਲਾਇਆ ॥** *(੪੧੮)*

ਮਹਾਰਾਜ ਕਹਿੰਦੇ ਨੇ, ਮੰਤਰ ਤੇ ਬਥੇਰੇ ਪੜ੍ਹਦੇ ਰਹੇ, ਜੰਤਰ ਬਥੇਰੇ ਫੂਕਦੇ ਰਹੇ, ਲੇਕਿਨ ਇਕ ਵੀ ਮੁਗ਼ਲ ਅੰਨ੍ਹਾ ਨਾ ਹੋਇਆ। ਹਿੰਦੁਸਤਾਨ ਦੀ ਦੌਲਤ ਲੁੱਟੀ ਗਈ, ਇਸ ਦੀ ਅਸਮਤ ਲੁੱਟੀ ਗਈ, ਇਹ ਤਬਾਹ ਤੇ ਬਰਬਾਦ ਹੋਇਆ। ਜੋਗੀ ਇਸ ਫ਼ਿਕਰ ਵਿਚ ਰਿਹਾ ਕਿ ਮੈਂ ਮੰਤਰ ਫੂਕਾਂਗਾ, ਮੰਤਰਾਂ ਨਾਲ ਰੋਕਾਂਗਾ। ਮੰਤਰਾਂ ਨਾਲ ਮਨ ਦੇ ਵਿਕਾਰ ਤੇ ਰੋਕੇ ਜਾ ਸਕਦੇ ਹਨ। ਮੰਤਰ ਦਾ ਮਤਲਬ ਹੈ ਉਹ ਵਿਚਾਰ ਜਿਸ ਨਾਲ ਮਨ ਨੂੰ, ਸਰੀਰ ਨੂੰ, ਤੇ ਸੰਸਾਰ ਨੂੰ ਤੋਰਿਆ ਜਾ ਸਕੇ। ਮੰਤਰ ਦਾ ਮਤਲਬ ਹੈ ਮਨ ਨੂੰ ਕਾਬੂ ਕਰਨਾ, ਦਿਮਾਗ਼ ਨੂੰ ਕਾਬੂ 'ਚ ਰੱਖਣਾ, ਆਪਣੇ ਜੀਵਨ ਨੂੰ ਕਾਬੂ 'ਚ ਰੱਖਣਾ, ਉਸ ਨੂੰ ਮੰਤਰ ਦੇ ਅਧੀਨ ਚਲਾਣਾ। ਤੇ ਮੰਤਰਾਂ ਦਾ ਜਾਪ ਮਨ ਸ਼ੁਧ ਰੱਖਣ ਦੇ ਵਿਚ ਤੇ ਸਹਾਇਕ ਹੋ ਸਕਦਾ ਹੈ, ਕਿਸੇ ਮੰਤਰ ਨਾਲ ਹੁਣ ਕਿਸੇ ਵੱਡੀ ਸੈਨਾ ਨੂੰ ਮਾਰ ਦੇਣਾ, ਇਤਨੇ ਲੰਬੇ ਚੌੜੇ ਲਾਓ ਲਸ਼ਕਰ ਨੂੰ ਮਾਰ ਦੇਣਾ ਇਹ ਗੱਲ ਬੜੀ ਔਖੀ ਹੈ।

ਤੇ ਗੁਰੂ ਨਾਨਕ ਦੇਵ ਜੀ ਕਹਿਣ ਲੱਗੇ, 'ਐਸੇ ਫੋਕੇ ਮੰਤਰਾਂ ਦੇ ਉਪਰ ਭਰੋਸੇ ਰੱਖਣ ਵਾਲੇ ਮਨੁੱਖ ਹੁਣ ਮੈਨੂੰ ਨਹੀਂ ਚਾਹੀਦੇ। ਬੰਦਾ ਮੈਂ ਪੂਰਨ ਬਨਾਣਾ

ਹੈ, ਜਿਹੜਾ ਅੰਦਰੋਂ ਬਾਹਰੋਂ ਮੁਕੰਮਲ ਹੋਵੇ।'

ਇਕ ਪੱਥਰ ਦਾ ਮੁਜੱਸਮਾ ਘੜਨਾ ਹੋਵੇ ਤਾਂ ਦੋ ਚਾਰ ਸਾਲ ਲਗ ਸਕਦੇ ਹਨ। ਸੰਗ-ਤਰਾਸ਼ ਜਦ ਕੋਈ ਮੂਰਤੀ ਘੜਦਾ ਹੈ ਤਾਂ ਕਈ ਦਫ਼ਾ ਪੰਜ ਪੰਜ ਸਾਲ ਵੀ ਲਗ ਜਾਂਦੇ ਹਨ। ਮਿਊਜ਼ੀਅਮਾਂ ਵਿਚ ਕਈ ਐਸੀਆਂ ਮੂਰਤੀਆਂ ਵੀ ਪਈਆਂ ਹਨ ਜਿਨ੍ਹਾਂ ਦੇ ਘੜਨ ਲਗਿਆਂ ਦਸ ਦਸ, ਪੰਦਰਾਂ ਪੰਦਰਾਂ ਸਾਲ ਵੀ ਲਗੇ ਹਨ। ਹੁਣ ਬੰਦੇ ਨੂੰ ਘੜਨਾ ਸੀ ਤੇ ਬੰਦੇ ਨੂੰ ਪੂਰਨ ਬਨਾਣਾ ਸੀ, ਢਾਈ ਸੌ ਸਾਲ ਲਗੇ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ। ਪੱਥਰ ਨੂੰ ਘੜੀਏ ਤੇ ਪੱਥਰ ਇਨਕਾਰੀ ਨਹੀਂ ਹੁੰਦਾ ਕਿ ਬਈ ਮੈਨੂੰ ਨਾ ਘੜੋ। ਬੰਦਾ ਇਨਕਾਰੀ ਹੋ ਸਕਦਾ ਹੈ। ਤੇ ਬੰਦੇ ਨੂੰ ਪਹਿਲੇ ਤਾਂ ਰਾਜ਼ੀ ਕਰਨਾ ਸੀ ਕਿ ਬਈ ਤੂੰ ਸੰਵਰਨ ਵਾਸਤੇ ਰਾਜ਼ੀ ਹੈਂ ਵੀ ਕਿ ਨਹੀਂ, ਮੁਕੰਮਲ ਹੋਣ ਵਾਸਤੇ ਤਿਆਰ ਹੈਂ ਵੀ ਕਿ ਨਹੀਂ। ਕਈ ਬੰਦੇ ਅਧੂਰੇਪਨ ਦੇ ਉਤੇ ਵੀ ਖ਼ੁਸ਼ ਹੁੰਦੇ ਹਨ। ਇਕ ਠੱਗ ਹੈ, ਉਹ ਆਪਣੀ ਠੱਗੀ ਉੱਤੇ ਹੀ ਖ਼ੁਸ਼ ਹੈ। ਇਕ ਝੂਠਾ ਹੈ, ਉਹ ਆਪਣੇ ਝੂਠ 'ਤੇ ਹੀ ਖ਼ੁਸ਼ ਹੈ। ਇਕ ਪਖੰਡੀ ਹੈ, ਉਹ ਆਪਣੇ ਪਖੰਡ 'ਤੇ ਹੀ ਖ਼ੁਸ਼ ਹੈ। ਸੋ ਹੁਣ ਕਿਵੇਂ ਮੁਕੰਮਲ ਕਰੀਏ। ਪੱਥਰ ਇਨਕਾਰੀ ਨਹੀਂ ਹੁੰਦਾ ਕਿ ਬਈ ਮੈਨੂੰ ਨਾ ਘੜੋ। ਬੰਦਾ ਇਨਕਾਰੀ ਹੋ ਜਾਂਦਾ ਹੈ ਕਿ ਬਈ ਮੈਂ ਨਹੀਂ ਘੜੀਂਦਾ। ਲੇਕਿਨ ਹੁਣ ਗੁਰੂ ਨਾਨਕ ਦੇਵ ਜੀ ਤਿਆਰ ਕਰ ਰਹੇ ਹਨ ਸ਼ਬਦਾਂ ਦੇ ਰਾਹੀਂ। ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਮਨੁੱਖ ਨੂੰ ਤਿਆਰ ਕਰ ਰਹੇ ਹਨ ਕਿ ਇਹ ਸੰਵਰਨ ਵਾਸਤੇ ਤਿਆਰ ਹੋਵੇ। ਇਹਨੂੰ ਰਾਜ਼ੀ ਕਰ ਰਹੇ ਹਨ ਤੇ ਦਸਵੇਂ ਪਾਤਸ਼ਾਹ ਤੱਕ ਸਿੱਖਾਂ ਦਾ ਮਨ ਰਾਜ਼ੀ ਹੋ ਗਿਆ ਸੀ, ਸਿੱਖਾਂ ਦਾ ਮਨ ਮੰਨ ਗਿਆ ਸੀ। ਇਸ ਵਾਸਤੇ ਸਾਹਿਬਾਂ ਨੇ ਸੰਪੂਰਨ ਹੋਣ ਦੀ ਮੋਹਰ ਲਾ ਦਿੱਤੀ। ਬਈ ਇਹ ਬੰਦਾ ਰਾਜ਼ੀ ਹੋ ਗਿਆ ਹੈ, ਕਿਉਂਕਿ ਜੇ ਬੰਦਾ ਰਾਜ਼ੀ ਨਾ ਹੋਵੇ ਤਾਂ ਫਿਰ ਘੜਨਾ ਬੜੀ ਔਖੀ ਗੱਲ ਹੈ। ਜ਼ਬਰਦਸਤੀ ਤੁਹਾਥੋਂ ਨਾਮ ਨਹੀਂ ਜਪਾਇਆ ਜਾ ਸਕਦਾ। ਜ਼ਬਰਦਸਤੀ ਕਿਸੇ ਨੂੰ ਸਿੱਖ ਨਹੀਂ ਬਣਾਇਆ ਜਾ ਸਕਦਾ।

ਅਜੋਕੇ ਨੌਜੁਆਨ ਬੜੀ ਤਰਕ ਪੇਸ਼ ਕਰਦੇ ਹਨ, ਜਦ ਕਹੀਏ ਸਾਹਿਬਾਂ ਦੀ ਮੋਹਰ ਨੂੰ ਨਾ ਵਿਗਾੜੋ। ਤਾਂ ਪਤਾ ਹੈ ਕੀ ਕਹਿੰਦੇ ਨੇ, ਦਾੜ੍ਹੀ ਨੂੰ ਕੋਈ ਅੰਬ ਲਗਣੇ ਨੇ, ਇੰਜ ਕਹਿੰਦੇ ਨੇ। ਇਹਨਾਂ ਨੂੰ ਕੌਣ ਦੱਸੇ, ਕੋਈ ਅੱਖਾਂ ਨੂੰ ਅੰਗੂਰ ਲਗਣੇ ਨੇ; ਇਹਨਾਂ ਨੂੰ ਕੱਢ ਪਰੇ ਸੁਟੋ। ਕੰਨਾਂ ਨੂੰ ਕੋਈ ਕੇਲੇ ਲਗਣੇ ਨੇ, ਆਹ ਨੱਕ ਨੂੰ ਕੋਈ ਅਮਰੂਦ ਲਗਣੇ ਨੇ। ਇਹਨਾਂ ਨੂੰ ਇਹ ਨਹੀਂ ਪਤਾ ਕਿ ਅੰਬ ਦਾੜ੍ਹੀ

ਨੂੰ ਲਗਦੇ ਹਨ ਕਿ ਦਰੱਖ਼ਤਾਂ ਨੂੰ। ਤਸ਼ਬੀਹ ਤਾਂ ਘਟੋ ਘਟ ਠੀਕ ਦੇਣ। ਪ੍ਰਮਾਣ ਜਿਹੜਾ ਹੈ ਉਹ ਤੇ ਕਮ ਸੇ ਕਮ ਮੁਕੰਮਲ ਦੇਣ। ਪ੍ਰਮਾਣ ਕੀ, ਤੇ ਕਿਥੇ ਦੇਣਾ ਚਾਹੀਦਾ ਹੈ, ਇਹ ਤੇ ਕਮ ਸੇ ਕਮ ਤੈਨੂੰ ਪਤਾ ਹੋਵੇ ਕਿ ਅੰਬ ਦਾੜ੍ਹੀ ਨੂੰ ਲਗਣੇ ਹਨ ਕਿ ਦਰੱਖ਼ਤਾਂ ਨੂੰ।

ਸੋ ਮਨੁੱਖ ਇਨਕਾਰੀ ਹੋ ਸਕਦਾ ਹੈ ਕਿ ਮੈਂ ਰਾਜ਼ੀ ਨਹੀਂ ਹੋਣਾ। ਮੈਂ ਨਹੀਂ ਘੜੀਵਣਾ, ਮੈਂ ਮੁਕੰਮਲ ਨਹੀਂ ਹੋਣਾ, ਲੇਕਿਨ ਕੋਈ ਤਸਵੀਰ ਬਣਨ ਲਗਿਆਂ ਇਨਕਾਰੀ ਨਹੀਂ ਹੁੰਦੀ ਕਿ ਮੈਂ ਮੁਕੰਮਲ ਨਹੀਂ ਹੋਣਾ। ਮੁਸੱਵਰ ਉਹਨੂੰ ਮੁਕੰਮਲ ਕਰ ਛੱਡਦਾ ਹੈ। ਕੋਈ ਮਕਾਨ ਇਨਕਾਰੀ ਨਹੀਂ ਹੁੰਦਾ ਕਿ ਮੈਂ ਮੁਕੰਮਲ ਨਹੀਂ ਹੋਣਾ। ਮਾਮੂਰ ਉਹਨੂੰ ਬਣਾ ਹੀ ਛਡਦਾ ਹੈ। ਲੇਕਿਨ ਜਦ ਬੰਦੇ ਨੂੰ ਮੁਕੰਮਲ ਕਰਨ ਦਾ ਵਕਤ ਆਵੇ ਤਾਂ ਬੰਦਾ ਇਨਕਾਰੀ ਹੋ ਸਕਦਾ ਹੈ। ਔਰ ਮੈਂ ਅਰਜ਼ ਕਰਾਂ, ਬਹੁਤ ਸਾਰੇ ਮਨੁੱਖ ਸਨ ਜੋ ਵਕਤ ਦੇ ਨਾਲ ਇਨਕਾਰੀ ਵੀ ਹੋਏ। ਗੁਰੂ ਦੇ ਅੰਗ ਸੰਗ ਰਹਿਣ ਵਾਲੇ ਵੀ ਮਨੁੱਖ ਐਸੇ ਸਨ ਕਿ ਇਕ ਸਮੇਂ 'ਤੇ ਬੇਦਾਵਾ ਲਿਖ ਕੇ ਦੇ ਗਏ। ਕਹਿਣ ਲਗੇ, 'ਪਾਤਸ਼ਾਹ! ਤੁਸੀ ਸਾਡੇ ਗੁਰੂ ਨਹੀਂ, ਅਸੀਂ ਤੁਹਾਡੇ ਸਿੱਖ ਨਹੀਂ।' ਜਦ ਜਾਣ ਲੱਗੇ ਤਾਂ ਫਿਰ ਪਾਤਸ਼ਾਹ ਨੇ ਕਿਹਾ, 'ਲਿਖ ਕੇ ਹੀ ਦੇ ਜਾਓ।' ਤੇ ਆਪ ਨੂੰ ਪਤਾ ਹੀ ਹੈ ਕਿ ਲਿਖ ਕੇ ਵੀ ਦੇ ਦਿੱਤਾ, ਬੜੀ ਜੁਰਅਤ ਸੀ। ਭੁੱਖ ਸਾਹਮਣੇ, ਦੁਖ ਸਾਹਮਣੇ, ਬਿਪਤਾ ਸਾਹਮਣੇ। ਬੰਦਾ ਸੁਖ ਦੇ ਵਿਚ ਤਾਂ ਗੁਰੂ ਦਾ ਸਾਥ ਦੇ ਸਕਦਾ ਹੈ, ਦੁਖ 'ਚ ਕੌਣ ਦੇਵੇ। ਔਰ ਫਿਰ ਗੁਰੂ ਤੇਗ ਬਹਾਦਰ ਸਾਹਿਬ ਨੇ ਐਵੇਂ ਨਹੀਂ ਕਿਹਾ ਕਿ:

**ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥** *(੧੪੨੯)*

ਜਿਤਨੇ ਸਾਥ ਨਿਭਦੇ ਹਨ, ਇਹ ਸਭ ਸੁਖ ਦੇ ਨਿਭਦੇ ਹਨ, ਬਿਪਤਾ ਵਿਚ, ਗੜ੍ਹੀ ਵਿਚ ਫਸੇ ਹੋਏ ਗੁਰੂ ਦੇ ਸਿੱਖਾਂ ਨੇ ਹੀ ਬੇਦਾਵਾ ਲਿਖ ਦਿੱਤਾ, ਅਸੀਂ ਤੁਹਾਡੇ ਸਿੱਖ ਨਹੀਂ, ਤੁਸੀਂ ਸਾਡੇ ਗੁਰੂ ਨਹੀਂ।

ਖਿਮਾ ਕਰਨੀ, ਉਹ ਗੁਰੂ ਅੱਜ ਵੀ ਮੌਜੂਦ ਹੈ, ਜ਼ਾਹਰ ਜ਼ਹੂਰ ਹੈ, ਤੇ ਉਹ ਬੇਦਾਵਾ ਲਿਖਣ ਵਾਲੇ ਸਿੱਖ ਵੀ ਮੌਜੂਦ ਹਨ। ਅੱਜ ਵੀ ਉਹ ਸਿੱਖ ਮੌਜੂਦ ਹਨ ਜੋ ਕਹਿ ਦਿੰਦੇ ਹਨ: ਲਓ, ਆਪਣਾ ਕੜਾ ਐਹ ਸਾਂਭੋ, ਲਓ ਆਪਣੀ ਕ੍ਰਿਪਾਨ ਸਾਂਭੋ, ਆਹ ਜਿਹੜੀ ਸਿਰ 'ਤੇ ਪੱਗ ਬੰਨ੍ਹੀ ਸੀ, ਇੱਜ਼ਤ ਦਿਤੀ ਸੀ, ਨਹੀਂ ਚਾਹੀਦੀ, ਐਹ ਲਓ। ਇਹ ਬੇਦਾਵਾ ਹੀ ਲਿਖਣਾ ਹੈ। ਬੇਦਾਵੇ ਤੋਂ ਇਲਾਵਾ ਕੋਈ ਗੱਲ ਨਹੀਂ। ਤੇ ਜੇ ਗੁਰੂ ਉਹ ਮੌਜੂਦ ਹੈ ਤਾਂ ਫਿਰ ਬਿਦਾਵਾ ਲਿਖਣ ਵਾਲੇ ਸਿੱਖ ਵੀ ਮੌਜੂਦ ਹਨ। ਉਨ੍ਹਾਂ ਦੀ ਸੁਰਤ ਵੀ ਆ ਹੀ ਜਾਂਦੀ ਹੈ ਪਰ ਧੰਨ ਨੇ ਉਹ ਬਿਦਾਵਾ

ਲਿਖਣ ਵਾਲੇ। ਲਿਖ ਕੇ ਤਾਂ ਦੇ ਗਏ ਨੇ ਬਿਦਾਵਾ, ਪਰ ਘਰ ਪਹੁੰਚਣ ਤਕ ਪਛਤਾਵਾ ਵੀ ਜਾਗਿਆ ਹੈ : ਭੁੱਲ ਹੋ ਗਈ, ਇਹ ਨਹੀਂ ਸੀ ਕਰਨਾ। ਵਾਪਸ ਆਏ ਨੇ, ਜਾਨ ਨਿਛਾਵਰ ਕਰ ਦਿੱਤੀ, ਔਰ ਸਾਹਿਬਾਂ ਦੀ ਮੁਲਾਕਾਤ ਹੋਈ। ਯਾਦਗਾਰੀ ਅਸਥਾਨ ਬਣਿਆ ਹੈ, ਜਿਥੇ ਬਿਦਾਵਾ ਲਿਖਣ ਵਾਲੇ ਸਿੰਘ ਸ਼ਹੀਦ ਹੋ ਗਏ। ਮੁਕਤਸਰ ਅਤੇ ਲੱਖੀ ਜੰਗਲ ਬਣਿਆ ਪਿਆ ਹੈ। ਬਿਦਾਵਾ ਜਿਨ੍ਹਾਂ ਨੇ ਲਿਖਿਆ ਹੈ ਉਹ ਆ ਕੇ ਅੱਜ ਆਪਣੀ ਜਾਨ ਕੁਰਬਾਨ ਕਰ ਰਹੇ ਹਨ। ਗੁਰੂ ਲਈ ਕੁਰਬਾਨ ਕਰ ਰਹੇ ਹਨ। ਔਰ ਸਿਰਫ਼ ਇਕੋ ਹੀ ਗੱਲ ਕਹਿ ਰਹੇ ਨੇ, ਭੁਲ ਹੋ ਗਈ ਲਿਖ ਕੇ ਨਹੀਂ ਸੀ ਦੇਣਾ, ਅਸੀਂ ਕਿਉਂ ਆਖ ਬੈਠੇ ਤੁਸੀਂ ਸਾਡੇ ਗੁਰੂ ਨਹੀਂ, ਅਸੀਂ ਤੁਹਾਡੇ ਸਿੱਖ ਨਹੀਂ। ਤੇ ਸਾਹਿਬ ਕਹਿਣ ਲਗੇ, 'ਕੋਈ ਗੱਲ ਨਹੀਂ, ਤੁਸੀਂ ਆਖਿਆ ਹੈ ਨਾ ਲਿਖ ਕੇ ਦਿਤਾ ਹੈ ਨਾ, ਆਪਣਾ ਮਨ ਮੋੜਿਆ ਹੈ, ਪਰ ਗੁਰੂ ਨੇ ਆਪਣਾ ਮਨ ਨਹੀਂ ਮੋੜਿਆ। ਮੇਰੀ ਸੁਰਤ ਤੁਹਾਡੇ ਵਿਚ ਸੀ।' ਤਾਂ ਮਹਾਂ ਸਿੰਘ ਕਹਿੰਦਾ ਹੈ, 'ਪਾਤਸ਼ਾਹ, ਸ਼ਾਇਦ ਤੁਹਾਡਾ ਪਿਆਰ ਹੀ ਖਿੱਚ ਕੇ ਲਿਆਇਆ ਹੈ।' ਕਹਿਣ ਤੋਂ ਮੁਰਾਦ ਇਹ ਹੈ ਕਿ ਲਿਖੇ ਹੋਏ ਬਿਦਾਵੇ ਪਾੜੇ ਗਏ। ਕਹੇ ਹੋਏ ਸਿੱਖਾਂ ਦੇ ਬਚਨ ਵਾਪਿਸ ਹੋਏ। ਪਰ ਅੱਜ ਦਾ ਸਿੱਖ ਐਸਾ ਮਨਮੁਖ ਹੈ ਕਿ ਬਿਦਾਵਾ ਲਿਖ ਦੇਂਦਾ ਹੈ ਤੇ ਫਿਰ ਲਿਖ ਹੀ ਦੇਂਦਾ ਹੈ। ਮਰਦੇ ਦਮ ਤਕ ਵੀ ਗੁਰੂ ਦੇ ਚਰਨਾਂ ਵਿਚ ਨਹੀਂ ਆਉਂਦਾ, ਮੁੜਦਾ ਹੀ ਨਹੀਂ। ਜੇ ਬੇਦਾਵਾ ਲਿਖ ਦਿਤਾ, 'ਆ ਲੈ ਦਾੜ੍ਹੀ ਰੱਖ ਆਵਦੇ (ਆਪਣੇ) ਚਰਨਾਂ 'ਚ, ਨਹੀਂ ਲੋੜ ਸਾਨੂੰ। ਇਹ ਨੇ ਕੇਸ, ਨਹੀਂ ਲੋੜ। ਇਹ ਲੈ ਕੜਾ, ਇਹ ਲੈ ਕ੍ਰਿਪਾਨ, ਨਹੀਂ ਚਾਹੀਦੀ।' ਜੇ ਕੇਸਾਂ ਦੇ ਤਿਆਗ ਨਾਲ ਬੰਦਾ ਪਤਿਤ ਹੋ ਜਾਂਦਾ ਹੈ ਤਾਂ ਕੜੇ ਦੇ ਤਿਆਗ ਨਾਲ ਵੀ ਬੰਦਾ ਪਤਿਤ ਹੋ ਜਾਂਦਾ ਹੈ ਤੇ ਕ੍ਰਿਪਾਨ ਦੇ ਤਿਆਗ ਨਾਲ ਵੀ ਬੰਦਾ ਪਤਿਤ ਹੋ ਜਾਂਦਾ ਹੈ।

ਅਰਜ਼ ਮੈਂ ਇਹ ਕਰ ਰਿਹਾ ਸੀ ਕਿ ਗੁਰੂ ਨਾਨਕ ਨੇ ਇਕ ਮੁਕੰਮਲ ਤਸਵੀਰ ਬਣਾਣੀ ਚਾਹੀ ਸੀ, ਜਿਸ ਨੂੰ ਢਾਈ ਸੌ ਸਾਲ ਲਗੇ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਮੋਹਰ ਲਾ ਦਿੱਤੀ ਤੇ ਸਿੱਖ ਮੁਕੰਮਲ ਹੋ ਗਿਆ। ਇਹ ਬੰਦਾ ਮੁਕੰਮਲ ਹੋ ਗਿਆ। ਹੁਣ ਪੂਰਨ ਮਨੁੱਖ ਦੀ ਤਸਵੀਰ ਖਿੱਚੀ ਏ ਲਾਲਾ ਦੌਲਤ ਰਾਏ ਨੇ, ਉਸ ਕਿਤਾਬ ਵਿਚ ਜਿਸ ਦਾ ਨਾਮ ਹੈ *ਸੁਆਨੇ ਉਮਰੀ ਗੁਰੂ ਗੋਬਿੰਦ ਸਿੰਘ*। ਮੈਂ ਹੈਰਾਨ ਹਾਂ ਕਿ ਆਰੀਆ ਸਮਾਜ ਦਾ ਉੱਘਾ ਪ੍ਰਚਾਰਕ ਹੈ, ਲਾਹੌਰ ਦੇ ਮੰਦਰਾਂ ਵਿਚ ਇਸ ਦੇ ਲੈਕਚਰ ਹੁੰਦੇ ਸਨ, ਲੇਕਿਨ ਮੁਤਾਸਰ ਹੋ ਗਿਆ ਹੈ ਗੁਰੂ ਗੋਬਿੰਦ ਸਿੰਘ ਦੀ ਜ਼ਿੰਦਗੀ ਤੋਂ।

ਕਿਤਾਬ ਦੀ ਭੂਮਿਕਾ ਵਿਚ, ਦਿਬਾਚੇ ਵਿਚ ਉਸ ਦੇ ਅਲਫ਼ਾਜ਼ ਨੇ, ਉਹ ਕਹਿੰਦਾ ਹੈ ਕਿ ਮੈਨੂੰ ਇੰਜ ਜਾਪਦਾ ਹੈ ਕਿ ਰੱਬ ਦੀ ਸਾਰੀ ਸਿਆਣਪ ਇਕੱਠੀ ਹੋਈ, ਰੱਬ ਦੀ ਸਾਰੀ ਮਿਹਨਤ ਇਕੱਠੀ ਹੋਈ, ਪਰਮਾਤਮਾ ਦਾ ਸਾਰਾ ਇਲਮ ਇਕੱਠਾ ਹੋਇਆ, ਪਰਮਾਤਮਾ ਦੀ ਸਾਰੀ ਸੂਝ-ਬੂਝ ਇਕੱਠੀ ਹੋਈ, ਈਸ਼ਵਰ ਦੀ ਸਾਰੀ ਬਖ਼ਸ਼ਿਸ਼ ਇਕੱਠੀ ਹੋਈ ਤੇ ਬਣੇ ਗੁਰੂ ਗੋਬਿੰਦ ਸਿੰਘ, ਉਹ ਇੰਜ ਕਹਿੰਦਾ ਹੈ। ਉਹ ਕਹਿੰਦਾ ਹੈ ਕਿ ਹੇ ਈਸ਼ਵਰ, ਤੇਰੀ ਸਿਆਣਪ ਦਾ ਇੰਤਹਾ ਹੋ ਗਿਆ, ਤੇਰੀ ਬਖ਼ਸ਼ਿਸ਼ ਆਖ਼ਰੀ ਬੰਨਿਆਂ ਨੂੰ ਟੱਪ ਗਈ ਹੈ, ਔਰ ਜਿਹੜੀ ਤੇਰੀ ਕਾਰੀਗਰੀ ਹੈ ਅਤੇ ਜਿਹੜਾ ਤੇਰਾ ਬਣਾਣ ਦਾ ਢੰਗ ਹੈ ਉਹ ਵੀ ਸਿਖਰ 'ਤੇ, ਤੂੰ ਐਸਾ ਮੁਕੰਮਲ ਬੰਦਾ ਵੀ ਬਣਾ ਸਕਦਾ ਹੈਂ, ਘੜ ਸਕਦਾ ਹੈਂ, ਜਿਹੜਾ ਅੰਦਰੋਂ ਬਾਹਰੋਂ ਪੂਰਨ ਮੁਕੰਮਲ ਹੋਵੇ। ਇੰਨਾ ਮੁਕੰਮਲ ਕਿ ਜਿਸਦਾ ਦਿਮਾਗ਼ ਸਰਫ਼ੈਜ਼ ਹੈ, ਆਲਮ ਵੀ ਹੈ।

ਸ਼ਾਹ ਮੁਹੰਮਦ ਲਤੀਫ਼ ਇਕ ਉਘੇ ਸ਼ਾਇਰ ਹੋਏ ਨੇ। ਉਹਨਾਂ ਨੇ ਵੀ ਗੁਰੂ ਗੋਬਿੰਦ ਸਿੰਘ ਦੀ ਕਥਾ ਲਿਖੀ ਹੈ। ਤੇ ਲਿਖਣ ਲਗਿਆਂ ਇਹਨੇ ਵੀ ਭੂਮਿਕਾ 'ਚ ਕਿਹਾ ਹੈ ਕਿ ਮੈਂ ਬੜੇ ਫ਼ਖ਼ਰ ਨਾਲ ਕਲਮ ਚੁੱਕੀ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਦੀ ਕਥਾ ਲਿਖਣ ਦੇ ਵਾਸਤੇ, ਪਰ ਹੁਣ ਨਹੀਂ ਲਿਖਣੀ। ਬਈ ਕਿਉਂ ਨਹੀਂ ਲਿਖਣੀ ? ਕਹਿੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਦਾ ਇਕ ਰੂਪ ਨਹੀਂ। ਜਦ ਮੈਂ ਦੇਖਦਾ ਹਾਂ ਕਿ ਉਹਨਾਂ ਦੇ ਹੱਥ ਦੇ ਵਿਚ ਕਲਮ ਵੀ ਹੈ ਤੇ ਲਿਖ ਰਹੇ ਹਨ। ਪਾਉਂਟਾ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਕਈ ਸਾਲ ਲਗਾਤਾਰ ਲਿਖਦੇ ਰਹੇ। ਤੇ ਸ਼ਾਹ ਮੁਹੰਮਦ ਕਹਿੰਦਾ ਹੈ ਕਿ ਹੱਥ ਵਿਚ ਕਲਮ ਹੈ, ਤੇ ਕਲਮ ਵਿਚੋਂ ਨਗਮੇ ਨਿਕਲ ਰਹੇ ਹਨ, ਤੇ ਮੈਨੂੰ ਇੰਜ ਜਾਪਦਾ ਹੈ ਜੈਸੇ ਕਿ ਗੁਰੂ ਗੋਬਿੰਦ ਸਿੰਘ ਇਕ ਸ਼ਾਇਰ ਹੈ, ਇਕ ਕਵੀ ਹੈ। ਤੇ ਹੁਣ ਜਦ ਮੈਂ ਕਵੀ ਦੀ ਗੱਲ ਲਿਖਣ ਲੱਗਦਾ ਹਾਂ ਤਾਂ ਗੱਲ ਕੁਛ ਹੋਰ ਦਿੱਸ ਪੈਂਦੀ ਹੈ, ਉਹਨਾਂ ਦੇ ਹੱਥ ਵਿਚ ਤਲਵਾਰ ਵੀ ਹੈ ਮੈਦਾਨੇ ਜੰਗ ਵਿਚ ਮੈਨੂੰ ਲੜਦੇ ਵੀ ਦਿੱਸਦੇ ਹਨ, ਫਿਰ ਮੈਂ ਸੋਚਦਾ ਹਾਂ ਇਹ ਤੇ ਕੋਈ ਸੂਰਮਾ ਹੈ, ਕੋਈ ਬਹਾਦਰ ਹੈ। ਇਹ ਤੇ ਕੋਈ ਸਿਪਾ-ਸਲਾਰ ਹੈ। ਫਿਰ ਕਹਿੰਦਾ ਹੈ ਜਦ ਸੋਨੇ ਦੇ ਸਿੰਘਾਸਨ 'ਤੇ ਮੈਂ ਦੇਖਦਾ ਹਾਂ ਬੈਠੇ ਹੋਏ, ਤੇ ਦੁਨੀਆ ਕਦਮਾਂ 'ਤੇ ਸਿਜਦੇ ਪਈ ਕਰਦੀ ਏ, ਉਦੋਂ ਮੈਨੂੰ ਇੰਜ ਪਏ ਦਿੱਸਦੇ ਨੇ ਜਿਵੇਂ ਕਿ ਕੋਈ ਬਾਦਸ਼ਾਹ ਹੋਵੇ, ਕੋਈ ਸ਼ਹਿਨਸ਼ਾਹ ਹੋਵੇ। ਫਿਰ ਲਤੀਫ਼ ਕਹਿੰਦਾ ਹੈ ਜਦ ਮੈਂ ਦੇਖਦਾ ਹਾਂ ਪੰਜਾਂ ਪਿਆਰਿਆਂ ਦੇ ਪਾਸੋਂ ਹੱਥ ਜੋੜ ਕੇ ਕੁਛ ਮੰਗਦੇ ਪਏ ਨੇ, ਅੰਮ੍ਰਿਤ ਦੀ ਦਾਤ, ਓਦੋਂ ਮੈਨੂੰ ਭਿਖਾਰੀ ਪਏ ਦਿਸਦੇ ਨੇ, ਓਦੋਂ ਮੈਨੂੰ ਮੁਫ਼ਲਿਸ

ਪਏ ਦਿਸਦੇ ਨੇ। ਮੁਹੰਮਦ ਲਤੀਫ਼ ਕਹਿੰਦਾ ਹੈ, ਹੁਣ ਮੈਂ ਹੈਰਾਨ ਹਾਂ ਕਿ ਕਵੀ ਦੀ ਕਥਾ ਲਿਖਾਂ, ਕਿ ਬਾਦਸ਼ਾਹ ਦੀ ਕਥਾ ਲਿਖਾਂ, ਮੰਗਤੇ ਦੀ ਕਥਾ ਲਿਖਾਂ ਕਿ ਦਾਤੇ ਦੀ ਕਥਾ ਲਿਖਾਂ। ਗੁਰੂ ਦੀ ਕਥਾ ਲਿਖਾਂ ਕਿ ਚੇਲੇ ਦੀ ਕਥਾ ਲਿਖਾਂ। ਅਣਗਿਣਤ ਰੂਪ ਨੇ ਇਸ ਮਹਾਂ ਪੁਰਖ ਦੇ :

**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।**

ਇਹ ਚੇਲਾ ਵੀ ਹੈ, ਇਹ ਗੁਰੂ ਵੀ ਹੈ, ਤੇ ਇਸ ਵਾਸਤੇ ਲਤੀਫ਼ ਕਹਿੰਦਾ ਹੈ ਕਿ ਹੁਣ ਕਿਸੇ ਇਕ ਪਹਿਲੂ ਨੂੰ ਲਈਏ ਤੇ ਉਹਦੀ ਕਥਾ ਲਿਖੀਏ ਤਾਂ ਕਥਾ ਪੂਰੀ ਹੀ ਨਹੀਂ ਹੋਵੇਗੀ। ਜੇ ਚੇਲੇ ਦੀ ਕਥਾ ਲਿਖੀਏ ਤਾਂ ਉਹ ਨਿਰਾ ਗੁਰੂ ਹੀ ਨਹੀਂ, ਸਿੱਖ ਵੀ ਹੈ। ਉਹ ਨਿਰਾ ਸਿੱਖ ਹੀ ਨਹੀਂ, ਕਵੀ ਵੀ ਹੈ। ਤੇ ਫਿਰ ਨਿਰਾ ਕਵੀ ਹੀ ਨਹੀਂ, ਉਹ ਸੂਰਮਾ ਵੀ ਹੈ। ਤੇ ਉਹ ਨਿਰਾ ਸੂਰਮਾ ਹੀ ਨਹੀਂ, ਬਾਦਸ਼ਾਹ ਵੀ ਹੈ। ਤੇ ਨਿਰਾ ਬਾਦਸ਼ਾਹ ਹੀ ਨਹੀਂ, ਉਹ ਦਰਵੇਸ਼ ਵੀ ਹੈ।

**ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ।**

ਭਾਈ ਸਾਹਿਬ ਭਾਈ ਨੰਦ ਲਾਲ ਜੀ ਕਹਿੰਦੇ ਹਨ ਕਿ ਬਾਦਸ਼ਾਹ ਵੀ ਹੈ ਤੇ ਦਰਵੇਸ਼ ਵੀ ਹੈ। ਗੁਰੂ ਵੀ ਹੈ ਤੇ ਸਿੱਖ ਵੀ ਹੈ। ਖ਼ੈਰ!

ਇਸੇ ਤਰੀਕੇ ਨਾਲ ਲਾਲਾ ਦੌਲਤ ਰਾਏ ਕਹਿੰਦੇ ਹਨ ਕਿ ਈਸ਼ਵਰ ਦੀ ਸਾਰੀ ਸਿਆਣਪ, ਮੇਹਨਤ ਇਕੱਠੀ ਹੋਈ ਤੇ ਬਣੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਜੋ ਅੰਦਰੋਂ ਬਾਹਰੋਂ ਮੁਕੰਮਲ ਸੰਪੂਰਨ ਨੇ। ਹੁਣ ਸੰਪੂਰਨਤਾ ਦੇ ਕੁਛ ਚਿੰਨ੍ਹ ਉਹਨਾਂ ਨੇ ਆਪਣੀ ਕਿਤਾਬ ਵਿਚ ਲਿਖੇ ਨੇ, ਤੇ ਮੈਂ ਤੁਲਨਾ ਨਹੀਂ ਕਰਦਾ ਪਿਆ, ਕਿਸੇ ਮਹਾਂ ਪੁਰਖ ਦੀ ਤੁਲਨਾ ਦੂਸਰੇ ਮਹਾਂ ਪੁਰਸ਼ ਨਾਲ ਨਹੀਂ ਕਰਨੀ ਚਾਹੀਦੀ। ਲੇਕਿਨ ਲਾਲਾ ਦੌਲਤ ਰਾਏ ਨੇ ਜੋ ਅਲਫ਼ਾਜ਼ ਲਿਖੇ ਨੇ, ਅੱਜ ਮੈਂ ਤੁਹਾਨੂੰ ਉਹੀ ਸੁਣਾਂਦਾ ਹਾਂ :

ਇਹ ਕਹਿੰਦਾ ਹੈ ਮੇਰੀ ਸੁਰਤ ਚਲੀ ਜਾਂਦੀ ਹੈ ਤ੍ਰੇਤੇ ਵਿਚ, ਮੈਂ ਦੇਖਦਾ ਹਾਂ ਰਮਾਇਣ ਦੀ ਜੰਗ ਹੋ ਰਹੀ ਹੈ, ਰਾਮ ਤੇ ਰਾਵਣ ਦਾ ਟਕਰਾਵ ਹੈ। ਉਹ ਕਹਿੰਦਾ ਹੈ ਕਿ ਮੈਂ ਸੋਚ ਕਰਦਾ ਹਾਂ ਕਿ ਇਹ ਟਕਰਾਵ ਕਿਉਂ ਹੋਇਆ ਹੈ? ਇਤਨੀ ਵੱਡੀ ਜੰਗ ਕਿਉਂ ਹੋਈ ਹੈ? ਇਹ ਕਹਿੰਦਾ ਹੈ ਕਿ ਕਾਰਨ ਦੋ ਇਸਤ੍ਰੀਆਂ ਨੇ। ਇਕ ਹੈ ਸਰੂਪ ਲਤਾ ਤੇ ਦੂਜੀ ਸੀਤਾ। ਹੋਰ ਕੁਛ ਨਹੀਂ। ਸਰੂਪ ਲਤਾ ਰਾਵਣ ਦੀ ਭੈਣ ਹੈ। ਤੇ ਸਰੂਪ ਲਤਾ ਦੇ ਅਖਰੀ ਅਰਥ ਹਨ, ਜਿਸ ਦਾ ਨਕਸ਼ ਨਿਗਾਰ ਬਹੁਤ ਹੀ ਸੁੰਦਰ ਹੋਵੇ, ਜੋ ਰੰਗ-ਰੂਪ ਦੀ ਬਹੁਤ ਹੀ ਸੁੰਦਰ ਹੈ। ਇਹ ਜੰਗਲ ਦੇ

ਵਿਚ ਘੁੰਮ ਰਹੀ ਹੈ, ਆਪਣੀਆਂ ਸਖੀਆਂ ਸਹੇਲੀਆਂ ਦੇ ਨਾਲ। ਅਤੇ ਜੰਗਲ ਦੇ ਵਿਚ ਹੀ ਹਨ ਰਾਮ, ਲਛਮਣ ਤੇ ਸੀਤਾ। ਕੁਦਰਤੀ ਗੱਲ ਹੈ ਜਿਥੇ ਦਿਮਾਗ਼ ਦੀ ਸੁੰਦਰਤਾ ਕਿਸੇ ਨੂੰ ਪ੍ਰਭਾਵਿਤ ਕਰਦੀ ਹੈ, ਸਰੀਰ ਦੀ ਸੁੰਦਰਤਾ ਵੀ ਪ੍ਰਭਾਵਿਤ ਕਰਦੀ ਹੈ। ਤੇ ਰਾਮ ਦਾ ਤਨ ਬਹੁਤ ਖ਼ੂਬਸੂਰਤ ਹੈ। ਰਾਮ ਚੰਦਰ ਜੀ ਬਹੁਤ ਹੀ ਖ਼ੂਬਸੂਰਤ ਹਨ, ਬੜੇ ਹੀ ਸੁੰਦਰ ਹਨ। ਸਰੂਪ ਲਤਾ ਨੇ ਆਪਣੇ ਮਨ ਦਾ ਭਾਵ ਦੱਸਿਆ ਹੈ। ਰਾਮ ਚੰਦਰ ਜੀ ਕਹਿੰਦੇ ਹਨ ਬਈ ਸਰੂਪ ਲਤਾ, ਮੇਰੀ ਗ੍ਰਹਿਸਤੀ ਤੇ ਮੇਰੀ ਸੀਤਾ ਮੇਰੇ ਨਾਲ ਹੈ। ਤੂੰ ਮੇਰੇ ਛੋਟੇ ਭਰਾ ਨਾਲ ਗੱਲ ਕਰ ਲੈ। ਉਹਨਾਂ ਦਿਨਾਂ ਵਿਚ ਗੰਧਰਬ ਵਿਆਹ ਆਮ ਹੁੰਦੇ ਸਨ। ਸਰੂਪ ਲਤਾ ਲਛਮਣ ਕੋਲ ਆਈ, ਲਛਮਣ ਕਹਿੰਦਾ, 'ਮੈਂ ਜਤੀ ਸਤੀ ਰਹਿਣ ਦਾ ਪ੍ਰਣ ਕੀਤਾ ਹੋਇਆ ਹੈ, ਤੂੰ ਮੇਰੇ ਵੱਡੇ ਭਰਾ ਨਾਲ ਗੱਲ ਕਰ ਲੈ।' ਉਹ ਰਾਮ ਵੱਲ ਭੇਜ ਦਿੰਦਾ ਹੈ। ਸਰੂਪ ਲਤਾ ਫਿਰ ਰਾਮ ਕੋਲ ਆਉਂਦੀ ਹੈ ਤੇ ਰਾਮ ਫਿਰ ਲਛਮਣ ਕੋਲ ਭੇਜ ਦਿੰਦਾ ਹੈ, ਤੇ ਲਛਮਣ ਫਿਰ ਰਾਮ ਕੋਲ ਭੇਜ ਦਿੰਦਾ ਹੈ, ਰਾਮ ਫਿਰ ਲਛਮਣ ਕੋਲ ਭੇਜ ਦਿੰਦਾ ਹੈ। ਲਛਮਣ ਨੂੰ ਚੜ੍ਹਿਆ ਗੁੱਸਾ ਕਿ ਇਹਨੂੰ ਜਿਸ ਸਰੂਪ ਦਾ ਮਾਣ ਹੈ ਤੇ ਆਇੰਦਾ ਇਹ ਕਿਸੇ ਮਹਾਂ ਪੁਰਖ ਨੂੰ ਕਹਿ ਹੀ ਨਾ ਸਕੇ ਕੁਛ, ਤੇ ਛੁਰਾ ਲੈ ਕੇ ਉਹਦੀ ਨੱਕ ਕੱਟ ਸੁਟੀ, ਕਰੂਪ ਕਰ ਦਿੱਤਾ।

ਅਨੂਪ ਕੌਰ ਦੀ ਇਕ ਕਥਾ ਹੈ ਗੁਰੂ ਗੋਬਿੰਦ ਸਿੰਘ ਜੀ ਮਹਾਰਜ ਦੀ ਜ਼ਿੰਦਗੀ ਵਿਚ। ਅਨੂਪ ਕੌਰ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਆਪਣੇ ਘਰ ਵਿਚ ਪ੍ਰਸ਼ਾਦੇ ਵਾਸਤੇ ਵਰਜਿਆ ਹੈ। ਮਹਾਰਾਜ ਦੇ ਨਾਲ ਪੰਜ ਸਿੰਘ ਹਨ। ਤੇ ਇਸ ਨੇ ਇੱਛਾ ਜ਼ਾਹਿਰ ਕੀਤੀ ਹੈ, ਕਿ ਪਾਤਸ਼ਾਹ! ਮੈਂ ਚਾਹੁੰਦੀ ਹਾਂ ਕਿ ਮੇਰੀ ਕੁੱਖ ਤੋਂ ਤੁਹਾਡੇ ਵਰਗਾ ਹੀ ਬਾਲਕ ਪੈਦਾ ਹੋਵੇ। ਇਤਨਾ ਹੀ ਇਸ਼ਾਰਾ ਕਾਫ਼ੀ ਸੀ। ਤੇ ਸਾਹਿਬ ਕਹਿਣ ਲਗੇ, ਕੋਈ ਗੱਲ ਨਹੀਂ, ਮੇਰੇ ਵਰਗਾ ਤੇ ਮੈਂ ਹੀ ਹਾਂ ਤੇ ਫਿਰ ਤੂੰ ਮੈਨੂੰ ਹੀ ਪੁੱਤ ਆਖ ਛੱਡ। ਅਨੂਪ ਕੌਰ ਦੇ ਮਨ ਦੀ ਸਾਰੀ ਮਲੀਨਤਾ ਹੀ ਦੂਰ ਕਰ ਕੇ ਰੱਖ ਦਿੱਤੀ। ਮੇਰੇ ਵਰਗਾ ਤਾਂ ਮੈਂ ਹੀ ਹਾਂ। ਤੇ ਤੂੰ ਮੈਨੂੰ ਹੀ ਪੁੱਤ ਆਖ ਛੱਡ। ਇਸ ਢੰਗ ਨਾਲ, ਇਹਨਾਂ ਬਚਨਾਂ ਨਾਲ ਕਿਸੇ ਦਾ ਮਨ ਪਵਿੱਤਰ ਕਰ ਦੇਣਾ ਹੋਰ ਗੱਲ ਹੈ, ਤੇ ਨੱਕ ਕੱਟ ਕੇ ਅਗਲੇ ਕੋਲੋਂ ਬਦਲਾ ਲੈਣਾ ਇਹ ਗੱਲ ਕੁਛ ਹੋਰ ਹੈ। ਲਾਲਾ ਦੌਲਤ ਰਾਏ ਕਹਿੰਦੇ ਨੇ, ਅਗਰ ਲਛਮਣ ਦੀਆਂ ਅਜ਼ੀਮ ਗ਼ਲਤੀਆਂ ਦਾ ਜ਼ਿਕਰ ਕਰੀਏ ਤਾਂ ਸਭ ਤੋਂ ਵੱਡੀ ਉਸ ਮਹਾਂ ਪੁਰਖ ਪਾਸੋਂ ਇਹ ਗ਼ਲਤੀ ਹੋਈ ਏ ਕਿ ਕਿਸੇ ਇਸਤ੍ਰੀ ਦਾ ਨੱਕ ਕੱਟ ਦੇਣਾ, ਬਹੁਤ ਵੱਡੀ ਭੁਲ ਏ। ਔਰ ਭੁਲ ਨੂੰ ਭੁਲ ਨਾਲ ਨਹੀਂ ਸੁਆਰਿਆ ਜਾ ਸਕਦਾ। ਸਰੂਪ

ਲਤਾ ਦੀ ਭੁਲ ਹੈ ਕਿ ਉਹਨੇ ਆਪਣੇ ਮਨ ਦੇ ਭਾਵ ਰਖੇ ਨੇ, ਤਾਂ ਲਛਮਣ ਨੇ ਕਿਹੜਾ ਸਹੀ ਕੰਮ ਕੀਤਾ ਹੈ ਕਿ ਉਸ ਦੀ ਨੱਕ ਹੀ ਕੱਟ ਕੇ ਰੱਖ ਦਿੱਤੀ।

ਸਰੂਪ ਲਤਾ ਰੋਂਦੀ ਪਿਟਦੀ ਰਾਵਣ ਕੋਲ ਗਈ। ਰਾਵਣ ਨੇ ਆਖਿਆ 'ਅੱਛਾ, ਇਹ ਤੇਰੀ ਨੱਕ ਨਹੀਂ ਕੱਟੀ ਗਈ ਇਹ ਮੇਰੀ ਨੱਕ ਕੱਟੀ ਗਈ ਹੈ। ਤੇ ਮੈਂ ਹੁਣ ਰਾਮ ਦੀ ਨੱਕ ਕੱਟਣੀ ਹੈ।' ਤੇ ਕਿਸੇ ਦੀ ਘਰ ਵਾਲੀ ਚੁੱਕ ਕੇ ਲਿਆਣਾ ਵੀ ਅਗਲੇ ਦੀ ਨੱਕ ਹੀ ਕੱਟਣੀ ਹੈ। ਇਹ ਦੂਜੇ ਢੰਗ ਨਾਲ ਨੱਕ ਕੱਟਣੀ ਹੈ ਤੇ ਬਦਲੇ ਦੀ ਭਾਵਨਾ ਹੈ ਰਾਵਣ ਦੇ ਅੰਦਰ, ਕਿ ਮੇਰੀ ਭੈਣ ਦੀ ਨੱਕ ਕਿਉਂ ਕੱਟੀ। ਚੁੱਕ ਕੇ ਲਿਆਇਆ ਹੈ ਸੀਤਾ ਨੂੰ। ਹੁਣ ਲਾਲਾ ਦੌਲਤ ਰਾਏ ਨੇ ਅਗਾਹਾਂ ਚਲ ਕੇ ਜੋ ਗ਼ਜ਼ਬ ਦੀਆਂ ਗੱਲਾਂ ਲਿਖੀਆਂ ਨੇ, ਪਤਾ ਹੈ ਉਹ ਕੀ ਨੇ। ਉਹ ਕਹਿੰਦਾ ਹੈ ਕਿ ਮੈਂ ਦੇਖਦਾ ਹਾਂ ਕਿ ਚਾਰ ਵੇਦਾਂ ਦਾ ਪਾਠੀ ਰਾਵਣ ਏ ਤੇ ਚਾਰ ਹੀ ਵੇਦਾਂ ਦਾ ਪਾਠੀ ਰਾਮ ਹੈ। ਧਾਰਮਕ ਤੌਰ 'ਤੇ ਮਤ-ਭੇਦ ਨਹੀਂ ਹੈ, ਕਿਉਂਕਿ ਚਾਰ ਵੇਦਾਂ ਦਾ ਸ਼ਰਧਾਲੂ ਰਾਵਣ ਵੀ ਹੈ, ਤੇ ਰਾਮ ਵੀ ਸੀ, ਉਹ ਵਸ਼ਿਸ਼ਟ ਕੋਲ ਪੜ੍ਹਿਆ ਹੈ। ਦੋਵੇਂ ਰਾਜੇ ਵੀ ਨੇ। ਮਤ-ਭੇਦ ਇਕ ਇਸਤ੍ਰੀ ਤੋਂ ਸ਼ੁਰੂ ਹੁੰਦਾ ਹੈ। ਪਹਿਲੇ ਸਰੂਪ ਲਤਾ ਤੋਂ, ਫਿਰ ਸੀਤਾ ਤੋਂ, ਘਮਸਾਨ ਦਾ ਯੁੱਧ ਹੋਇਆ ਹੈ। ਹਜ਼ਾਰਾਂ ਬੰਦੇ ਮੌਤ ਦੇ ਘਾਟ ਉਤਰੇ ਨੇ। ਉਹ ਕਹਿੰਦਾ ਹੈ ਕਿ ਇਸ ਲੰਬੀ ਚੌੜੀ ਰਮਾਇਣ ਦੇ ਯੁੱਧ ਵਿਚ ਕੋਈ ਕਾਰਨ ਦਿਸਿਆ ਹੈ ਕਿ ਇਹ ਜੰਗ ਕਿਉਂ ਹੋਈ ਇਤਨੀ ਵੱਡੀ, ਹਜ਼ਾਰਾਂ ਆਦਮੀ ਮੌਤ ਦੇ ਘਾਟ ਕਿਉਂ ਉਤਰੇ, ਬੱਸ ਦੋ ਇਸਤ੍ਰੀਆਂ ਹੀ ਕਾਰਨ ਹਨ। ਇਕ ਸੀਤਾ ਤੇ ਦੂਜੀ ਸਰੂਪ ਲਤਾ। ਉਂਜ ਵੀ ਸਾਡੇ ਦੇਸ਼ ਦੇ ਪੰਡਿਤ ਕਹਿੰਦੇ ਹਨ ਕਿ ਜੰਗ ਦੇ ਕਾਰਨ ਤਿੰਨ ਹੀ ਹੁੰਦੇ ਹਨ : ਜ਼ਰ, ਜ਼ਮੀਨ ਤੇ ਜੋਰੂ। ਚੌਥਾ ਕੋਈ ਕਾਰਨ ਉਹ ਮੰਨਦੇ ਹੀ ਨਹੀਂ। ਲੜਾਈ ਜਾਂ ਤੇ ਜ਼ਮੀਨ ਦੀ ਖ਼ਾਤਰ ਹੋਵੇਗੀ, ਜਾਂ ਫਿਰ ਪੈਸੇ ਧੇਲੇ ਦੀ ਖ਼ਾਤਰ, ਜਾਂ ਫਿਰ ਇਸਤ੍ਰੀ ਦੀ ਖ਼ਾਤਰ। ਚਾਨਕ ਦਾ, ਭਰਥਰੀ ਦਾ, ਐਸਾ ਕਹਿਣਾ ਹੈ ਕਿ ਜੰਗ ਦਾ ਹੋਰ ਕੋਈ ਚੌਥਾ ਕਾਰਨ ਹੀ ਨਹੀਂ ਹੋ ਸਕਦਾ। ਲੇਕਿਨ ਲਾਲਾ ਦੌਲਤ ਰਾਏ ਕਹਿੰਦੇ ਨੇ, ਕਾਸ਼! ਚਾਨਕ ਤੇ ਭਰਥਰੀ ਅੱਜ ਮੌਜੂਦ ਹੁੰਦੇ ਤੇ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਜ਼ਿੰਦਗੀ ਨੂੰ ਪੜ੍ਹਦੇ ਤਾਂ ਉਹਨਾਂ ਨੂੰ ਮੰਨਣਾ ਪੈਣਾ ਸੀ ਕਿ ਇਕ ਚੌਥਾ ਕਾਰਨ ਵੀ ਹੁੰਦਾ ਹੈ, ਮਜ਼ਲੂਮਾਂ ਦੀ ਖ਼ਾਤਰ ਲੜਨਾ, ਦੇਸ਼ ਦੀ ਸੰਸਕ੍ਰਿਤੀ ਦੀ ਖ਼ਾਤਰ ਲੜਨਾ। ਨਿਰੇ ਜ਼ਰ, ਤੇ ਜੋਰੂ, ਜ਼ਮੀਨ ਦੀ ਖ਼ਾਤਰ ਨਹੀਂ।

ਲਾਲਾ ਦੌਲਤ ਰਾਏ ਦੀ ਸੁਰਤ ਹੋਰ ਅਗਾਹਾਂ ਜਾਂਦੀ ਹੈ, ਉਹ ਕਹਿੰਦਾ ਹੈ ਜਦ ਮੈਂ ਮਹਾਂਭਾਰਤ ਦਾ ਮੁਤਾਲਿਆ ਕਰਦਾ ਹਾਂ, ਮਹਾਂਭਾਰਤ ਇਕ ਬਹੁਤ

ਵੱਡੀ ਜੰਗ ਦੀ ਕਿਤਾਬ ਹੈ, ਜਿਸ ਦੇ ਵਿਚ ਲੜਾਈ ਦਾ ਜ਼ਿਕਰ ਹੈ। ਇਹੋ ਜਿਹਾ ਸਾਹਿਤ ਵੀ ਹਰ ਕੌਮ ਦੇ ਪਾਸ ਚਾਹੀਦਾ ਹੈ। ਜਿਨ੍ਹਾਂ ਕੌਮਾਂ ਪਾਸ ਜੰਗੀ ਸਾਹਿਤ ਨਾ ਹੋਵੇ, ਉਹ ਕੌਮਾਂ ਠੰਡੀਆਂ ਪੈ ਜਾਂਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 'ਜਾਪ ਸਾਹਿਬ' ਵੀ ਬੜੇ ਬੀਰ-ਰਸ ਵਿਚ ਉਚਾਰਨ ਕੀਤਾ ਹੈ। ਭਾਵੇਂ ਉਹ ਬਾਨੀ ਸਿਮਰਨ ਦੀ ਹੈ, ਪਰ ਹੈ ਬੀਰ-ਰਸ ਵਿਚ। ਮਹਾਂਭਾਰਤ ਵਿਚ ਇਕ ਭਾਗ ਗੀਤਾ ਦਾ ਵੀ ਹੈ, ਜਿਸ ਵਿਚ ਨਿਰੋਲ ਬ੍ਰਹਮ ਗਿਆਨ ਹੈ। ਲਾਲਾ ਦੌਲਤ ਰਾਏ ਕਹਿੰਦਾ ਹੈ, ਹੁਣ ਜਦ ਮੈਂ ਮਹਾਂਭਾਰਤ ਦੇ ਜੰਗ ਦਾ ਲੱਭਦਾ ਹਾਂ ਕਾਰਨ ਤਾਂ ਉਹ ਇਸਤ੍ਰੀ ਹੈ, ਦਰੋਪਤੀ। ਕਿਸ ਤਰ੍ਹਾਂ ਇਹ ਕਾਰਨ ਬਣੀ ਜੰਗ ਦਾ ?

ਕਹਿੰਦੇ ਨੇ, ਦੁਰਯੋਧਨ ਦਾ ਪਿਤਾ ਧ੍ਰਿਤਰਾਸ਼ਟਰ ਅੰਨ੍ਹਾ ਸੀ। ਇਹ ਕੌਰਵ ਅੰਨ੍ਹੇ ਦੀ ਔਲਾਦ ਸਨ। ਦਰੋਪਤੀ ਬਹੁਤ ਅੱਛੀ ਚਿੱਤਰਕਾਰ ਸੀ। ਇਹ ਜ਼ਮੀਨ ਅਤੇ ਦੀਵਾਰ ਤੇ ਬਹੁਤ ਸੋਹਣੀਆਂ ਤਸਵੀਰਾਂ ਬਣਾ ਲੈਂਦੀ ਸੀ। ਪੁਰਾਣੀ ਚਿੱਤਰਕਾਰੀ ਸਾਡੇ ਦੇਸ਼ ਵਿਚ ਏਸੇ ਢੰਗ ਦੀ ਹੁੰਦੀ ਸੀ। ਕਹਿੰਦੇ ਨੇ, ਆਪਣੇ ਮਹਿਲਾਂ ਵਿਚ ਇਸ ਨੇ ਬੜੀ ਸੋਹਣੀ ਚਿੱਤਰਕਾਰੀ ਕੀਤੀ ਹੋਈ ਸੀ ਤੇ ਆਪ ਕੀਤੀ ਸੀ। ਅੱਜ ਘਰ ਵਿਚ ਸਭਾ ਹੈ, ਉਸ ਦੇ ਵਿਚ ਦੁਰਯੋਧਨ ਵੀ ਆ ਰਿਹਾ ਹੈ। ਘਰ ਦੇ ਅੰਦਰ ਹੀ ਇਕ ਸਰੋਵਰ ਸੀ। ਉਸ ਸਰੋਵਰ ਦੇ ਪਾਣੀ ਤੇ ਰੰਗ ਐਸੇ ਬਿਖੇਰੇ ਦਰੋਪਤੀ ਨੇ ਕਿ ਉਹ ਸਰੋਵਰ ਜ਼ਮੀਨ ਲੱਗੇ। ਇੰਜ ਜਾਪੇ ਜਿਵੇਂ ਘਾਸ ਉੱਗੀ ਹੋਈ ਹੈ, ਛੋਟੇ ਛੋਟੇ ਬੂਟੇ ਨੇ। ਲੇਕਿਨ ਹੈਗਾ ਸੀ ਪਾਣੀ ਤੇ ਉਪਰ ਰੰਗ ਬਖੇਰੇ ਸਨ। ਏਸੇ ਹੀ ਢੰਗ ਨਾਲ ਅੱਗੇ ਚਲ ਕੇ ਫ਼ਰਸ਼ ਦੇ ਉਤੇ ਐਸਾ ਦਰੋਪਤੀ ਨੇ ਰੰਗ ਬਿਖੇਰਿਆ ਕਿ ਉਹ ਫ਼ਰਸ਼ ਸਰੋਵਰ ਜਾਪੇ ਕਿ ਜੈਸੇ ਪਾਣੀ ਹੋਵੇ। ਇਸ ਢੰਗ ਦੀ ਉਸ ਨੇ ਚਿੱਤਰਕਾਰੀ ਕੀਤੀ। ਦੁਰਯੋਧਨ ਆਇਆ ਤੇ ਹੁਣ ਪਾਣੀ ਦੇ ਉਪਰ ਚਿੱਤਰਕਾਰੀ ਸੀ ਤੇ ਉਹਨੇ ਸਮਝਿਆ ਕਿ ਚਲੋ ਜ਼ਮੀਨ ਹੈ ਤੇ ਉਸ ਨੇ ਨਿਸਚਿੰਤ ਹੋ ਕੇ ਪੈਰ ਰਖਿਆ ਤੇ ਉਹ ਪਾਣੀ ਵਿਚ ਡੁਬ ਗਿਆ, ਗੋਤੇ ਖਾਣ ਲੱਗਾ ਤੇ ਨਿਕਲਿਆ। ਕੋਲ ਖੜੀ ਦਰੋਪਤੀ ਹੱਸਣ ਲੱਗ ਪਈ ਤੇ ਆਖਣ ਲੱਗੀ, 'ਅੰਧੇ ਦਾ ਅੰਧਾ ਹੀ ਰਿਹਾ।' ਕਿਉਂਕਿ ਇਸ ਨੇ ਬੜੀ ਮਿਹਨਤ ਨਾਲ ਚਿੱਤਰਕਾਰੀ ਕੀਤੀ ਸੀ ਤੇ ਉਹ ਬਿਗੜ ਗਈ, ਕਿਉਂਕਿ ਇਸ ਦੇ ਡੁੱਬਣ ਨਾਲ ਪਾਣੀ ਹਿਲ ਗਿਆ ਤੇ ਚਿੱਤਰਕਾਰੀ ਖ਼ਰਾਬ ਹੋ ਗਈ ਤੇ ਇਹ ਔਖੀ ਹੋ ਗਈ ਤੇ ਔਖੀ ਹੋ ਕੇ ਕਹਿੰਦੀ 'ਤੂੰ ਤਾਂ ਅੰਧੇ ਦਾ ਅੰਧਾ ਹੀ ਹੈਂ', ਤੇ ਹੱਸ ਵੀ ਪਈ ਜ਼ੋਰ ਦੀ। ਲੇਕਿਨ ਇਹ ਹਾਸਾ ਕਿਸੇ ਦੀ ਮਜਬੂਰੀ ਤੇ ਕਿਸੇ ਦੀ ਅਗਿਆਨਤਾ 'ਤੇ ਸੀ। ਦੁਰਯੋਧਨ

ਦੇ ਮਨ ਨੂੰ ਚੋਟ ਲੱਗ ਗਈ। ਕਈਆਂ ਦਾ ਹਾਸਾ ਵੀ ਕਿਸੇ ਨੂੰ ਰੋਣ 'ਤੇ ਮਜਬੂਰ ਕਰ ਦਿੰਦਾ ਹੈ। ਕਈਆਂ ਦੇ ਰੋਣੇ ਵਿਚੋਂ ਵੀ ਹਾਸੇ ਦੀ ਝਲਕ ਮਿਲ ਜਾਂਦੀ ਹੈ। ਪਰ ਕਈਆਂ ਦੇ ਹਾਸੇ ਨੂੰ ਵੇਖ ਕੇ ਵੀ ਰੋਣਾ ਆਉਂਦਾ ਹੈ। ਅਗਰ ਕੋਈ ਸਾਈਕਲ ਤੋਂ ਗਿਰ ਗਿਆ ਤੇ ਉਸ ਦੀ ਪੱਗ ਲਹਿ ਗਈ ਹੈ ਤੇ ਕੋਲ ਕੋਈ ਖੜਾ ਹੱਸ ਰਿਹਾ ਹੈ ਤਾਂ ਇਹ ਬੜਾ ਮੈਲਾ ਹਾਸਾ ਹੈ। ਕਈਆਂ ਬੰਦਿਆਂ ਪਾਸ ਹਾਸੇ ਵੀ ਬੜੇ ਮੈਲੇ ਹੁੰਦੇ ਹਨ। ਅਗਰ ਕੋਈ ਦੀਵਾਲੀਆ ਹੋ ਗਿਆ ਹੈ, ਕੰਮ-ਕਾਜ ਵਿਚ ਘਾਟਾ ਪੈ ਗਿਆ ਹੈ ਤੇ ਅਸੀਂ ਹੱਸ ਰਹੇ ਹਾਂ ਤਾਂ ਇਹ ਹਾਸਾ ਵੀ ਬਹੁਤ ਮੈਲਾ ਹੈ। ਕਿਸੇ ਦੀ ਮਜਬੂਰੀ 'ਤੇ ਹੱਸਣਾ, ਕਿਸੇ ਦੀ ਬੇਇਜ਼ਤੀ 'ਤੇ ਹੱਸਣਾ, ਐਸੇ ਹਾਸੇ ਵਾਸਤੇ ਸਾਨੂੰ ਸਾਹਿਬਾਂ ਨੇ ਰੋਕਿਆ ਹੈ। ਜੇ ਤੂੰ ਹੱਸਣਾ ਹੈ ਪੁਰਖਾ! ਆਪਣੀਆਂ ਮਜਬੂਰੀਆਂ 'ਤੇ ਹੱਸ। ਆਪਣੇ ਰੱਬੀ ਰੰਗ ਵਿਚ ਹੱਸ:

**ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥**
**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥੨॥੨੦॥**

*(ਆਸਾ ਦੀ ਵਾਰ, ਪੰਨਾ ੪੭੩)*

ਮਹਾਂ ਪੁਰਖ ਵੀ ਹੱਸਦੇ ਨੇ। ਗੁਰੂ ਰਾਮਦਾਸ ਜੀ ਮਹਾਰਾਜ ਕਹਿੰਦੇ ਨੇ:

**ਹਰਿ ਜਨੁ ਗੁਨ ਗਾਵਤ ਹਸਿਆ ॥** *(ਕਲਿਆਨ ਮ: ੪, ੧੩੧੯)*

ਹਰੀ ਜਨ ਆਪਣੀ ਮੂਰਖਤਾ 'ਤੇ ਹੱਸਿਆ ਹੈ ਕਿ ਨਾਮ ਦਾ ਇਤਨਾ ਰਸ, ਤੇ ਨਾਮ ਦੇ ਰਸ ਬਿਨਾ ਜ਼ਿੰਦਗੀ ਐਵੇਂ ਕਿਉਂ ਗਵਾ ਲਈ। ਪਰ ਹੁਣ ਕਿਸੇ ਦੀ ਅਗਿਆਨਤਾ 'ਤੇ ਹੱਸਣਾ, ਕਿਸੇ ਦੀ ਮਜਬੂਰੀ ਤੇ ਹੱਸਣਾ, ਇਹ ਬੜਾ ਮੈਲਾ ਹਾਸਾ ਹੈ।

ਤੇ ਹੁਣ ਸੁਭਾਵਕ ਹਾਸਾ ਨਿਕਲਿਆ ਹੈ ਦਰੋਪਤੀ ਕੋਲੋਂ, ਦੁਰਯੋਧਨ ਦੇ ਮਨ ਨੂੰ ਚੋਟ ਲੱਗੀ। ਉਸ ਦੇ ਅੰਦਰੋਂ ਬਦਲੇ ਦੀ ਭਾਵਨਾ ਨਿਕਲੀ। ਆਖਿਆ, ਤੂੰ ਹੱਸੀ ਹੈਂ, ਮੈਂ ਤੇਰੇ ਵਾਸਤੇ ਉਹ ਸਮਾਂ ਪੈਦਾ ਕਰਨਾ ਹੈ ਕਿ ਤੇਰਾ ਰੋਮ ਰੋਮ ਰੋ ਉਠੇਗਾ। ਮੈਂ ਤੇਰੇ ਤੋਂ ਇਸ ਹਾਸੇ ਦਾ ਬਦਲਾ ਲਵਾਂਗਾ। ਦੁਰਯੋਧਨ ਨੇ ਉਥੇ ਪ੍ਰਣ ਕੀਤਾ ਕਿ ਐ ਦਰੋਪਤੀ, ਤੂੰ ਹੱਸੀ ਹੈਂ ਮੇਰੇ 'ਤੇ, ਹੁਣ ਤੈਨੂੰ ਮੈਂ ਸਾਰੀ ਜ਼ਿੰਦਗੀ ਰੋਣ ਤੇ ਮਜਬੂਰ ਕਰ ਦਿਆਂਗਾ। ਤੇ ਇਹ ਦਗਾਬਾਜ਼ ਤੇ ਹੈਗਾ ਹੀ ਸੀ, ਕੁਝ ਮੈਲੀ ਬਿਰਤੀ ਦਾ ਵੀ ਸੀ। ਜੇਕਰ ਅੰਦਰੋ ਅੰਦਰ ਕੁਛ ਮਹਾਂ-ਪੁਰਸ਼-ਪੁਣਾ ਹੁੰਦਾ ਤਾਂ ਗੱਲ ਨੂੰ ਸਹਾਰ ਜਾਣਾ ਸੀ। ਅੰਦਰੋਂ ਕੋਈ ਵੱਡੀ ਤਾਕਤ ਦਾ ਮਾਲਕ ਨਹੀਂ ਸੀ। ਸਹਾਰ ਜਾਣ ਵਾਲੀ ਗੱਲ ਇਸ ਅੰਦਰ ਨਹੀਂ ਸੀ। ਹੋਇਆ ਕੀ, ਇਸ ਨੇ ਮੁਦਤ ਪਾ ਕੇ ਆਪਣੇ

ਘਰ ਵਿਚ ਪਾਂਡੂਆਂ ਨੂੰ ਸੱਦਿਆ ਤੇ ਢੰਗ ਨਾਲ ਉਹਨਾਂ ਨੂੰ ਜੂਆ ਖੇਡਣ 'ਤੇ ਲਾ ਛਡਿਆ। ਤਰਕ ਨਾ ਸਮਝਣਾ, ਯੁਧਿਸ਼ਟਰ ਨੂੰ ਸਾਡੇ ਦੇਸ਼ ਵਿਚ ਧਰਮ ਪੁੱਤਰ ਕਹਿੰਦੇ ਨੇ। ਤੇ ਮੈਂ ਪੰਡਤਾਂ ਕੋਲੋਂ ਪੁਛਿਆ, ਮੈਨੂੰ ਦੱਸੋ ਕਿ ਧਰਮ ਪੁੱਤਰ ਵੀ ਕਦੀ ਜੂਆ ਖੇਡਦੇ ਹਨ। ਯੁਧਿਸ਼ਟਰ ਜੂਆ ਖੇਡ ਰਿਹਾ ਹੈ। ਮੈਂ ਕਿਹਾ ਕਿ ਜੇ ਧਰਮ ਪੁੱਤਰ ਹੀ ਜੂਆ ਖੇਡ ਰਹੇ ਹਨ ਤਾਂ ਬਾਕੀ ਵਿਚਾਰੇ ਕੀ ਕਰਨ ? ਜਿਹੜੇ ਅਧਰਮ ਪੁੱਤਰ ਹਨ ਉਹ ਤਾਂ ਕਤਲ ਕਰਨ ਨਾ, ਫਿਰ ਉਹ ਚੋਰੀ ਕਰਨ, ਡਾਕੇ ਮਾਰਨ, ਕਿਉਂਕਿ ਧਰਮ ਪੁੱਤਰ ਜੂਆ ਖੇਡ ਰਿਹਾ ਹੈ। ਮੈਨੂੰ ਜੁਆਬ ਦਿੰਦੇ ਨੇ ਕਿ ਉਹ ਆਪ ਨਹੀਂ ਖੇਡਣ ਗਿਆ ਸੀ, ਦੁਰਯੋਧਨ ਨੇ ਮਜਬੂਰ ਕੀਤਾ ਸੀ। ਮੈਂ ਕਿਹਾ, ਮੈਨੂੰ ਇਹੋ ਜਿਹੇ ਬਹੁਤ ਬੰਦੇ ਮਿਲਦੇ ਹਨ ਜਿਹੜੇ ਕਹਿੰਦੇ ਹਨ ਕਿ ਅਸੀਂ ਆਪ ਤੇ ਨਹੀਂ ਪੀਣੀ ਸੀ, ਅਗਲੇ ਨੇ ਮਜਬੂਰ ਕਰ ਛਡਿਆ ਤਾਂ ਘੁੱਟ ਪੀ ਲਈ। ਐਵੇਂ ਥੋੜ੍ਹੀ ਪੀਣੀ ਸੀ। ਹੱਦ ਹੋ ਗਈ, ਮਜਬੂਰ ਕਰ ਛਡਿਆ। ਜਿਹੜਾ ਗੁਨਾਹ ਤੂੰ ਨਾ ਕਰਨਾ ਚਾਹੇਂ, ਤੇਰੇ ਕੋਲੋਂ ਕਿਸ ਤਰ੍ਹਾਂ ਕੋਈ ਕਰਾ ਸਕਦਾ ਹੈ ? ਹੁਣ ਤੂੰ ਕਹੇਂਗਾ, ਬਈ ਕਿਸੇ ਨੇ ਕਿਹਾ ਤਾਂ ਮੈਂ ਕਤਲ ਕਰ ਛਡਿਆ, ਉਂਜ ਥੋੜ੍ਹਾ ਕਰਨਾ ਸੀ। ਕਿਸੇ ਨੇ ਕਿਹਾ ਤਾਂ ਚੋਰੀ ਕੀਤੀ ਸੀ, ਐਵੇਂ ਥੋੜ੍ਹੀ ਕਰਨੀ ਸੀ। ਕਿਸੇ ਦੇ ਕਹਿਣ ਦੇ ਉਪਰ ਵੀ ਜੇ ਕੋਈ ਗੁਨਾਹ ਕਰ ਸਕਦਾ ਹੈ, ਇਸ ਦਾ ਮਤਲਬ ਹੈ ਗੁਨਾਹ ਅੰਦਰ ਮੌਜੂਦ ਹੈ, ਇਕ ਬਹਾਨਾ ਚਾਹੀਦਾ ਹੈ, ਮੌਕਾ ਚਾਹੀਦਾ ਹੈ। ਯੁਧਿਸ਼ਟਰ ਜੂਆ ਨਾ ਖੇਡਣਾ ਚਾਹੁੰਦਾ ਤਾਂ ਦੁਰਯੋਧਨ ਦੀ ਕੋਈ ਤਾਕਤ ਨਹੀਂ ਸੀ ਕਿ ਉਸ ਨੂੰ ਜੂਆ ਖਿਡਾ ਸਕਦਾ। ਜੂਏ ਖੇਡਣ ਦੀ ਰੁਚੀ ਅੰਦਰ ਹੈ ਸੀ; ਤੇ ਚੌਪੜ ਲਾਇਆ ਗਿਆ ਤੇ ਜੂਏ ਦਾ ਜਿਹੜਾ ਪੁਰਾਣਾ ਢੰਗ ਹੈ, ਸ਼ੁਰੂ ਹੋਇਆ। ਦੁਰਯੋਧਨ ਨੇ ਆਪਣੀ ਜਿੱਤ ਦਾ ਸਾਜੋ-ਸਾਮਾਨ ਪਹਿਲਾਂ ਹੀ ਬਣਾ ਲਿਆ ਸੀ ਤੇ ਚਲਾਕੀ ਨਾਲ ਖੇਡ ਰਿਹਾ ਸੀ ਅਤੇ ਜਿਹੜੇ ਪੰਜੇ ਸਨ, ਕਿਸੇ ਹਦ ਤਕ ਭਲੇਮਾਣਸ, ਸ਼ਰੀਫ਼ ਬੜੇ ਸਨ, ਚਲਾਕੀ ਨਹੀਂ ਸਨ ਜਾਣਦੇ, ਚਾਤਰੀ ਇਹਨਾਂ ਕੋਲ ਨਹੀਂ ਸੀ। ਉਸ ਨੇ ਚਲਾਕੀ ਦੇ ਨਾਲ ਜਿਤਨੀਆਂ ਮੋਹਰਾਂ ਉਹਨਾਂ ਦੇ ਕੋਲ ਸਨ, ਸਾਰੀਆਂ ਹੀ ਜਿੱਤ ਲਈਆਂ। ਫਿਰ ਰਾਜ-ਪਾਟ ਵੀ ਜਿੱਤ ਲਿਆ, ਫੇਰ ਮਹੱਲ ਜਿੱਤ ਲਏ, ਫਿਰ ਜਿਹੜੇ ਕੀਮਤੀ ਗਹਿਣੇ ਤੇ ਕਪੜੇ ਤਨ 'ਤੇ ਪਾਏ ਸਨ ਉਹ ਵੀ ਜਿੱਤ ਲਏ, ਸਿਰ ਦਾ ਮੁਕਟ ਵੀ ਜਿੱਤ ਲਿਆ। ਤੇ ਯੁਧਿਸ਼ਟਰ ਕਹਿਣ ਲੱਗਾ, ਦੁਰਯੋਧਨ ਹੁਣ ਤਾਂ ਕੁਝ ਵੀ ਨਹੀਂ ਬਚਿਆ। ਗੱਲ ਖ਼ਤਮ। ਤੇ ਉਠਣ ਲੱਗਾ। ਦੁਰਯੋਧਨ ਨੇ ਬਾਂਹ ਪਕੜੀ ਤੇ ਕਿਹਾ, ਯੁਧਿਸ਼ਟਰ ਬੈਠ, ਇਕ ਚੀਜ਼ ਹੈ ਤੇਰੇ ਕੋਲ—ਦਰੋਪਤੀ। ਉਸ ਨੂੰ ਲਾ ਦਾਅ 'ਤੇ। ਜੂਆ ਚਾਲੂ ਰਹਿਣ ਦੇ। 'ਦਰੋਪਤੀ ਤੇ ਹੈ, ਇਕ ਚੀਜ਼ ਤੇ ਹੈ ਤੇਰੇ ਕੋਲ'। ਇਸ

ਲਫ਼ਜ਼ ਨੂੰ ਨੋਟ ਕਰਨਾ। ਇਸਤ੍ਰੀ ਦੁਰਯੋਧਨ ਦੇ ਸਾਮ੍ਹਣੇ ਇਕ ਚੀਜ਼ ਹੈ, ਇਕ ਵਸਤੂ ਹੈ, ਇਸ ਨੂੰ ਹਾਰਿਆ ਵੀ ਜਾ ਸਕਦਾ ਹੈ ਤੇ ਜਿੱਤਿਆ ਵੀ ਜਾ ਸਕਦਾ ਹੈ। ਖ਼ਰੀਦਿਆ ਵੀ ਜਾ ਸਕਦਾ ਹੈ ਤੇ ਵੇਚਿਆ ਵੀ ਜਾ ਸਕਦਾ ਹੈ। ਤੇ ਮੈਂ ਹੈਰਾਨ ਹਾਂ ਕਿ ਪੁਰਾਣੀ ਸਭਿਅਤਾ ਤੋਂ ਲੈ ਕੇ ਹੁਣ ਤਕ ਐਸਾ ਹੀ ਚਲਦਾ ਆ ਰਿਹਾ ਹੈ। ਆਹ ਫ਼ਰੂਟ-ਮੰਡੀ ਹੁੰਦੀ ਹੈ, ਸਬਜ਼ੀ-ਮਾਰਕੀਟ ਹੈ, ਕਪੜਾ-ਬਜ਼ਾਰ ਦੇਖਦਾ ਹਾਂ, ਲੋਹਾ-ਮੰਡੀ ਹੁੰਦੀ ਹੈ। ਹਰ ਦੇਸ਼ ਵਿਚ ਹੁੰਦੀਆਂ ਹਨ। ਇਸ ਤਰ੍ਹਾਂ ਇਸਤ੍ਰੀਆਂ ਦੀ ਵੀ ਮੰਡੀ ਹੁੰਦੀ ਹੈ, ਇਸਤ੍ਰੀਆਂ ਦੇ ਵੀ ਬਜ਼ਾਰ ਹੁੰਦੇ ਹਨ। ਮਨੁੱਖ ਦੀ ਸਭਿਅਤਾ ਉਤੇ, ਇਸ ਦੀ ਸਿਆਣਪ 'ਤੇ ਕਈ ਦਫ਼ਾ ਸ਼ਰਮ ਆਉਂਦੀ ਹੈ। ਫ਼ਰੂਟ-ਮਾਰਕੀਟ, ਕਪੜਾ-ਮਾਰਕੀਟ ਹੋਈ, ਲੋਹਾ-ਮੰਡੀ ਹੋਈ, ਇਹ ਗੱਲ ਤੇ ਭਲਾ ਸਮਝ ਵਿਚ ਆਈ। ਪਰ ਇਸਤ੍ਰੀਆਂ ਦੀ ਮੰਡੀ, ਇਸਤ੍ਰੀਆਂ ਦੇ ਬਜ਼ਾਰ, ਜਿਥੇ ਇਸਤ੍ਰੀ ਦੀ ਅਸਮਤ ਖ਼ਰੀਦੀ ਜਾਏ ਤੇ ਵੇਚੀ ਜਾਏ। ਮਨੁੱਖ ਦੀ ਮੂਰਖਤਾ ਜੋ ਹਜ਼ਾਰਾਂ ਸਾਲ ਪਹਿਲੇ ਸੀ ਤਾਂ ਅੱਜ ਵੀ ਉਥੇ ਖੜੀ ਹੈ। ਮਨੁਖ ਕੋਈ ਸਿਆਣਾ ਨਹੀਂ ਹੋਇਆ। ਇਸ ਭੁਲੇਖੇ ਵਿਚ ਨਾ ਪੈਣਾ ਕਿ ਬੰਦਾ ਕੋਈ ਸਿਆਣਾ ਹੋ ਗਿਆ ਹੈ। ਕਈ ਦੇਸਾਂ ਵਿਚ ਬੰਦਸ਼ ਲੱਗੀ ਹੈ, ਸਾਡੇ ਦੇਸ਼ ਵਿਚ ਇਹ ਬੰਦਸ਼ ਹੈ, ਅਸਮਤ-ਫਰੋਸ਼ੀ ਦਾ ਕੰਮ ਨਹੀਂ ਹੋ ਸਕਦਾ, ਕੋਈ ਕਿਸੇ ਇਸਤ੍ਰੀ ਦੀ ਅਸਮਤ ਖ਼ਰੀਦ ਨਹੀਂ ਸਕਦਾ ਅਤੇ ਇਸਤ੍ਰੀ ਵੇਚਣਾ ਚਾਹੇ ਤੇ ਵੇਚ ਨਹੀਂ ਸਕਦਾ। ਲੇਕਿਨ ਫਿਰ ਮੈਂ ਇਕ ਨਵਾਂ ਰੂਪ ਦੇਖਦਾ ਹਾਂ। ਬੰਦੇ ਨੇ ਸਾਈਕਲ ਵੇਚਣੀ ਹੈ ਤੇ ਐਡਵਰਟਾਈਜ਼ਮੈਂਟ ਤੇ ਲਾਜ਼ਮੀ ਕਰਨੀ ਹੈ ਨਾ, ਤਸਵੀਰ ਇਸਤ੍ਰੀ ਦੀ। ਸਾਬਣ ਵੇਚਣਾ ਹੈ ਤਾਂ ਤਸਵੀਰ ਇਸਤ੍ਰੀ ਦੀ। ਕਪੜਾ ਵੇਚਣਾ ਹੈ ਤਾਂ ਸ਼ੋ-ਰੂਮ ਵਿਚ ਇਸਤ੍ਰੀ ਖੜੀ ਕਰ ਦਿੱਤੀ ਹੈ। ਤੇ ਇਸ ਨੂੰ ਪੁਛੋ ਕਿ ਇਹ ਸਾਰੀਆਂ ਚੀਜ਼ਾਂ ਇਸਤ੍ਰੀਆਂ ਹੀ ਖ਼ਰੀਦਦੀਆਂ ਹਨ, ਬੰਦੇ ਨਹੀਂ ਖ਼ਰੀਦਦੇ। ਯਾਨੀ ਇਸਤ੍ਰੀ ਨਹੀਂ ਵੇਚਣੀ, ਇਸਤ੍ਰੀ ਨੂੰ ਅਗੇ ਕਰ ਕੇ ਸਾਬਣ ਜ਼ਰੂਰ ਵੇਚਣਾ ਹੈ, ਸਾਈਕਲ ਜ਼ਰੂਰ ਵੇਚਣੀ ਹੈ, ਕਪੜਾ ਜ਼ਰੂਰ ਵੇਚਣਾ ਹੈ, ਪਰ ਅਗੇ ਇਸਤ੍ਰੀ ਨੂੰ ਹੀ ਕਰਨਾ ਹੈ, ਅੰਦਰ ਸੂਰਤ ਉਹੀ ਹੈ। ਮਨੋਵਿਗਿਆਨੀ ਬਹੁਤ ਗਹਿਰੇ ਤਲ ਵਿਚ ਜਾਂਦੇ ਹਨ। ਉਹ ਮਨੁੱਖ ਦੀਆਂ ਰੁਚੀਆਂ ਨੂੰ ਪੜ੍ਹਦੇ ਹਨ, ਕਿ ਮਨੁੱਖ ਦੀਆਂ ਰੁਚੀਆਂ ਉਹੀ ਹਨ। ਇਹਨੇ ਅੱਜ ਵੀ ਇਸਤ੍ਰੀ ਨੂੰ ਚੀਜ਼ ਹੀ ਸਮਝਿਆ ਹੈ, ਇਸ ਤੋਂ ਜ਼ਿਆਦਾ ਨਹੀਂ। ਕਿਸੇ ਹਦ ਤਕ ਜਦ ਸਾਰੀ ਦੁਨੀਆ ਚੀਜ਼ ਸਮਝਣ ਲੱਗ ਪਈ ਇਸਤ੍ਰੀ ਨੂੰ, ਤੇ ਇਸਤ੍ਰੀ ਵੀ ਭੁਲੇਖੇ ਵਿਚ ਪੈ ਗਈ ਕਿ ਸ਼ਾਇਦ ਮੈਂ ਵੀ ਚੀਜ਼ ਹੋਵਾਂ। ਐਸਾ ਭੁਲੇਖਾ ਪੈ ਜਾਂਦਾ ਹੈ।

ਖ਼ੈਰ! ਤੇ ਯੁਧਿਸ਼ਟਰ ਵਰਗਾ ਧਰਮ ਪੁੱਤਰ ਬੜਾ ਸਿਆਣਾ ਹੈ, ਮਹਾਨ

ਆਲਮ ਹੈ, ਦਰੋਣਾਚਾਰੀਆ ਪਾਸ ਪੜ੍ਹਿਆ ਹੈ। ਪਰ ਭੁਲ ਗਿਆ ਹੈ, ਕਹਿੰਦਾ ਹੈ, ਠੀਕ ਹੈ, ਇਕ ਚੀਜ਼ ਤੇ ਹੈ। ਹੁਣ ਚੀਜ਼ ਨੂੰ ਦਾਵ 'ਤੇ ਲਾਉਣ ਲੱਗਾ ਹੈ। ਬਈ ਹੱਦ ਹੋ ਗਈ। ਇਤਨੇ ਵੱਡੇ ਸਿਆਣੇ ਸਾਹਮਣੇ ਵੀ ਦਰੋਪਤੀ ਇਕ ਚੀਜ਼ ਹੈ, ਹੋਰ ਕੁਛ ਨਹੀਂ। ਤੇ ਜਿਉਂ ਆਖਿਆ ਦੁਰਯੋਧਨ ਨੇ, ਠੀਕ ਹੈ, ਲਾ ਦਿੱਤਾ ਦਾਵ 'ਤੇ। ਫਿਰ ਦਰੋਪਤੀ ਨੂੰ ਵੀ ਹਾਰ ਗਿਆ। ਸਾਡੇ ਦੇਸ਼ ਦਾ ਧਾਰਮਿਕ ਇਤਿਹਾਸ ਮਹਾਂਭਾਰਤ ਇਹ ਕਹਿੰਦਾ ਹੈ। ਦਰੋਪਤੀ ਨੂੰ ਵੀ ਇਹ ਹੁਣ ਹਾਰ ਗਿਆ ਹੈ। ਤੇ ਹੁਣ ਜਿਹੜੀ ਹਾਰੀ ਹੋਈ ਚੀਜ਼ ਹੈ, ਜਿੱਤਣ ਵਾਲੇ ਦੀ ਮਰਜ਼ੀ ਹੈ ਉਸ ਨੂੰ ਕਿਵੇਂ ਇਸਤੇਮਾਲ ਕਰਨਾ ਹੈ। ਤੋ ਆਪ ਨੂੰ ਪਤਾ ਹੋਵੇ :

**ਮਥੇ ਵਾਲ ਦਰੋਪਤੀ ਆਂਦੀ।** *(ਵਾਰ ੧੦, ਪਉੜੀ ੮)*

ਦੁਸ਼ਾਸਨ ਭਜਿਆ ਹੋਇਆ ਗਿਆ ਹੈ ਤੇ ਉਸ ਨੇ ਕੇਸਾਂ ਤੋਂ ਪਕੜਿਆ ਹੈ ਤੇ ਘਸੀਟ ਕੇ ਲਿਆ ਰਿਹਾ ਹੈ ਦਰੋਪਤੀ ਨੂੰ। ਹੱਸੀ ਸੀ ਤੂੰ ਦੁਰਯੋਧਨ ਤੇ, ਜ਼ਿੰਦਗੀ ਭਰ ਰੋਣਾ ਪਵੇਗਾ। ਦੁਰਯੋਧਨ ਦੇ ਸਾਹਮਣੇ ਪੇਸ਼ ਕੀਤੀ ਗਈ। ਦੁਰਯੋਧਨ ਦਾ ਪਹਿਲਾ ਹੁਕਮ ਸੀ, ਇਸ ਨੂੰ ਭਰੀ ਸਭਾ ਦੇ ਵਿਚ ਨਗਨ ਕਰੋ। ਆਪ ਨੂੰ ਪਤਾ ਹੋਵੇ ਅਤੇ ਤੁਹਾਡੇ ਗਿਆਨ ਵਾਸਤੇ ਮੈਂ ਅਰਜ਼ ਕਰਾਂ। ਉਸ ਮਹਿਫ਼ਲ ਵਿਚ ਦਰੋਣਾਚਾਰੀਆ ਬੈਠਾ ਹੈ, ਜੋ ਕਿ ਗੁਰੂ ਹੈ, ਜੋ ਪਾਂਡਵਾਂ ਦਾ ਵੀ ਗੁਰੂ ਹੈ ਤੇ ਕੌਰਵਾਂ ਦਾ ਵੀ ਗੁਰੂ ਹੈ। ਉਸ ਵਕਤ ਦੇ ਕਰੀਬਨ ਕਰੀਬਨ ਸਿਆਣੇ ਬੰਦਿਆਂ ਦਾ ਉਹ ਗੁਰੂ ਹੈ। ਸਾਰੇ ਉਸ ਪਾਸ ਧਾਰਮਿਕ ਵਿਦਿਆ ਵੀ ਪੜ੍ਹਦੇ ਨੇ ਤੇ ਸ਼ਸਤਰ ਵਿਦਿਆ ਵੀ ਸਿਖਦੇ ਨੇ ਤੇ ਰਾਜਨੀਤਕ ਵਿਦਿਆ ਵੀ ਪੜ੍ਹਦੇ ਨੇ, ਬੜਾ ਹੀ ਰੌਸ਼ਨ ਦਿਮਾਗ਼ ਉਹ ਬੰਦਾ ਹੈ। ਉਸ ਮਹਿਫ਼ਲ ਵਿਚ ਭੀਸ਼ਮ ਪਿਤਾਮਾ ਵੀ ਬੈਠਾ ਹੈ, ਜੋ ਕਿ ਜਤੀ ਸਤੀ, ਮਹਾਨ ਬਲਵਾਨ ਤੇ ਬੜਾ ਹੀ ਭਜਨੀਕ ਹੈ। ਜਿਸ ਵਕਤ ਦਰੋਪਤੀ ਨੂੰ ਨਗਨ ਕਰਨ ਵਾਸਤੇ ਲਿਆਏ ਹਨ, ਤਾਂ ਅੰਦਰੋਂ ਹੀ ਅੰਦਰੋਂ ਉਹ ਸੋਚਦੀ ਹੈ ਕਿ ਐਥੇ ਯੁਧਿਸ਼ਟਰ ਬੈਠਾ ਹੈ, ਭੀਮਸੈਨ ਬੈਠਾ ਹੈ, ਏਥੇ ਅਰਜੁਨ ਬੈਠਾ ਹੈ, ਇਹਨਾਂ ਦੇ ਹੁੰਦਿਆਂ ਹੋਇਆਂ ਦੁਰਯੋਧਨ ਦੀ ਕੀ ਮਜਾਲ ਹੈ ਕਿ ਮੈਨੂੰ ਨਗਨ ਕਰੇ, ਪਰ ਕੀ ਦੇਖਿਆ ਹੈ, ਪੰਜੇ ਪਾਂਡਵ ਸਿਰ ਢਾਹ ਕੇ ਬੈਠੇ ਹਨ। ਵੇਖਦੇ ਹੀ ਨਹੀਂ, ਜਿਵੇਂ ਕੋਈ ਮੁਰਦਾ ਹੁੰਦਾ ਹੈ। ਜੁਰਅਤ ਹੀ ਕੋਈ ਨਹੀਂ। ਫਿਰ ਇਸ ਦੇ ਅੰਦਰ ਆਸ਼ਾ ਬੱਝੀ ਕਿ ਇਸ ਮਹਿਫ਼ਲ ਦੇ ਵਿਚ ਗੁਰੂ ਬੈਠਾ ਹੈ। ਗੁਰੂ ਦੇ ਹੁੰਦਿਆਂ ਹੋਇਆਂ ਮੇਰੀ ਬੇ-ਪਤੀ ਨਹੀਂ ਹੋ ਸਕਦੀ, ਪਰ ਕੀ ਵੇਖਿਆ ਹੈ ਕਿ ਗੁਰੂ ਵੀ ਸਿਰ ਢਾਹ ਕੇ ਬੈਠਾ ਹੈ। ਇਹ ਵਿਚਾਰਨ ਦੀ ਗੱਲ ਹੈ, ਇਕ ਗ਼ਲਤ ਕਦਮ ਦੇ ਖ਼ਿਲਾਫ਼, ਇਕ ਦੁਰਾਚਾਰ ਦੇ ਖ਼ਿਲਾਫ਼, ਜੇ ਗੁਰੂ ਵੀ ਆਵਾਜ਼ ਨਹੀਂ ਉਠਾ

ਸਕਦਾ ਤਾਂ ਆਮ ਬੰਦਿਆਂ ਦੀ ਕੀ ਹਾਲਤ ਹੋਵੇਗੀ ? ਗੁਰੂ ਵੀ ਆਵਾਜ਼ ਨਹੀਂ ਉਠਾ ਰਿਹਾ। ਔਰ ਖਿਮਾ ਕਰਨੀ, ਅੱਜ ਵੀ ਸੰਤ ਇਸੇ ਤਰ੍ਹਾਂ ਦੇ ਹਨ। ਮੱਥਾ ਟਿਕਾਅ ਸਕਦੇ ਹਨ, ਪਰ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਨਹੀਂ ਉਠਾ ਸਕਦੇ। ਗੁਰਮਤਿ ਦਾ ਖੰਡਨ ਹੋਵੇ, ਗੁਰਮਤਿ ਦੇ ਵਿਚ ਦਰਾੜਾਂ ਪੈਣ, ਕੋਈ ਆਵਾਜ਼ ਨਹੀਂ ਉਠਾਣੀ, ਹਾਂ ਮੱਥੇ ਟਿਕਾਅ ਸਕਦੇ ਹਨ ਤੇ ਇਸ ਤੋਂ ਜ਼ਿਆਦਾ ਹੋਰ ਕੁਛ ਨਹੀਂ। ਖ਼ੈਰ !

ਤੇ ਉਹ ਗੁਰੂ ਜਿਸ ਨੂੰ ਕੌਰਵ ਤੇ ਪਾਂਡਵ ਮੱਥਾ ਟੇਕਦੇ ਹਨ, ਤੇ ਸਾਰੇ ਸਿਆਣੇ ਬਾਦਸ਼ਾਹ ਰਾਜੇ ਉਹਨੂੰ ਮੱਥਾ ਟੇਕਦੇ ਹਨ, ਲੇਕਿਨ ਅੱਜ ਉਸ ਦੇ ਸਾਹਮਣੇ ਕਿਸੇ ਅਬਲਾ ਨੂੰ ਨਗਨ ਕੀਤਾ ਜਾ ਰਿਹਾ ਹੈ। ਭਰੀ ਮਹਿਫ਼ਲ ਦੇ ਵਿਚ ਉਹ ਜ਼ਾਰੋ ਜ਼ਾਰ ਰੋਈ ਏ ਤੇ ਗੁਰੂ ਵੀ ਨਹੀਂ ਆਵਾਜ਼ ਉਠਾਉਂਦਾ। ਤੇ ਜਦ ਗੁਰੂ ਹੀ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਨਹੀਂ ਉਠਾ ਸਕਦਾ, ਤੇ ਫਿਰ ਆਮ ਬੰਦੇ ਦਾ ਤੇ ਕਹਿਣਾ ਹੀ ਕੀ। ਤੇ ਫਿਰ ਇਸ ਦੀ ਦ੍ਰਿਸ਼ਟੀ ਭੀਸ਼ਮ ਪਿਤਾਮਾ 'ਤੇ ਚਲੀ ਗਈ, ਦਰੋਪਤੀ ਦੀ। ਮਤਾਂ ਇਹ ਬੋਲੇ। ਮਤਾਂ ਇਹ ਬੀਚ ਬਚਾਵ ਕਰੇ। ਲੇਕਿਨ ਉਹ ਵੀ ਸਿਰ ਢਾਹ ਕੇ ਬੈਠਾ ਹੈ। ਕਹਿਣ ਨੂੰ ਜਤੀ ਸਤੀ ਸੀ। ਮਹਾਤਮਾ ਸੀ। ਪਰ ਬੜਾ ਕਾਇਰ ਸੀ, ਬੜਾ ਬੁਜ਼ਦਿਲ ਸੀ। ਅੰਦਰ ਕੋਈ ਸੂਰਬੀਰਤਾ ਵਾਲੀ ਗੱਲ ਨਹੀਂ ਸੀ। ਇਹ ਵੀ ਸਿਰ ਢਾਹ ਕੇ ਬੈਠਾ ਹੈ। ਤੇ ਇਹ ਹੁਣ ਚਾਰੇ ਪਾਸੇ ਤੋਂ ਨਿਰਾਸ ਹੋ ਗਈ। ਤੇ ਜਦ ਇਹ ਹਰ ਪਾਸੇ ਤੋਂ ਨਿਰਾਸ ਹੋ ਗਈ ਤਾਂ ਇਸ ਦੀ ਜ਼ਬਾਨ ਤੋਂ ਕ੍ਰਿਸ਼ਨ ਨਿਕਲਿਆ। ਕਹਿੰਦੇ ਨੇ, ਕਿਸੇ ਨੂੰ ਦਿਲ ਨਾਲ ਔਰ ਇਕਾਗਰਤਾ ਨਾਲ ਯਾਦ ਕੀਤਾ ਜਾਏ ਤਾਂ ਅਗਲੇ ਦੇ ਮਨ ਵਿਚ ਵੀ ਖੜਾਕ ਵੱਜ ਪੈਂਦੀ ਹੈ। ਕ੍ਰਿਸ਼ਨ ਦਾ ਮਨ ਹਿੱਲ ਗਿਆ। ਵਕਤ ਸਿਰ ਉਥੇ ਪ੍ਰਗਟ ਹੋਏ, ਔਰ ਇਸ ਢੰਗ ਨਾਲ ਦਰੋਪਤੀ ਦੀ ਇਜ਼ਤ ਬਚ ਗਈ। ਇਕ ਪੁਰਸ਼ ਐਸਾ ਸੀ ਜਿਸ ਨੇ ਉਸ ਵਕਤ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਉਠਾਈ ਹੈ। ਜ਼ੁਲਮ ਹੈ, ਨਹੀਂ ਹੋਣ ਦਿਆਂਗਾ। ਇਹ ਪਾਪ ਹੈ, ਨਹੀਂ ਹੋ ਸਕਦਾ। ਇਸ ਵਾਸਤੇ ਭਗਵਾਨ ਜਾਣ ਕੇ ਸਾਡੇ ਦੇਸ਼ ਨੇ ਉਸ ਨੂੰ ਪੂਜਿਆ ਹੈ। ਉਸ ਦਾ ਸਤਿਕਾਰ ਕੀਤਾ ਹੈ। ਦਰਅਸਲ ਮਹਾਂਪੁਰਖ ਹੈ ਕੌਣ ? ਜੋ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਉਠਾ ਸਕੇ, ਜੋ ਕਿਸੇ ਨੂੰ ਗ਼ਲਤ ਕਦਮ ਚੁਕਣ ਨਾ ਦੇਵੇ, ਜੋ ਪਾਪ ਦੇ ਖ਼ਿਲਾਫ਼ ਆਵਾਜ਼ ਉਠਾਵੇ। ਜੋ ਜ਼ਾਲਮ ਦਾ ਪੱਖ ਨਾ ਲਵੇ, ਮਜ਼ਲੂਮ ਦਾ ਪੱਖ ਲਵੇ, ਉਹਨੂੰ ਮਹਾਂਪੁਰਸ਼ ਕਹਿੰਦੇ ਨੇ। ਇਸ ਵਾਸਤੇ ਸ੍ਰੀ ਕ੍ਰਿਸ਼ਨ ਨੂੰ ਸਾਡੇ ਦੇਸ਼ ਨੇ ਬਹੁਤ ਸਤਿਕਾਰ ਦਿੱਤਾ ਹੈ ਕਿ ਜਿਸ ਮਹਿਫ਼ਲ ਵਿਚ ਗੁਰੂ ਵੀ ਮਜ਼ਲੂਮ ਦਾ ਪੱਖ ਨਹੀਂ ਲੈਂਦਾ, ਭੀਸ਼ਮ

ਪਿਤਾਮਾ ਵਰਗਾ ਜਤੀ ਸਤੀ ਵੀ ਪੱਖ ਨਹੀਂ ਲੈਂਦਾ, ਉਥੇ ਇਕ ਤਾਂ ਘੱਟੋ ਘੱਟ ਪੱਖ ਲੈਣ ਵਾਲਾ ਹੈ, ਇਕ ਤੇ ਬਾਂਹ ਪਕੜਨ ਵਾਲਾ ਹੈ ਨਾ। ਇਕ ਨੇ ਦਾਅਵਾ ਕਰ ਦਿੱਤਾ ਹੈ, ਮੇਰੇ ਹੁੰਦਿਆਂ ਹੋਇਆਂ ਤੈਨੂੰ ਨਗਨ ਕੋਈ ਨਹੀਂ ਕਰ ਸਕਦਾ। ਇਹ ਗੱਲ ਵਖਰੀ ਹੈ ਕਿ ਅਸੀਂ ਕਹਾਣੀ ਜੋੜ ਛਡਦੇ ਹਾਂ ਕਿ ਕ੍ਰੋੜਾਂ ਕਪੜੇ ਆ ਗਏ, ਅਸਮਾਨ ਤੋਂ ਆ ਗਏ। ਨਹੀਂ, ਉਥੇ ਕ੍ਰਿਸ਼ਨ ਆਪ ਪ੍ਰਗਟ ਹੋਏ ਨੇ। ਉਹਨਾਂ ਨੇ ਬੀਚ ਬਚਾਵ ਕਰ ਦਿੱਤਾ।

ਅਰਜ਼ ਮੈਂ ਇਹ ਕਰ ਰਿਹਾ ਸੀ, ਲਾਲਾ ਦੌਲਤ ਰਾਏ ਲਿਖਦੇ ਨੇ ਮਹਾਂ-ਭਾਰਤ ਦਾ ਇਤਨਾ ਵੱਡਾ ਲੰਬਾ ਚੌੜਾ ਯੁਧ ਕਿਉਂ ਹੋਇਆ, ਇਹ ਕਿਸ ਵਾਸਤੇ ਹੋਇਆ। ਉਸ ਦਾ ਕਾਰਨ ਇਹ ਇਸਤ੍ਰੀ ਹੈ। ਔਰ ਉਹ ਹੈ—ਦਰੋਪਤੀ। ਦੂਸਰੇ ਲਾਲਾ ਦੌਲਤ ਰਾਏ ਕਹਿੰਦੇ ਨੇ, ਕੌਰਵਾਂ ਪਾਂਡਵਾਂ ਦਾ ਗੁਰੂ ਇਕ ਹੈ, ਦਰੋਣਾਚਾਰੀਆ। ਸੋ ਧਰਮ ਵਿਚ ਭੇਦ ਨਹੀਂ। ਗੁਰੂ ਇਕ ਹੈ, ਦੋਵਾਂ ਦਾ ਧਰਮ ਇਕ ਹੈ, ਫਿਰ ਦੋਵੇਂ ਜਦ ਮੈਦਾਨਿ-ਜੰਗ ਵਿਚ ਲੜਦੇ ਨੇ, ਦੋਹਾਂ ਪਾਸ ਬਹੁਤ ਸੈਨਾ ਹੈ। ਕੌਰਵਾਂ ਦੇ ਕੋਲ ਸੈਨਾ ਹੈ ਸ੍ਰੀ ਕ੍ਰਿਸ਼ਨ ਦੀ; ਕ੍ਰਿਸ਼ਨ ਆਪ ਪਾਂਡਵਾਂ ਦੇ ਪੱਖ ਵਿਚ ਲੜ ਰਹੇ ਹਨ। ਇਕ ਪਾਸੇ ਕੌਰਵਾਂ ਦੀ ਸੈਨਾ ਹੈ। ਬੜਾ ਹੀ ਘਮਸਾਨ ਦਾ ਯੁੱਧ ਹੈ। ਪਰ ਹੁਣ ਲਾਲਾ ਦੌਲਤ ਰਾਏ ਕਹਿੰਦੇ ਨੇ, ਜੇ ਤਫਸੀਲ ਵਿਚ ਜਾਈਏ, ਇਸ ਲੜਾਈ ਦਾ ਕਾਰਨ ਕੀ ਹੈ, ਇਹਦਾ ਬੀਜ ਕੀ ਹੈ, ਤਾਂ ਉਹ ਕਹਿੰਦਾ ਹੈ ਬੀਜ ਦਰੋਪਤੀ ਹੈ, ਇਕ ਇਸਤ੍ਰੀ ਹੈ। ਉਸ ਦੇ ਮੂੰਹੋਂ ਕੁਛ ਸ਼ਬਦ ਨਿਕਲੇ ਨੇ ਦੁਰਯੋਧਨ ਦੇ ਬਾਰੇ ਤੇ ਦੁਰਯੋਧਨ ਦੇ ਮਨ ਨੂੰ ਸੱਟ ਲੱਗੀ ਏ, ਉਹਦੇ ਅੰਦਰ ਬਦਲੇ ਦੀ ਭਾਵਨਾ ਜਾਗੀ ਹੈ। ਤੇ ਇਤਨੀ ਲੰਬੀ ਚੌੜੀ ਮਹਾਂਭਾਰਤ ਰਚੀ ਗਈ।

ਹੁਣ ਲਾਲਾ ਦੌਲਤ ਰਾਏ ਕਹਿੰਦਾ ਹੈ ਕਿ ਮੇਰੀ ਸੁਰਤ ਜਾਂਦੀ ਹੈ ਗੁਰੂ ਗੋਬਿੰਦ ਸਿੰਘ 'ਤੇ, ਇਹ ਕਿਉਂ ਲੜੇ ਨੇ, ਇਹਨਾਂ ਦੀ ਜ਼ਿੰਦਗੀ ਕਿਉਂ ਲੜਾਈ 'ਚ ਲੰਘੀ। ਸਾਰੀ ਜ਼ਿੰਦਗੀ ਕਿਉਂ ਜੰਗ ਕਰਨੀ ਪਈ? ਔਰ ਆਪ ਨੂੰ ਪਤਾ ਹੋਵੇ ਚੈਨ ਨਾਲ ਇਕ ਦਿਨ ਵੀ ਗੁਰੂ ਗੋਬਿੰਦ ਸਿੰਘ ਨੂੰ ਬੈਠਣਾ ਨਸੀਬ ਨਹੀਂ ਹੋਇਆ। ਅੱਲਾ ਯਾਰ ਖ਼ਾਂ ਯੋਗੀ ਕਹਿੰਦਾ ਹੈ ਕਿ :

**ਅਦਾ ਨੇ ਕਭੀ ਤੁਝ ਕੋ ਸੰਭਲਨੇ ਨਾ ਦੀਆ ਥਾ।**
**ਆਰਾਮ ਸੇ ਪਹਿਲੂ ਕੋ ਬਦਲਨੇ ਨਾ ਦੀਆ ਥਾ।**
**ਕਾਟਾ ਦਿਲੇ ਪੁਰਖੋਂ ਸੇ ਨਿਕਲਨੇ ਨਾ ਦੀਆ ਥਾ।**
**ਜਿਸ ਰਣ ਮੇ ਲੜਾ, ਬੇ-ਸਰੋ ਸਾਮਾਨ ਲੜਾ ਤੂੰ।**
**ਸੌ ਸਿੰਘ ਲੀਏ ਲਾਖੋਂ ਪੇ ਜਾ ਕੇ ਪੜਾ ਤੂੰ।**

ਇਹ ਮੁਸਲਮਾਨ ਸ਼ਾਇਰ ਕਹਿੰਦਾ ਹੈ ਕਿ ਮੈਂ ਦੇਖਦਾ ਹਾਂ, 'ਐ ਗੁਰੂ ਗੋਬਿੰਦ ਸਿੰਘ, ਆਰਾਮ ਨਾਲ ਤੁਸੀਂ ਇਕ ਕਰਵਟ ਵੀ ਨਹੀਂ ਬਦਲੀ। ਆਰਾਮ ਨਾਲ ਤੁਸੀਂ ਇਕ ਦਿਨ ਵੀ ਸੁੱਤੇ ਨਹੀਂ। ਕਦੀ ਕਿਧਰੇ ਜੰਗ, ਕਦੀ ਇਕ ਪਾਸੇ ਭਜ ਦੌੜ ਦੀ ਤੁਹਾਡੀ ਜ਼ਿੰਦਗੀ। ਚੈਨ ਨਾਲ ਕਦੀ ਕਿਸੇ ਨੇ ਬੈਠਣ ਨਹੀਂ ਦਿੱਤਾ ਤੇ ਜਦ ਵੀ ਤੂੰ ਲੜਿਆ ਹੈਂ ਬੇ ਸਰੋ-ਸਾਮਾਨ ਹੀ ਲੜਿਆ ਹੈਂ। ਕਿਧਰੇ ਪੰਜ ਦਸ ਸਿੰਘ ਨੇ, ਕਿਧਰੇ ਹਜ਼ਾਰ ਬਾਰ੍ਹਾਂ ਸੌ ਸਿੰਘ ਨੇ ਤੇ ਲੱਖਾਂ ਨਾਲ ਟਕਰਾਓ ਹੈ।' ਅਕਸਰ ਦੁਸ਼ਮਣਾਂ ਨੇ ਇਸ ਢੰਗ ਦੀ ਬਿਧਤਾ 'ਚ ਮਹਾਰਾਜ ਸਾਹਿਬ ਨੂੰ ਪਾਈ ਰਖਿਆ। ਖ਼ੈਰ! ਲਾਲਾ ਦੌਲਤ ਰਾਏ ਕਹਿੰਦੇ ਨੇ, ਹੁਣ ਮੈਂ ਅਧਿਐਨ ਕਰਦਾ ਹਾਂ ਕਿ ਇਹ ਜੰਗ ਕਿਉਂ ਹੋਈ ? ਇਹ ਟਕਰਾਓ ਕਿਉਂ ਹੋਇਆ ? ਕੀ ਇਥੇ ਕਾਰਨ ਕੋਈ ਇਸਤ੍ਰੀ ਏ ? ਚੰਦ ਮੋਹਰਾਂ ਨੇ ? ਪੈਸਾ ਹੈ ? ਜ਼ਮੀਨ ਹੈ ? ਐਸੀ ਕੋਈ ਗੱਲ ਨਹੀਂ। ਕਸ਼ਮੀਰ ਦੇ ਬ੍ਰਾਹਮਣ ਆਏ ਨੇ ਗੁਰੂ ਤੇਗ ਬਹਾਦਰ ਜੀ ਦੇ ਕੋਲ। ਆਖਣ ਲਗੇ ਨੇ, ਭਗਵਾਨ ਸਾਡਾ ਨੰਗੇਜ ਢੱਕੋ, ਅਸੀਂ ਨਗਨ ਹੋ ਗਏ ਹਾਂ। ਦਰੋਪਤੀ ਦਾ ਨੰਗੇਜ ਢੱਕਿਆ ਸੀ ਕ੍ਰਿਸ਼ਨ ਜੀ ਨੇ। ਹੁਣ ਇਹ ਬ੍ਰਾਹਮਣ ਨੰਗੇ ਹੋ ਰਹੇ ਨੇ, ਇਨ੍ਹਾਂ ਦੀ ਅਸਮਤ ਲੁਟੀ ਜਾ ਰਹੀ ਹੈ, ਗ਼ੈਰਤ ਲੁੱਟੀ ਜਾ ਰਹੀ ਹੈ। ਕਹਿਣ ਲੱਗੇ, 'ਪ੍ਰਭੂ, ਅਸੀਂ ਨੰਗੇ ਹਾਂ'। ਤੇ ਆਪ ਨੂੰ ਪਤਾ ਹੋਵੇ, ਅਸੀਂ ਗੁਰੂ ਤੇਗ ਬਹਾਦਰ ਜੀ ਨੂੰ ਹਿੰਦ ਦੀ ਚਾਦਰ ਕਿਉਂ ਕਹਿੰਦੇ ਹਾਂ ? ਸ਼ਹਾਦਤ ਦਾ ਜਾਮ ਪੀ ਕੇ ਇਨ੍ਹਾਂ ਨੰਗੇ ਬ੍ਰਾਹਮਣਾਂ ਨੂੰ ਗੁਰੂ ਤੇਗ ਬਹਾਦਰ ਜੀ ਨੇ ਢੱਕ ਛਡਿਆ ਹੈ, ਇਸ ਵਾਸਤੇ ਕਹਿੰਦੇ ਹਾਂ ਕਿ ਧਰਮ ਦੀ ਚਾਦਰ ਹੈ, ਸ਼ਹਾਦਤ ਦੀ ਚਾਦਰ ਹੈ। ਧਰਮ ਦੀ ਚਾਦਰ ਦੇ ਨਾਲ ਇਹਨਾਂ ਨੰਗੇ ਬ੍ਰਾਹਮਣਾਂ ਨੂੰ ਢੱਕ ਛੱਡਿਆ। ਆਖਿਆ, ਕੁਰਬਾਨੀ ਦਿਆਂਗੇ ਤੇ ਇਹ ਮਹਾਨ ਕੁਰਬਾਨੀ ਹੋਈ। ਅੱਜ ਤਕ ਲੋਕਾਂ ਨੂੰ ਪਤਾ ਨਹੀਂ ਕਿ ਜਿਹੜਾ ਮੱਥੇ 'ਤੇ ਤਿਲਕ ਲਾਇਆ ਹੋਇਆ ਹੈ, ਜਨੇਊ ਪਾਇਆ ਹੋਇਆ ਹੈ, ਇਹ ਕਿਸ ਦੀ ਕੁਰਬਾਨੀ ਦਾ ਸਦਕਾ ਹੈ। ਇਹ ਕਿਸ ਨੇ ਆਪਣਾ ਖ਼ੂਨ ਬਹਾਇਆ ਸੀ, ਇਹ ਕਿਸ ਨੇ ਬਹੁਤ ਵੱਡੀ ਸ਼ਹਾਦਤ ਦਿੱਤੀ ਸੀ।

ਗੁਰੂ ਘਰ ਦੇ ਨਾਲ ਇਥੋਂ ਟਕਰਾਵ ਸ਼ੁਰੂ ਹੋਇਆ ਹੈ, ਗੁਰੂ ਘਰ ਨੇ ਕਹਿ ਦਿਤਾ ਜਬਰ ਨਹੀਂ ਬਰਦਾਸ਼ਤ ਕੀਤਾ ਜਾਇਗਾ, ਜਬਰ ਚਾਹੇ ਕੋਈ ਮਨੁੱਖ ਕਰੇ, ਚਾਹੇ ਕੋਈ ਹਕੂਮਤ, ਬਰਦਾਸ਼ਤ ਨਹੀਂ ਹੋਵੇਗਾ। ਤੇ ਲਾਲਾ ਦੌਲਤ ਰਾਏ ਕਹਿੰਦੇ ਨੇ, ਮੈਂ ਦੇਖਦਾ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਨਾਲ ਟੱਕਰ ਲੈਂਦੇ ਨੇ। ਉਹ ਬਾਦਸ਼ਾਹ ਹੈ, ਇਹ ਫ਼ਕੀਰ ਨੇ। ਇਕ ਦੇ ਖ਼ਜ਼ਾਨੇ ਮੋਤੀ ਤੇ ਸੋਨੇ ਦੀਆਂ ਮੋਹਰਾਂ ਨਾਲ ਭਰੇ ਪਏ ਨੇ ਤੇ ਲੱਖਾਂ ਦੀ ਤਦਾਦ ਵਿਚ ਫ਼ੌਜ ਹੈ, ਅਤੇ ਇਕ ਦੇ

ਕੋਲ ਸਿਰਫ਼ ਲੰਗਰ ਵਾਸਤੇ ਹੀ ਉਪਜੀਵਕਾ ਹੈ, ਹੋਰ ਕੁਝ ਨਹੀਂ, ਭੁੱਖੇ ਪਿਆਸੇ ਸਿੱਖ ਨੇ, ਹੋਰ ਕੁਝ ਨਹੀਂ। ਲੜਦੇ ਕਿਸ ਵਾਸਤੇ ਪਏ ਨੇ ਇਹ ? ਦੇਸ਼ ਦੀ ਸੰਸਕ੍ਰਿਤੀ ਵਾਸਤੇ, ਦੇਸ਼ ਤੇ ਧਰਮ ਵਾਸਤੇ। ਤੇ ਫਿਰ ਇਕ ਹੋਰ ਗੱਲ ਹੈ, ਜਿਹੜੀ ਗ਼ਜ਼ਬ ਦੀ ਹੈ, ਜੋ ਲਾਲਾ ਦੌਲਤ ਰਾਏ ਨੇ ਕਹੀ ਹੈ ਔਰ ਬੜੇ ਬਾ-ਕਮਾਲ ਢੰਗ ਨਾਲ ਕਹੀ ਹੈ। ਉਹ ਕਹਿੰਦੇ ਨੇ ਕਿ ਇਹਨਾਂ ਦੋਨਾਂ ਦਾ ਧਰਮ ਵੀ ਇਕ ਨਹੀਂ, ਮਜ਼੍ਹਬ ਵੀ ਅੱਡ ਅੱਡ ਹੈ। ਔਰੰਗਜ਼ੇਬ ਦੀ ਰੂਹ ਹਿੰਦੁਸਤਾਨ ਤੋਂ ਬਾਹਰ ਰਹਿੰਦੀ ਹੈ ਤੇ ਗੁਰੂ ਗੋਬਿੰਦ ਸਿੰਘ ਦੀ ਆਤਮਾ ਦੇਸ਼ ਦੀ ਸੰਸਕ੍ਰਿਤੀ ਨਾਲ ਪਿਆਰ ਕਰਦੀ ਹੈ। ਇਹਨਾਂ ਦੀ ਧਾਰਮਿਕ ਤੌਰ 'ਤੇ ਵੀ ਏਕਤਾ ਨਹੀਂ। ਧਰਮ ਵੀ ਇਕ ਨਹੀਂ ਔਰ ਲੜਾਈ ਹੋ ਰਹੀ ਹੈ ਮਜ਼ਲੂਮਾਂ ਦੀ ਰਖਿਆ ਵਾਸਤੇ, ਦੇਸ਼ ਦੀ ਰਖਿਆ ਵਾਸਤੇ, ਦੇਸ਼ ਤੇ ਧਰਮ ਵਾਸਤੇ। ਇਥੇ ਜ਼ਰ ਜ਼ਮੀਨ ਜੋਰੂ ਦੀ ਗੱਲ ਨਹੀਂ, ਇਸ ਵਾਸਤੇ ਲਾਲਾ ਦੌਲਤ ਰਾਏ ਕਹਿੰਦੇ ਨੇ ਕਿ ਮਹਾਂਪੁਰਖਾਂ ਦੀ ਦੁਨੀਆ ਵਿਚ ਜੇ ਕੋਈ ਮਹਾਂਪੁਰਖ ਮੈਨੂੰ ਦਿਸਦਾ ਹੈ, ਜੋ ਕਿ ਨਿਰੀ ਬੰਦਗੀ ਨਹੀਂ ਕਰਦਾ, ਨਿਰਾ ਆਤਮ ਬਲ ਹੀ ਨਹੀਂ ਇਕੱਠਾ ਕਰਦਾ, ਬਲਕਿ ਕਮਜ਼ੋਰਾਂ ਨੂੰ ਵੀ ਤਾਕਤਵਰ ਬਣਾਂਦਾ ਹੈ। ਬਾਹਰ ਦੇ ਮਜ਼ਲੂਮਾਂ ਨੂੰ ਵੀ ਜੋ ਬਹਾਦਰ ਬਣਾਂਦਾ ਹੈ। ਐਸਾ ਪੂਰਨ ਮਨੁੱਖ ਅਗਰ ਹੈ ਤੇ ਕਹਿੰਦੇ ਨੇ ਗੁਰੂ ਗੋਬਿੰਦ ਸਿੰਘ ਹੈ।

ਚੰਦ ਸਤਰਾਂ ਮੈਂ ਤੁਹਾਡੇ ਸਾਹਮਣੇ ਹੋਰ ਰੱਖਾਂ, ਪਿਛਲੇ ਦਿਨੀਂ ਇਕ ਸੱਜਣ ਨੇ ਮੇਰੇ 'ਤੇ ਪ੍ਰਸ਼ਨ ਕੀਤਾ ਕਿ ਗੁਰਮਤਿ ਵਿਚ ਗੁਰੂ ਦੇ ਕੀ ਅਰਥ ਨੇ ? ਮੈਂ ਉਸ ਨੂੰ ਆਖਿਆ ਕਿ ਗੁਰੂ ਸ਼ਬਦ ਹੈ ਸੰਸਕ੍ਰਿਤ ਦਾ ਤੇ ਜਿਹੜੇ ਅਰਥ ਅਨਮਤ ਵਿਚ ਨੇ, ਉਹੀ ਗੁਰਮਤਿ ਵਿਚ ਨੇ। ਗੁਰੂ ਦਾ ਅਰਥ ਹੈ—ਰੌਸ਼ਨੀ ਦੇਣ ਵਾਲਾ, ਗਿਆਨ ਦੇਣ ਵਾਲਾ; ਗੁਰੂ ਹੈ—ਰੱਬੀ ਪ੍ਰੇਰਨਾ ਦੇਣ ਵਾਲਾ, ਕਿਸੇ ਰਸਤੇ 'ਤੇ ਤੋਰਨ ਵਾਲਾ। ਤੇ ਉਹ ਕਹਿਣ ਲੱਗਾ, 'ਜੇ ਰੌਸ਼ਨੀ ਦੇਣ ਵਾਲਾ, ਗਿਆਨ ਦੇਣ ਵਾਲਾ, ਤੇ ਰੱਬੀ ਪ੍ਰੇਰਨਾ ਦੇਣ ਵਾਲਾ ਗੁਰੂ ਹੈ, ਤੇ ਫਿਰ ਜਿਹੜਾ ਤਲਵਾਰ ਚਲਾਉਣ ਵਾਲਾ ਹੋਇਆ ਉਹ ਤੇ ਗੁਰੂ ਨਾ ਹੋਇਆ, ਉਹ ਤੇ ਸੂਰਮਾ ਹੈ, ਸਿਪਾਹੀ ਹੈ। ਉਹ ਤੇ ਗੁਰੂ ਨਹੀਂ ਹੋ ਸਕਦਾ।' ਮੈਂ ਆਖਿਆ, 'ਤੂੰ ਤੇ ਮੇਰੇ ਕੋਲੋਂ ਅਰਥ ਪੁੱਛਦਾ ਹੈਂ ਤੇ ਹੁਣ ਪਤਾ ਚਲਿਆ ਹੈ ਕਿ ਤੂੰ ਅਰਥ ਕਿਉਂ ਪੁੱਛਦਾ ਹੈਂ ? ਅਸਲੀ ਗੱਲ ਤੂੰ ਹੁਣ ਕਹੀ ਹੈ।' ਮੈਂ ਕਿਹਾ, 'ਵਾਕਿਆ ਹੀ ਤੁਹਾਡਾ ਮਨ ਇਥੇ ਖੜਾ ਹੈ।' ਆਖਣ ਲੱਗਾ, 'ਬਿਲਕੁਲ ਠੀਕ ਹੈ।' ਜਿਹੜਾ ਗੁਰੂ ਹੁੰਦਾ ਹੈ, ਜਿਹੜਾ ਅਵਤਾਰ ਹੁੰਦਾ ਹੈ, ਉਹ ਤੇ ਦੂਜੇ ਦੇ ਦਿਲ ਦਿਮਾਗ਼ ਨੂੰ ਸ਼ਾਂਤੀ ਨਾਲ ਜਿੱਤਦਾ ਹੈ, ਗਿਆਨ ਨਾਲ ਜਿੱਤਦਾ ਹੈ, ਕੁਰਬਾਨੀ ਨਾਲ ਜਿੱਤਦਾ ਹੈ, ਪਿਆਰ ਨਾਲ ਜਿੱਤਦਾ ਹੈ,

ਤਲਵਾਰ ਨਾਲ ਨਹੀਂ, ਤੀਰ ਕਮਾਨ ਨਾਲ ਨਹੀਂ ਜਿੱਤਦਾ, ਉਹ ਬੰਦੂਕ ਨਾਲ ਗੱਲ ਨਹੀਂ ਕਰਦਾ। ਉਹ ਵਿਚਾਰ ਦੀ, ਗਿਆਨ ਦੀ, ਖਿਮਾ ਦੀ ਗੱਲ ਕਰਦਾ ਹੈ, ਆਪਣੀ ਤਰਫ਼ੋਂ ਤਾਂ ਉਹ ਸੋਚ ਰਿਹਾ ਸੀ ਕਿ ਮੈਂ ਬੜੀ ਦਲੀਲ ਨਾਲ ਗੱਲ ਕਰ ਰਿਹਾ ਹਾਂ, ਬਹੁਤ ਵੱਡੀ ਗੱਲ ਕਰ ਰਿਹਾ ਹਾਂ। ਮੈਂ ਆਖਿਆ, 'ਵਾਕਿਆ ਹੀ ਜੋ ਤੀਰ ਤਲਵਾਰ ਨਾਲ ਗੱਲ ਕਰੇ, ਉਹ ਮਹਾਂਪੁਰਸ਼ ਨਹੀਂ ਹੋ ਸਕਦਾ।' ਕਹਿਣ ਲੱਗਾ, 'ਨਹੀਂ, ਮਹਾਂਪੁਰਸ਼ ਉਹ ਹੈ ਜੋ ਗਿਆਨ ਨਾਲ ਗੱਲ ਕਰਦਾ ਹੈ, ਜੋ ਵਿਚਾਰ ਨਾਲ ਗੱਲ ਕਰਦਾ ਹੈ, ਜੋ ਸ਼ਾਂਤੀ ਨਾਲ ਅਗਲੇ ਨੂੰ ਕਾਬੂ ਵਿਚ ਕਰ ਲਵੇ।' ਉਸ ਸੱਜਣ ਨੂੰ ਮੈਂ ਆਖਿਆ, 'ਦੇਸ਼ ਦੇ ਤਮਾਮ ਮਹਾਂਪੁਰਸ਼ਾਂ ਦਾ ਮੈਂ ਸਤਿਕਾਰ ਕਰਦਾ ਹਾਂ, ਔਰ ਜਿਸ ਢੰਗ ਨਾਲ ਜ਼ਾਹਿਰੀ ਸਤਿਕਾਰ ਦੁਨੀਆ ਕਰਦੀ ਹੈ ਉਸ ਢੰਗ ਨਾਲ ਨਹੀਂ। ਮੇਰੇ ਮਨ ਵਿਚ ਬਹੁਤ ਸਤਿਕਾਰ ਹੈ।' ਉਹਨਾਂ ਮਹਾਂਪੁਰਖਾਂ ਦੀਆਂ ਕਈ ਗੱਲਾਂ ਮੈਨੂੰ ਬਹੁਤ ਹੀ ਅੱਛੀਆਂ ਲਗਦੀਆਂ ਹਨ। ਪਰ ਤੂੰ ਮੈਨੂੰ ਇਹ ਦੱਸ ਕਿ ਸ੍ਰੀ ਰਾਮ ਨੇ ਰਾਵਣ ਨੂੰ ਪਿਆਰ ਨਾਲ ਜਿਤਿਆ ਸੀ, ਖਿਮਾ ਨਾਲ ਜਿਤਿਆ ਸੀ ? ਤਲਵਾਰ ਚੁਕਣੀ ਪਈ, ਤੀਰ ਕਮਾਨ ਚੁਕਣਾ ਪਿਆ। ਹਵਾ ਜਦ ਚਲਦੀ ਏ ਤਾਂ ਦਰੱਖ਼ਤ ਝੂਲਦੇ ਨੇ, ਪੱਥਰ ਥੋੜ੍ਹੀ ਝੂਲਦੇ ਨੇ। ਗਿਆਨ ਦਾ ਅਸਰ ਕੋਮਲ ਹਿਰਦਿਆਂ 'ਤੇ ਹੁੰਦਾ ਹੈ, ਪੱਥਰ-ਦਿਲਾਂ 'ਤੇ ਨਹੀਂ ਹੁੰਦਾ। ਵਿਚਾਰ ਦਾ ਅਸਰ ਹਰ ਕਿਸੇ 'ਤੇ ਨਹੀਂ ਹੁੰਦਾ, ਬਿਲਕੁਲ ਨਹੀਂ ਹੁੰਦਾ। ਅਗਰ ਇਕ ਫੁਲ ਦੇ ਨਾਲ ਪੱਥਰ ਨੂੰ ਤੋੜਨਾ ਚਾਹੀਏ ਤਾਂ ਫੁਲ ਹੀ ਟੁੱਟੇਗਾ, ਪੱਥਰ ਨਹੀਂ ਟੁੱਟ ਸਕਦਾ। ਪੱਥਰ ਨੂੰ ਤੋੜਨ ਵਾਸਤੇ ਪੱਥਰ ਹੀ ਚੁੱਕਣਾ ਪੈਂਦਾ ਹੈ, ਨਹੀਂ ਤੇ ਗੱਲ ਨਹੀਂ ਬਣਦੀ। ਫੁਲ ਰੇਜ਼ੇ ਰੇਜ਼ੇ ਹੋ ਜਾਏਗਾ। ਖ਼ੈਰ, ਉਹਨੂੰ ਮੈਂ ਕਿਹਾ, 'ਦੱਸ, ਇਹ ਮਹਾਂਭਾਰਤ ਦਾ ਘਮਸਾਨ ਦਾ ਯੁਧ ਹੋਇਆ ਤੇ ਕੀ ਕ੍ਰਿਸ਼ਨ ਨੇ ਦੁਰਯੋਧਨ ਨੂੰ ਪਿਆਰ ਨਾਲ ਜਿਤਿਆ ਸੀ ?' ਗਿਆਨ ਨਾਲ ਜਿਤਿਆ ਸੀ ? ਕਤਈ ਨਹੀਂ, ਤਲਵਾਰ ਚੁਕਣੀ ਪਈ। ਕਹਿੰਦੇ ਨੇ, ਸਤਾਰ੍ਹਾਂ ਦਿਨ ਤਕ ਸ੍ਰੀ ਕ੍ਰਿਸ਼ਨ ਦੁਰਯੋਧਨ ਨੂੰ ਸਮਝਾਂਦੇ ਰਹੇ ਕਿ ਇਹ ਠੀਕ ਹੈ ਜੂਏ ਵਿਚ ਜੋ ਕੁਛ ਹੋ ਗਿਆ, ਹੋ ਗਿਆ ਹੈ, ਤੂੰ ਹੁਣ ਜਾਣ ਦੇ ਤੇ ਪੰਜ ਪਿੰਡ ਇਹਨਾਂ ਪਾਂਡਵਾਂ ਨੂੰ ਪੰਜਾਂ ਭਰਾਵਾਂ ਨੂੰ ਦੇ ਦੇਹ ਤੇ ਲੜਾਈ ਖ਼ਤਮ। ਇਹ ਜਿਹੜਾ ਕਲੇਸ਼ ਮੱਚਣ ਵਾਲਾ ਹੈ, ਹਜ਼ਾਰਾਂ ਬੰਦੇ ਮੌਤ ਦੇ ਘਾਟ ਉਤਰ ਜਾਣਗੇ ਤੇ ਇਹ ਐਸਾ ਸਿਲਸਿਲਾ ਨਾ ਹੋਵੇ।

ਸੋ ਸ੍ਰੀ ਕ੍ਰਿਸ਼ਨ ਸਤਾਰ੍ਹਾਂ ਦਿਨ ਸਮਝਾਂਦੇ ਰਹੇ ਔਰ ਬੜੀ ਸ਼ਾਂਤੀ ਨਾਲ ਸਮਝਾਇਆ। ਤੇ ਫਿਰ ਸਮਝਾਣ ਵਾਲਾ ਪੁਰਸ਼ ਵੀ ਉਹ ਹੋਵੇ, ਜਿਹਨੂੰ ਸਮਝਾਣ ਦਾ ਢੰਗ ਆਉਂਦਾ ਹੋਵੇ। ਇਹ ਬਹੁਤ ਵੱਡੀ ਗੱਲ ਸੀ। ਲੇਕਿਨ ਦੁਰਯੋਧਨ ਨੇ

ਕਸਮ ਚੁਕ ਲਈ ਕਿ ਕਿਤਨੀ ਵੀ ਗੱਲ ਆਖੋ, ਮੈਂ ਪੰਜ ਸੂਈਆਂ ਜਿਤਨੀ ਵੀ ਜਗ੍ਹਾ ਨਹੀਂ ਦੇਣੀ, ਤੁਸੀਂ ਪੰਜ ਪਿੰਡ ਕਹਿੰਦੇ ਹੋ। ਕੋਰਾ ਜਵਾਬ ਦੇ ਦਿੱਤਾ। ਪਹਿਲੀ ਦਫ਼ਾ ਕ੍ਰਿਸ਼ਨ ਨੂੰ ਆਪਣੇ ਵਿਚਾਰ ਬਦਲਣੇ ਪਏ, ਕਿ ਦੁਨੀਆ ਵਿਚ ਕੁਝ ਐਸੇ ਵੀ ਪੁਰਸ਼ ਨੇ ਜਿਹਨਾਂ 'ਤੇ ਵਿਚਾਰਾਂ ਦਾ ਕੋਈ ਅਸਰ ਨਹੀਂ ਹੁੰਦਾ, ਖ਼ਿਆਲਾਂ ਦਾ ਕੋਈ ਅਸਰ ਨਹੀਂ, ਪਿਆਰ ਦਾ ਕੋਈ ਅਸਰ ਨਹੀਂ, ਖਿਮਾ ਦਾ ਕੋਈ ਅਸਰ ਨਹੀਂ। ਸਾਹਮਣੇ ਤੇ ਨਹੀਂ ਆਖਿਆ, ਪਰ ਅੰਦਰੋਂ ਭਗਵਾਨ ਕ੍ਰਿਸ਼ਨ ਦੇ ਖ਼ਿਆਲ ਜ਼ਰੂਰ ਉਠਿਆ ਹੈ ਕਿ ਐ ਦੁਸ਼ਟ! ਤੂੰ ਹਥਿਆਰ ਨਾਲ ਠੀਕ ਹੋਵੇਂਗਾ, ਵਿਚਾਰ ਨਾਲ ਨਹੀਂ, ਤੇ ਸੁਦਰਸ਼ਨ ਚੱਕਰ ਚੁੱਕਣਾ ਪਿਆ। ਮਹਾਂਭਾਰਤ ਦੀ ਜੰਗ ਹੋਈ। ਮੈਂ ਇਸ ਸੱਜਣ ਨੂੰ ਆਖਿਆ ਕਿ ਜੇ ਇਹੋ ਜਿਹੀ ਗੱਲ ਸੀ ਤਾਂ ਸ੍ਰੀ ਕ੍ਰਿਸ਼ਨ ਨੇ ਪਿਆਰ ਨਾਲ ਕਿਉਂ ਨਹੀਂ ਸਮਝਾ ਲਿਆ ? ਸ਼ਾਂਤੀ ਤੇ ਖਿਮਾ ਨਾਲ ਕਿਉਂ ਨਹੀਂ ਸਮਝਾ ਲਿਆ ? ਸ਼ਸਤਰ ਕਿਉਂ ਚੁਕਿਆ। ਚੁਪ ਰਹਿ ਗਿਆ, ਬਈ ਇਥੇ ਤਕ ਵੀ ਗੱਲ ਹੋ ਸਕਦੀ ਹੈ। ਮੈਂ ਆਖਿਆ, 'ਗੱਲ ਇਹ ਵੇ ਜੇ ਤੂੰ ਦਾੜ੍ਹੀ ਨੂੰ ਹੱਥ ਪਾਏਂ ਤਾਂ ਕਿਸੇ ਹੱਦ ਤਕ ਕੰਨਾਂ ਨੂੰ ਹੱਥ ਲਵਾਣ ਦੀ ਜਾਚ ਸਾਨੂੰ ਵੀ ਆਉਂਦੀ ਹੈ, ਤੂੰ ਵੀ ਬਚ ਕੇ ਨਹੀਂ ਜਾ ਸਕਦਾ। ਇਥੇ ਹੁਣ ਨਿਰਨਾ ਕਰ ਕੇ ਜਾ। ਇਥੇ ਨਿਰਨਾ ਹੋਣਾ ਚਾਹੀਦਾ ਹੈ।' ਮੈਂ ਕਿਹਾ, 'ਗੱਲ ਸੁਣ, ਮਹਾਂਪੁਰਸ਼ ਦਾ ਮਤਲਬ ਹੈ ਕਿ ਜੇ ਪਿਆਰ ਨਾਲ ਗੱਲ ਨਾ ਬਣੇ, ਸ਼ਾਂਤੀ ਨਾਲ ਗੱਲ ਨਾ ਬਣੇ, ਤੇ ਤਲਵਾਰ ਵੀ ਚੁਕ ਲਵੇ। ਪੂਰਨ ਪੁਰਖ ਉਹੀ ਹੈ। ਪੂਰਨ ਪੁਰਖ ਉਹ ਨਹੀਂ ਜੋ ਆਖੇ, ਲੈ ਮੇਰੀ ਪੱਗ ਲਾਹ ਛੱਡ। ਤੇ ਜਦ ਤੂੰ ਮੇਰੀ ਪੱਗ ਲਾਹ੍ਵੇਂ ਤਾਂ ਮੈਂ ਕਮੀਜ਼ ਵੀ ਤੈਨੂੰ ਦੇ ਦਿਆਂਗਾ।' ਇਹੋ ਜਿਹੇ ਕਈ ਮਹਾਤਮਾ ਸਾਡੇ ਦੇਸ਼ ਵਿਚ ਹੋਏ ਨੇ ਜੋ ਅਹਿੰਸਾ ਪਰਮੋ ਧਰਮ ਦਾ ਨਾਹਰਾ ਲਗਾਂਦੇ ਰਹੇ। ਲੇਕਿਨ ਐਸਾ ਨਾਹਰਾ ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਨੇ ਨਹੀਂ ਲਾਇਆ। ਅਰ ਗੁਰੂ ਗੋਬਿੰਦ ਸਿੰਘ ਕਹਿੰਦੇ ਹਨ :

**ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ੱਸ਼ਤ ॥**
**ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰਿ ਦਸਤ ॥**

ਜਦ ਪਿਆਰ ਨਾਲ ਗੱਲ ਨਾ ਬਣੇ, ਖਿਮਾ ਨਾਲ ਗੱਲ ਨਾ ਬਣੇ, ਮਹਾਰਾਜ ਕਹਿੰਦੇ ਨੇ, ਉਸ ਵਕਤ ਤਲਵਾਰ ਚੁਕ ਲੈਣਾ ਵੀ ਇਕ ਮਾਲਾ ਹੀ ਚੁਕਣਾ ਹੈ। ਇਹ ਵੀ ਧਰਮ ਦੀ ਹੀ ਇਕ ਖੇਡ ਹੈ, ਇਹ ਵੀ ਇਕ ਰੱਬੀ ਬੰਦਗੀ ਹੀ ਸਮਝ ਲਵੋ ਤਲਵਾਰ ਚੁਕਣਾ। ਹੁਣ ਜ਼ਫ਼ਰਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਆਪ ਕਹਿੰਦੇ ਨੇ :

**ਬਲਾਚਾਰਗੀ ਦਰਮਿਆਂ ਆਮਦਮ ॥**

ਐ ਔਰੰਗਜ਼ੇਬ! ਤੂੰ ਮੈਨੂੰ ਇਤਨਾ ਲਾਚਾਰ ਕਰ ਦਿੱਤਾ ਹੈ ਕਿ ਮੈਂ ਮਾਲਾ ਫੇਰਨ ਵਾਲਾ ਹੇਮਕੁੰਟ ਦਾ ਤਪੱਸਵੀ, ਮੈਨੂੰ ਤਲਵਾਰ ਚੁਕਣੀ ਪਈ।

**ਬਲਾਚਾਰਗੀ ਦਰਮਿਆਂ ਆਮਦਮ॥**
**ਬਾ-ਤਦਬੀਰੋ, ਤੀਰੋ ਤੁਫ਼ੰਗ ਆਮਦਮ॥**

ਮਜਬੂਰ ਹੋ ਕੇ ਅੱਜ ਮੈਂ ਇਹ ਤਲਵਾਰ ਚੁਕ ਲਈ ਹੈ, ਤੀਰ ਕਮਾਨ ਚੁਕ ਲਿਆ ਹੈ। ਪਰ ਤੂੰ ਮੈਨੂੰ ਮਜਬੂਰ ਕੀਤਾ ਹੈ। ਜੇ ਤੂੰ ਪਿਆਰ ਨਾਲ ਮੰਨ ਜਾਂਦਾ ਤੇ ਇਥੋਂ ਤਕ ਨੌਬਤ ਨਾ ਪਹੁੰਚਦੀ। ਲੇਕਿਨ ਇਹ ਨਾ ਸਮਝ ਕਿ, ਅਗਰ ਇਕ ਬੰਦੇ ਉਤੇ ਵੀਚਾਰ ਦਾ ਅਸਰ ਨਹੀਂ ਹੋਇਆ ਤੇ ਮੈਂ ਤਲਵਾਰ ਨਹੀਂ ਚੁਕਾਂਗਾ। ਇਹ ਮੇਰਾ ਧਰਮ ਹੈ। ਮੈਂ ਇਹਨੂੰ ਬੰਦਗੀ ਸਮਝਦਾ ਹਾਂ।

ਤੇ ਮੈਂ ਉਸ ਸੱਜਣ ਸਾਹਮਣੇ ਚੰਦ ਵੀਚਾਰਾਂ ਤੁਲਸੀ ਰਾਮਾਇਣ ਦੀਆਂ ਹੋਰ ਰਖੀਆਂ, ਤੇ ਉਸ ਦੀਆਂ ਅੱਖਾਂ ਭਰ ਆਈਆਂ। ਮਹਾਤਮਾ ਤੁਲਸੀ ਨੇ ਰਾਮਾਇਣ ਅੰਦਰ ਇਕ ਦੋਹਰਾ ਬੜਾ ਗ਼ਜ਼ਬ ਦਾ ਲਿਖਿਆ ਹੈ। ਇਕ ਬਾਲੀ ਸੁਗ੍ਰੀਵ ਦਾ ਭਰਾ। ਇਹਨੇ ਸੁਗ੍ਰੀਵ ਦੀ ਪਤਨੀ, ਛੋਟੇ ਭਰਾ ਦੀ ਪਤਨੀ ਜ਼ਬਰਦਸਤੀ ਆਪਣੇ ਕੋਲ ਰੱਖ ਲਈ। ਇਤਿਹਾਸ ਐਸਾ ਕਹਿੰਦਾ ਹੈ। ਤੇ ਸੁਗ੍ਰੀਵ ਵਿਚਾਰਾ ਇਕ ਤੇ ਉਂਜ ਕਮਜ਼ੋਰ ਤੇ ਨਾਲੇ ਛੋਟਾ ਸੀ। ਜਿਹਨੇ ਸ੍ਰੀ ਰਾਮ ਦੇ ਅਗੇ ਜਾ ਕੇ ਫ਼ਰਿਆਦ ਕੀਤੀ ਕਿ ਮੇਰੇ ਨਾਲ ਜ਼ੁਲਮ ਹੋਇਆ ਹੈ, ਔਰ ਵੱਡੇ ਭਰਾ ਨੇ ਕੀਤਾ ਹੈ। ਕਹਿੰਦੇ ਨੇ ਰਾਮ ਨੂੰ ਗੁੱਸਾ ਚੜ੍ਹਿਆ, ਕੁਦਰਤੀ ਗੱਲ ਹੈ। ਬਾਲੀ ਜ਼ਾਲਮ ਹੈ, ਸੁਗ੍ਰੀਵ ਮਜ਼ਲੂਮ ਹੈ ਸੀ। ਮਜ਼ਲੂਮ ਦਾ ਪੱਖ ਲੈਣਾ ਸੀ, ਮਹਾਂਪੁਰਖ ਨੇ। ਇਸੇ ਵਾਸਤੇ ਮਹਾਂਪੁਰਖਾਂ ਨੂੰ ਗ਼ਰੀਬ ਨਿਵਾਜ ਆਖਿਆ ਜਾਂਦਾ ਹੈ, ਅਮੀਰ ਨਿਵਾਜ ਨਹੀਂ। ਗ਼ਰੀਬ ਨਿਵਾਜ ਦਾ ਇਤਨਾ ਹੀ ਅਰਥ ਹੈ ਕਿ ਮਜ਼ਲੂਮ ਦਾ ਪੱਖ ਲੈਣਾ, ਗ਼ਰੀਬ ਦਾ ਪੱਖ ਲੈਣਾ। ਦੁਰਯੋਧਨ ਦੇ ਮਹਿਲਾਂ ਵਿਚ ਨਹੀਂ ਠਹਿਰਨਾ, ਬਿਦਰ ਦੀ ਝੁੱਗੀ 'ਚ ਰਾਤ ਕਟਣੀ। ਮਲਕ ਭਾਗੋ ਦੇ ਘਰ ਨਹੀਂ ਠਹਿਰਨਾ, ਲਾਲੋ ਦੀ ਝੁੱਗੀ ਨੂੰ ਭਾਗ ਲਾਣਾ ਹੈ। ਬਹੁਤ ਵੱਡੀ ਗੱਲ ਹੈ। ਮਹਾਂ ਪੁਰਖ ਹਮੇਸ਼ਾ ਨਿਮਾਣੇ ਨੂੰ ਮਾਣ ਬਖ਼ਸ਼ਦੇ ਸਨ। ਤੇ ਰਾਮ ਨੇ ਪੱਖ ਲਿਆ ਹੈ ਸੁਗ੍ਰੀਵ ਦਾ। ਦਰੱਖਤਾਂ ਦੀ ਓਟ ਵਿਚ ਛੁਪ ਕੇ ਬਾਣ ਮਾਰਿਆ ਹੈ ਬਾਲੀ ਨੂੰ। ਤੇ ਬਾਲੀ ਤੜਫ ਕੇ ਭੁੰਜੇ ਡਿਗਿਆ ਹੈ। ਲੇਕਿਨ ਤੜਫਦਾ ਹੋਇਆ ਇਸ ਨੇ ਵੇਖ ਲਿਆ ਹੈ ਕਿ ਮੈਨੂੰ ਮਾਰਨ ਵਾਲਾ ਕੌਣ ਹੈ। ਆਵਾਜ਼ ਮਾਰੀ, ਐ ਰਾਮ, ਛੁਪਣ ਦੀ ਲੋੜ ਨਹੀਂ, (ਦਰੱਖ਼ਤਾਂ ਦੀ ਓਟ ਵਿਚ ਛੁਪ ਕੇ ਮਾਰਿਆ ਸੀ) ਮੈਨੂੰ ਜਿਸ ਨੇ ਮਾਰਿਆ ਹੈ

ਮੈਂ ਵੇਖ ਲਿਆ ਹੈ। ਤੋ ਰਾਮ ਸਾਹਮਣੇ ਆਏ। ਪਤਾ ਹੈ ਬਾਲੀ ਕੀ ਆਖਦਾ ਹੈ, ਭਗਵਾਨ, ਬੜਾ ਜ਼ੁਲਮ ਕੀਤਾ ਹੈ। ਬੰਦਾ ਮਾਰ ਛਡਿਆ ਹੈ ਤੁਸੀਂ! ਮੈਂ ਮਨੁੱਖ ਨੂੰ ਮਾਰ ਛਡਿਆ ਹੈ। ਰਾਮ ਕਹਿੰਦੇ, ਨਹੀਂ ਤੈਨੂੰ ਮਾਰ ਕੇ ਪੁੰਨ ਖਟਿਆ ਹੈ। ਤੈਨੂੰ ਮਾਰ ਕੇ ਧਰਮ ਦਾ ਕੰਮ ਕੀਤਾ ਹੈ। ਤੈਨੂੰ ਮਾਰ ਕੇ ਸਵਾਬ ਖਟਿਆ ਹੈ! ਤੋ ਬਾਲੀ ਕਹਿੰਦਾ, ਕੀ ਬੰਦੇ ਨੂੰ ਮਾਰਨਾ ਪੁੰਨ ਹੈ? ਰਾਮ ਕਹਿੰਦੇ ਨਹੀਂ, ਬੰਦੇ ਨੂੰ ਮਾਰਨਾ ਪਾਪ ਹੈ, ਪਰ ਤੇਰੇ ਵਰਗੇ ਬੰਦੇ ਨੂੰ ਮਾਰਨਾ ਧਰਮ ਹੈ। ਕਿਉਂ? ਗੱਲ ਨੂੰ ਖੋਲ੍ਹਿਆ ਹੈ, ਮਹਾਤਮਾ ਤੁਲਸੀ ਨੇ:

**ਅਨੁਜ ਬਧੂ, ਭਗਨੀ, ਸੁਤ ਨਾਰੀ॥**
**ਹੇ ਸਠ ਯਹ ਕੰਨਿਆ ਸਮਚਾਰੀ॥**

ਨੂੰਹ, ਛੋਟੇ ਭਰਾ ਦੀ ਇਸਤ੍ਰੀ ਤੇ ਭੈਣ, ਇਹਨਾਂ ਨੂੰ ਕੰਨਿਆ ਦੇ ਸਮਾਨ ਸਮਝਣਾ ਚਾਹੀਦਾ ਹੈ। ਰਾਮ ਕਹਿ ਰਹੇ ਹਨ ਬਾਲੀ ਨੂੰ ਤੇ ਲਿਖਤ ਹੈ ਮਹਾਤਮਾ ਤੁਲਸੀ ਦਾਸ ਦੀ:

**ਤਾਹਿ ਕੋ ਦ੍ਰਿਸ਼ਟ ਬਿਲੋਕੈ ਜੋਈ॥**
**ਤਾਇ ਬਧੇ ਕਛੁ ਪਾਪ ਨਾ ਹੋਈ॥**

ਜਿਹੜਾ ਇਹਨਾਂ ਨੂੰ ਭੈੜੀ ਨਿਗ੍ਹਾ ਨਾਲ ਵੇਖੇ, ਰਾਮ ਕਹਿੰਦੇ ਨੇ, ਜੇ ਮੈਂ ਕਤਲ ਕਰ ਦਿਆਂ ਤੇ ਮੈਂ ਉਸ ਨੂੰ ਮਾਰ ਦਿਆਂ ਤੋ ਕੋਈ ਪਾਪ ਨਹੀਂ। 'ਤਾਇ ਬਧੇ ਕਛੁ ਪਾਪ ਨਾ ਹੋਈ' ਐਸੇ ਦੁਸ਼ਟ ਨੂੰ ਮਾਰ ਦੇਣਾ ਕੋਈ ਪਾਪ ਨਹੀਂ, ਸਵਾਬ ਹੈ। ਤੇ ਮੈਂ ਉਸ ਸੱਜਣ ਨੂੰ ਕਿਹਾ ਕਿ ਬਈ ਵੇਖ ਵੱਡੇ ਭਰਾ ਦੀ ਇਸਤ੍ਰੀ ਨੂੰ ਰੱਖ ਲਿਆ ਤੇ ਰਾਮ ਨੇ ਮਾਰ ਛਡਿਆ ਹੈ। ਉਸ ਨੂੰ ਤੇ ਰਾਮ ਕਹਿੰਦੇ ਨੇ, ਪੁੰਨ ਦਾ ਕੰਮ ਕੀਤਾ ਹੈ ਤੇ ਜੇਕਰ ਹਿੰਦੁਸਤਾਨ ਦੀਆਂ ਬਹੂ ਬੇਟੀਆਂ ਟਕੇ ਟਕੇ ਵਿਚ ਗ਼ਜ਼ਨੀ ਵਿਕਦੀਆਂ ਸਨ ਤੇ ਗੁਰੂ ਗੋਬਿੰਦ ਸਿੰਘ ਨੇ ਤਲਵਾਰ ਚੁਕ ਲਈ ਤਾਂ ਉਹ ਤੁਹਾਡੀ ਦ੍ਰਿਸ਼ਟੀ 'ਚ ਗੁਰੂ ਨਹੀਂ, ਅਵਤਾਰ ਨਹੀਂ। ਤੁਹਾਨੂੰ ਕਿੰਤੂ ਜਾਗਦੀ ਹੈ ਕਿ ਗੁਰੂ ਕੀ ਤੇ ਤਲਵਾਰ ਕੀ? ਗੁਰੂ ਨੇ ਸ਼ਸਤਰ ਕਿਉਂ ਚੁਕਿਆ? ਪੁਰਖਾ, ਜੇ ਗੁਰੂ ਨੇ ਓਦੋਂ ਸ਼ਸਤਰ ਨਾ ਚੁਕਿਆ ਹੁੰਦਾ ਤਾਂ ਸ਼ਾਇਦ ਤੁਹਾਨੂੰ ਅੱਜ ਇਹ ਵੀ ਪਤਾ ਨਾ ਹੁੰਦਾ, ਕਿ ਦੇਸ਼ ਦੀ ਸੰਸਕ੍ਰਿਤੀ ਕੀ ਹੈ, ਰਾਮ ਕੀ ਹੈ ਤੇ ਕ੍ਰਿਸ਼ਨ ਕੀ ਹੈ? ਭਾਈ ਸਾਹਿਬ ਭਾਈ ਸੰਤੋਖ ਸਿੰਘ ਨੇ ਬੜਾ ਸੁਹਣਾ ਲਿਖਿਆ ਹੈ:

**ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ,**
**ਰੀਤ ਮਿਟ ਜਾਤੀ, ਕਥਾ ਬੇਦਨ ਪੁਰਾਣ ਕੀ।**

ਸ੍ਰੀ ਗੁਰੂ ਗੋਬਿੰਦ ਸਿੰਘ, ਪਾਵਨ ਪਰਮ ਸੂਰ,
ਮੂਰਤ ਨਾ ਹੋਤੀ ਜਉ ਪੈ ਕਰੁਨਾ ਨਿਧਾਨ ਕੀ।

"ਐਸੀ ਬਖ਼ਸ਼ਸ਼ ਭਰੀ ਮੂਰਤੀ ਜੇ ਨਾ ਹੁੰਦੀ ਤਾਂ ਪਤਾ ਨਹੀਂ ਦੇਸ਼ ਦੀ ਕੀ ਹਾਲਤ ਹੋਣੀ ਸੀ। ਦੇਸ਼ ਦੀ ਸੰਸਕ੍ਰਿਤੀ ਦਾ ਕੀ ਹੋਣਾ ਸੀ।"

ਗੱਲ ਜਿਹੜੀ ਮੈਂ ਇਥੋਂ ਆਰੰਭ ਕੀਤੀ ਸੀ ਕਿ ਇਕ ਮੁਕੰਮਲ ਪੁਰਸ਼ ਸਾਜਨ ਦੀ ਕੋਸ਼ਿਸ਼ ਇਕ ਮੁਕੰਮਲ ਪੁਰਸ਼ ਨੇ ਕੀਤੀ। ਕਿਉਂਕਿ ਪੂਰਨ ਪੁਰਸ਼ ਹੀ ਕਿਸੇ ਨੂੰ ਪੂਰਨ ਬਣਾ ਸਕਦਾ ਹੈ, ਮੁਕੰਮਲ ਬਣਾ ਸਕਦਾ ਹੈ। ਲਾਲਾ ਦੌਲਤ ਰਾਏ ਕਹਿੰਦੇ ਨੇ, ਮੈਂ ਇਹ ਦੇਖਦਾ ਹਾਂ ਕਾਇਨਾਤ ਦੇ ਅੰਦਰ ਅਗਰ ਕੋਈ ਪੂਰਨ ਮਨੁਖ ਹੈ ਤਾਂ ਉਹ ਹੈ ਗੁਰੂ ਗੋਬਿੰਦ ਸਿੰਘ। ਉਹ ਐਸਾ ਨਹੀਂ ਕਿ ਭਜਨ ਬੰਦਗੀ ਕਰਦੇ ਨੇ। ਤਲਵਾਰ ਵੀ ਚੁਕਦੇ ਨੇ। ਇਕ ਰਾਜਾ ਤੇ ਹੈ ਪਰ ਭਿਖਾਰੀ ਨਹੀਂ ਹੈ। ਉਹਦੇ ਅੰਦਰ ਮਾਂਗਤ ਭਾਵ ਨਹੀਂ ਕੁਛ ਗੁਣਾਂ ਦੀ ਮੰਗ ਵੀ ਕਰਨੀ ਹੈ। ਪਰ ਮੰਗਤਾ ਤੇ ਹੈ, ਬਾਦਸ਼ਾਹ ਨਹੀਂ ਹੈ। ਦੌਲਤ ਰਾਏ ਕਹਿੰਦੇ ਨੇ ਉਹ ਐਸਾ ਮਨੁੱਖ ਹੈ ਜੋ ਬਾਦਸ਼ਾਹ ਵੀ ਹੈ, ਦਰਵੇਸ਼ ਵੀ ਹੈ। ਸੂਰਮਾ ਵੀ ਹੈ, ਭਗਤ ਵੀ ਹੈ। ਗਿਆਨੀ ਵੀ ਹੈ, ਪੰਡਿਤ ਵੀ ਹੈ। ਐਸਾ ਅਗਰ ਕੋਈ ਮਹਾਨ ਪੂਰਨ ਮਨੁੱਖ ਹੈ ਤੇ ਗੁਰੂ ਗੋਬਿੰਦ ਸਿੰਘ ਨੇ। ਅਤੇ ਉਸ ਪੂਰਨ ਮਨੁੱਖ ਨੇ ਪੂਰਨ ਮਨੁੱਖਾਂ ਨੂੰ ਸਾਜਿਆ। ਇਹ ਖਾਲਸਾ ਪੂਰਨ ਮਨੁੱਖ ਹੈ। ਇਸ ਆਪਣੀ ਪੂਰਨਤਾ ਨੂੰ ਕਾਇਮ ਰੱਖਣਾ ਹੈ। ਜੇ ਕਿਧਰੇ ਛੱਤ ਟੁੱਟਣ ਲੱਗੀ ਏ ਤਾਂ ਨਵੀਂ ਪਾ ਦੇਣਾ ਕੋਈ ਹਰਜ਼ ਨਹੀਂ, ਜੇ ਕਿਧਰੇ ਦੀਵਾਰਾਂ ਕਮਜ਼ੋਰ ਹੋ ਗਈਆਂ ਨੇ ਤਾਂ ਪੁਖ਼ਤਾ ਕਰਨ ਦੀ ਕੋਸ਼ਿਸ਼ ਕਰਨੀ। ਜੇ ਕਿਧਰੇ ਬਿਲਡਿੰਗ ਤੋਂ ਪਲੱਸਤਰ ਉਤਰ ਗਿਆ ਹੈ ਤਾਂ ਇਹਦੇ 'ਤੇ ਪਲੱਸਤਰ ਕੀਤਾ ਜਾ ਸਕਦਾ ਹੈ। ਸੋ ਜੇ ਕਿਸੇ ਕਾਰਨ ਕਰਕੇ ਇਹ ਗੁਰਸਿੱਖੀ ਦੀ ਮੁਹਰ ਮੱਧਮ ਪੈ ਗਈ ਹੈ, ਕੋਈ ਗੱਲ ਨਹੀਂ, ਗੁਰੂ ਬੜਾ ਬਖ਼ਸ਼ਿੰਦ ਹੈ ਫਿਰ ਲਾ ਛੱਡਦਾ ਹੈ, ਗੁਰੂ ਦਾ ਬਣ ਕੇ ਤਾਂ ਵੇਖ। ਅਗਰ ਕਿਸੇ ਥਾਂ ਕੋਈ ਕਮੀ ਆ ਗਈ ਹੈ ਤਾਂ ਫਿਰ ਆਪਣੇ ਆਪ ਨੂੰ ਮੁਕੰਮਲ ਕੀਤਾ ਜਾ ਸਕਦਾ ਹੈ, ਪੂਰਨ ਕੀਤਾ ਜਾ ਸਕਦਾ ਹੈ। ਇਤਨੀ ਅਰਜ਼ ਹੋਰ ਕਰ ਦਿਆਂ ਜੇ ਕਿਸੇ ਬੰਦੇ ਨੇ ਕੇਸ ਲਾਹ ਦਿੱਤੇ ਹਨ ਤੇ ਸਿੱਖ ਰਹਿਤ ਮਰਯਾਦਾ ਦੇ ਖਰੜੇ 'ਚ ਉਹਨੂੰ ਪਤਿਤ ਆਖਿਆ ਜਾਂਦਾ ਹੈ ਤਾਂ ਭੁਲੇਖੇ 'ਚ ਨਾ ਪੈਣਾ, ਜੇ ਕੜਾ ਲਾਹ ਦਿੱਤਾ ਹੈ, ਕ੍ਰਿਪਾਨ ਲਾਹ ਦਿੱਤੀ ਹੈ ਤੇ ਸਿੱਖ ਅਧੂਰਾ ਹੋ ਗਿਆ। ਅਧੂਰਾਪਨ ਆ ਗਿਆ। ਸਾਹਿਬ ਗੁਰੂ ਗੋਬਿੰਦ ਸਿੰਘ ਕਿਰਪਾ ਕਰਨ, ਮੇਹਰ ਕਰਨ, ਉਹ ਪੂਰਨ ਮਨੁੱਖ ਨੇ, ਬਖ਼ਸ਼ਿਸ਼ ਕਰਨ, ਤਾਕਿ ਸਰੂਪ ਬਣਿਆ ਰਹੇ।

ISBN 81-7205-79-8